# ONE YEAR DIPLOMA IN SIKH THEOLOGY

## SEMESTER-II

## COURSE: THEOLOGY AND SIKH THEOLOGY: NATURE AND SCOPE

## UNIT-1 PLURALISM

**STRUCTURE**

1.0 ਉਦੇਸ਼

1.1 ਪ੍ਰਸਤਾਵਨਾ

1.2 ਧਾਰਮਿਕ ਬਹੁਲਤਾਵਾਦ: ਅਰਥ ਅਤੇ ਪਰਿਭਾਸ਼ਾਵਾਂ

1.3 ਸਿਖ ਧਰਮ ਵਿਚ ਧਾਰਮਿਕ ਬਹੁਲਤਾ

1.4 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਲਤਾ ਦੇ ਵੱਖ-ਵੱਖ ਸਰੋਕਾਰ

1.5 ਸਿਖ ਧਰਮ ਵਿਚ ਬਹੁਲਤਾ: ਸਿਧਾਂਤਕ ਪੱਖ

1.6 ਸਿਖ ਧਰਮ ਵਿਚ ਬਹੁਲਤਾ: ਇਤਿਹਾਸਕ/ਪਰੰਪਰਾਗਤ ਪੱਖ

1.7 ਧਾਰਮਿਕ ਅਨੇਕਵਾਦ/ਬਹੁਲਤਾਵਾਦ ਦੀ ਸਮੱਸਿਆ ਅਤੇ ਅੰਤਰ ਧਰਮ ਸੰਵਾਦ

1.8 ਸਾਰ

1.9 ਹਵਾਲਾ ਕਿਤਾਬਾਂ

1.10 ਹੋਰ ਪੜਣ ਲਈ ਪੁਸਤਕਾਂ

### 1.0 ਉਦੇਸ਼

ਧਰਮ ਦਾ ਸੰਬੰਧ ਮਨੁੱਖ ਦੇ ਅੰਤਿਮ ਉਦੇਸ਼ ਨਾਲ ਹੈ। ਇਹ ਮਨੁੱਖ ਜਾਤੀ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਸਾਬਿਤ ਹੋਇਆ ਹੈ। ਪਰਮਉੱਚ (Ultimate Reality) ਦੇ ਅਨੁਭਵ ਦੇ ਪ੍ਰਗਟਾਵੇ (Manifestation of Revelation) ਦੇ ਬਹੁ-ਅਰਥੀ ਤੇ ਬਹੁ-ਪਰਤੀ ਹੋਣ ਕਰਕੇ, ਵਿਸ਼ਵ ਦੀਆਂ ਸਭਿਅਤਾਵਾਂ ਵਿਚ ਵਿਭਿੰਨ ਤਰਾਂ ਦੀਆਂ ਧਾਰਮਿਕ ਪਰੰਪਰਾਵਾਂ ਹੋਂਦ ਵਿਚ ਆਈਆਂ ਹਨ। ਧਰਮ ਦਾ ਉਦੇਸ਼ ਮਨੁੱਖ ਨੂੰ ਵਿਸ਼ਵ ਸਦੀਵੀ ਸ਼ਾਂਤੀ ਪ੍ਰਦਾਨ ਕਰਨਾ ਹੈ। ਪਰ ਵੱਖ-ਵੱਖ ਧਰਮਾਂ ਵਿਚਲੀ ਖਿੱਚੋਤਾਣ ਕਰਕੇ, ਕਈ ਵਾਰ ਵਾਪਰਦਾ ਇਸਦੇ ਉਲਟ ਹੈ, ਜਿਹੜਾ ਮਨੁੱਖੀ ਸਭਿਅਤਾ ਲਈ ਘਾਤਕ ਸਿੱਧ ਹੁੰਦਾ ਹੈ। ਅਜਿਹਾ ਧਾਰਮਿਕ ਰੀਤਾਂ/ਵਿਸ਼ਵਾਸਾਂ ਦੇ ਵਖਰੇਵਿਆਂ ਕਾਰਨ ਆਪਸੀ ਵੈਰ ਦੀ ਭਾਵਨਾ ਆਉਣ ਕਰਕੇ ਵਾਪਰਦਾ ਹੈ। ਧਾਰਮਿਕ ਬਹੁਲਤਾਵਾਦ ਸਾਰੇ ਧਰਮਾਂ ਦੀਆਂ ਰਵਾਇਤਾਂ ਅਤੇ ਮਾਨਤਾਵਾਂ ਨੂੰ ਸਾਂਝੀ ਥਾਂ ਦਿੰਦਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਜਦੋਂ ਕਿ ਕੋਈ ਵੀ ਮਾਨਵੀ ਸਭਿਅਤਾ ਆਪਣੇ ਆਪ ਨੂੰ ਦੂਜਿਆਂ ਤੋਂ ਵੱਖ ਕਰਕੇ ਨਹੀਂ ਰੱਖ ਸਕਦੀ, ਅਜਿਹੇ ਵਿਚ ਧਾਰਮਿਕ ਬਹੁਲਤਾਵਾਦ ਨੂੰ ਸਮਝਣਾ ਹੋਰ ਵੀ ਜਰੂਰੀ ਹੋ ਜਾਂਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਧਾਰਮਿਕ ਬਹੁਲਤਾਵਾਦ ਦੇ ਸੰਕਲਪ ਤੋਂ ਜਾਣੂ ਕਰਵਾਉਣਾ ਹੈ ਅਤੇ ਸਿਖ ਧਰਮ ਦੇ ਬਹੁਲਤਾਵਾਦੀ ਸਿਧਾਂਤ ਨੂੰ ਪੇਸ਼ ਕਰਨਾ ਹੈ।

### 1.1 ਪ੍ਰਸਤਾਵਨਾ

ਵਿਸ਼ਵੀਕਰਨ ਨੇ ਮਨੁੱਖ ਜਾਤੀ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਹੈ। ਕੋਈ ਵੀ ਇਕ ਜਾਤ, ਧਰਮ ਜਾਂ ਸਮੁਦਾਇ ਦੇ ਲੋਕ ਇਕ ਥਾਂ ਸੰਗੋੜੇ ਨਹੀਂ ਜਾ ਸਕਦੇ। ਰੁਜਗਾਰ ਅਤੇ ਕਲਾ ਕੌਸ਼ਲਤਾ ਦੇ ਵਿਭਿੰਨ ਵਸੀਲਿਆਂ ਨੇ ਮਨੁੱਖ ਨੂੰ ਧਰਤੀ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚਾ ਦਿੱਤਾ ਹੈ। ਅਜਿਹੇ ਵਿਚ ਦੂਜੇ ਦੇ ਧਰਮ, ਧਾਰਮਿਕ ਵਿਸ਼ਵਾਸਾਂ ਨੂੰ ਜਾਣ ਲੈਣਾ ਬਹੁਤ ਜਰੂਰੀ ਹੋ ਗਿਆ ਹੈ। ਪੱਛਮੀ ਵਿਦਵਾਨ 'ਮੈਕਸ-ਮੂਲਰ' ਦੇ ਕਥਨ ਅਨੁਸਾਰ ਜਿਹੜਾ ਵਿਅਕਤੀ ਸਿਰਫ ਆਪਣੇ ਧਰਮ ਨੂੰ ਜਾਣਦਾ ਹੈ, ਸਮਝੋ ਉਹ ਧਰਮ ਨੂੰ ਨਹੀਂ ਜਾਣਦਾ। ਦੂਜੇ ਨੂੰ ਜਾਣਨਾ ਵੀ ਉਨ੍ਹਾਂ ਹੀ ਜਰੂਰੀ ਹੋ ਗਿਆ ਹੈ। ਧਾਰਮਿਕ ਬਹੁਲਵਾਦ ਇਕ ਵਿੱਥ (Space)ਦਿੰਦਾ ਹੈ, ਜਿਸ ਥਾਂ ਤੋਂ ਦੂਜੇ ਨੂੰ ਸਮਝਿਆ ਅਤੇ ਸੰਵਾਦ ਰਚਾਇਆ ਜਾ ਸਕਦਾ ਹੈ। ਧਾਰਮਿਕ ਬਹੁਲਤਾਵਾਦ ਅਸਹਿਨਸ਼ੀਲਤਾ ਨੂੰ ਖਤਮ ਕਰਦਾ ਹੈ ਅਤੇ ਧਰਮ ਆਧਾਰਿਤ ਦੰਗਿਆਂ, ਫਸਾਦਾਂ ਨੂੰ ਖਤਮ ਕਰਨ ਵੱਲ ਰੁਚਿਤ ਹੈ। ਇਹ ਵੱਧ ਗਿਣਤੀ ਸਮੂਹਾਂ ਵਿਚ ਘੱਟ ਗਿਣਤੀ ਧਰਮ ਦੀ ਪਛਾਣ ਨੂੰ, ਨਾਲ ਲੈ ਕੇ ਚੱਲਣ ਲਈ ਤਤਪਰ ਰਹਿੰਦਾ ਹੈ। ਇਹ ਜੀਵ-ਵਿਭਿੰਨਤਾ ਵਾਂਗ ਧਰਮ-ਵਿਭਿੰਨਤਾ ਦਾ ਮੁੱਦਈ ਹੈ। ਭਾਰਤੀ ਸਮਾਜ ਵਿਚ ਇਹ ਵਿਹਾਰਕ ਰੂਪ ਵਿਚ ਸਦੀਆਂ ਤੋਂ ਚਲਿਆ ਆ ਰਿਹਾ ਹੈ। ਗੁਰਬਾਣੀ ਇਸਦੀ ਪੁਖਤਾ ਮਿਸਾਲ ਹੈ, ਪਰ ਅਕਾਦਮਿਕ ਰੂਪ ਰਾਹੀਂ ਪ੍ਰਬੰਧ ਰੂਪ ਵਿਚ ਆਉਂਣ ਦੇ, ਇਹ ਆਪਣੇ ਮੁਢਲੇ ਪੜਾਅ ਉਪਰ ਹੀ ਹੈ।

### 1.2 ਧਾਰਮਿਕ ਬਹੁਲਤਾਵਾਦ: ਅਰਥ ਅਤੇ ਪਰਿਭਾਸ਼ਾਵਾਂ

'ਬਹੁ' ਇਕ ਤੋਂ ਜਿਆਦਾ ਦੇ ਅਰਥਾਂ ਦਾ ਲਖਾਇਕ ਹੈ। ਬਹੁਲਤਾਵਾਦ ਦੇ ਵੱਖ-ਵੱਖ ਸਰੋਕਾਰ ਹਨ। ਇਸਨੂੰ ਮੁੱਖ ਰਾਜਨੀਤੀ, ਫਲਸਫਾ ਅਤੇ ਧਰਮ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਬਹੁਲਤਾਵਾਦ ਦੀ ਤਰਾਂ ਕੁਝ ਹੋਰ

ਅਨੁਸ਼ਾਸ਼ਨ ਵੀ ਕਾਰਜਸ਼ੀਲ ਹਨ। ਜਿਵੇਂ: ਵਿਭਿੰਨਤਾ(Diversity), ਬਹੁ-ਸਭਿਆਚਾਰਵਾਦ(Mul-Culturalism), ਅੰਤਰ-ਸਭਿਆਚਾਰਵਾਦ(Cross-Culturalism), ਅਨੇਕਤਾਵਾਦ, ਬਹੁ-ਨਸਲਵਾਦ (Multiracialism) ਆਦਿ। ਬਹੁਲਵਾਦ ਇਹ ਮੰਨਦਾ ਹੈ ਕਿ ਵੰਨ-ਸੁਵੰਨਤਾ ਸਮਾਜ ਲਈ ਲਾਭਕਾਰੀ ਹੈ। 20ਵੀਂ ਸਦੀ ਦੀ ਸ਼ੁਰੂਆਤ ਦੌਰਾਨ ਇੰਗਲੈਂਡ ਵਿੱਚ ਬਹੁਲਤਾ ਉੱਤੇ ਬਹੁਤ ਜ਼ੋਰ ਦਿੱਤਾ ਗਿਆ।

ਧਾਰਮਿਕ ਬਹੁਵਾਦ ਇਸ ਧਾਰਨਾ ਉੱਪਰ ਜ਼ੋਰ ਦਿੰਦਾ ਹੈ ਕਿ ਵਿਸ਼ਵ ਧਾਰਮਿਕ ਪਰੰਪਰਾਵਾਂ ਵਿਚ ਕੋਈ ਇਕ ਧਰਮ ਵਸ਼ਿਸ਼ਟ ਜਾਂ ਖਾਸ ਨਹੀਂ। ਧਾਰਮਿਕ ਬਹੁਲਤਾ ਵਿਸ਼ਵ ਦੀ ਧਾਰਮਿਕ ਵਿਭਿੰਨਤਾ ਨੂੰ ਪ੍ਰਤੀਪਾਦਿਤ ਕਰਦਾ ਹੈ। ਧਾਰਮਿਕ ਬਹੁਲਤਾਵਾਦ ਵਿਸ਼ਵ ਵਿਚ ਸ਼ਾਂਤੀ ਸਥਾਪਤ ਕਰਨ ਲਈ ਸਾਰਥਕ ਕਾਰਕ ਹੈ। ਧਾਰਮਿਕ ਬਹੁਲਤਾ ਨੂੰ ਸਮਝਣ ਲਈ ਡਾ. ਦਰਸ਼ਨ ਸਿੰਘ ਦੀ ਇਹ ਧਾਰਣਾ ਨੂੰ ਸਮਝਣਾ ਹੋਵੇਗਾ ਕਿ ''ਹੁਣ ਨਾ ਕੋਈ ਧਰਮ ਇਕ ਦੂਜੇ ਤੋਂ ਸੁਤੰਤਰ ਰੂਪ ਵਿਚ ਰਹਿ ਸਕਦੇ ਹਨ ਅਤੇ ਨਾ ਹੀ ਧਾਰਮਿਕ ਵਿਸ਼ਵਾਸ ਅਤੇ ਅਮਲ ਇੱਕ ਦੂਜੇ ਤੋਂ ਅਭਿੱਜ। ਮਨੁੱਖ ਨੇ ਇਹ ਯਤਨ ਦੀ ਨਿਰਾਰਥਕਤਾ ਵੀ ਦੇਖ ਲਈ ਹੈ ਕਿ ਸਾਰੀ ਮਨੁੱਖ ਜਾਤੀ ਦਾ ਇੱਕੋ ਧਰਮ ਹੋ ਜਾਵੇ। ਇਸ ਸਥਿਤੀ ਵਿੱਚ ਧਾਰਮਿਕ ਅਨੇਕਤਾ ਨੂੰ ਇਸ ਦੇ ਮੂਲ ਅਤੇ ਸਹੀ ਅਰਥਾਂ ਵਿਚ ਜਾਨਣ ਤੋਂ ਬਿਨਾ ਕੋਈ ਚਾਰਾ ਹੀ ਨਹੀਂ।'' ਧਾਰਮਿਕ ਬਹੁਲਵਾਦ ਦੀ ਇਹ ਧਾਰਣਾ ਹੈ ਕਿ ਕੋਈ ਵੀ ਧਰਮ ਸੱਚ ਦੇ ਏਕਾਅਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਧਰਮ ਜਾਂ ਸਮੁਦਾਇ ਵਿਸ਼ਵ ਦਾ ਸਭਿਆਚਾਰਕ ਜਾਂ ਇਤਿਹਾਸਕ ਕੇਂਦਰ ਹੋਣ ਦਾ ਦਾਵਾ ਕਰ ਸਕਦਾ ਹੈ। (No Country or Community can today claim to be the cultural or historical centre of the world.) ਧਾਰਮਿਕ ਬਹੁਲਤਾ ਕਈ ਧਰਮਾਂ ਦਾ ਸਹਿ-ਵਜੂਦ ਅਤੇ ਸ਼ਾਂਤਮਈ ਸੰਬੰਧ ਹੈ। ਧਾਰਮਿਕ ਬਹੁਲਤਾ ਵੱਖੋ-ਵੱਖਰੇ ਭਾਈਚਾਰਿਆਂ, ਵਿਭਿੰਨ ਧਰਮਾਂ, ਬਹੁ-ਸਭਿਆਚਾਰਕ, ਭਾਸ਼ਾਈ, ਬਹੁ-ਖੇਤਰਾਂ ਅਤੇ ਬਹੁ-ਜਾਤੀ ਹਸਤੀਆਂ ਵਿਚਕਾਰ ਆਪਸੀ ਤਾਲਮੇਲ ਦੀ ਚੁਣੌਤੀਆਂ ਦਾ ਜਵਾਬ ਹੈ। ਸਿਰਫ ਸਹਿਣਸ਼ੀਲਤਾ ਤੋਂ ਇਲਾਵਾ, ਧਾਰਮਿਕ ਬਹੁਲਵਾਦ, ਪ੍ਰਮਾਤਮਾ ਜਾਂ ਦੇਵਤਿਆਂ ਵੱਲ ਜਾਣ ਵਾਲੇ ਅਣਗਿਣਤ ਮਾਰਗਾਂ ਦੀ ਸੰਭਾਵਨਾ ਨੂੰ ਸਵੀਕਾਰ ਕਰਦਾ ਹੈ ਅਤੇ ਆਮ ਤੌਰ ਤੇ "ਸੰਪਰਦਾਇਵਾਦ" ਦੀ ਧਾਰਣਾ ਦੇ ਉਲਟ ਹੈ, ਭਾਵ, ਇਹ ਵਿਚਾਰ ਕਿ ਇੱਥੇ ਸਿਰਫ ਇੱਕ ਹੀ ਸੱਚਾ ਧਰਮ ਹੈ ਜਾਂ ਸਿਰਫ ਇੱਕ ਹੀ ਤਰੀਕੇ ਨਾਲ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਦੇ ਉਲਟ ਬਹੁ-ਧਰਮ ਨੂੰ ਥਾਂ ਦਿੰਦਾ ਹੈ।

ਧਾਰਮਿਕ ਬਹੁਲਵਾਦ ਵਿਚ ਕਾਰਜ ਕਰਨ ਵਾਲੇ ਵਿਦਵਾਨਾਂ ਵਿਚੋਂ ਵਿਲਫ੍ਰੈਡ ਕੈਂਟਵੈਲ ਸਮਿੱਥ (Wilfred Cantwell Smith), ਜੌਨ ਹਿੱਕ (John Hick), ਐਲਨ ਰੇਸ (Alan Race), ਪਾਲ ਨਾਈਟਰ (Paul Knitter) ਪ੍ਰਮੁੱਖ ਹਨ। ਸਮਾਜ ਵਿਚ ਧਾਰਮਿਕ ਵਰਤਾਰੇ ਦੇ ਅੰਤਰ-ਧਰਮ ਸੰਬੰਧਾਂ ਨੂੰ ਐਲਨ ਰੇਸ (Alan Race) ਨੇ ਤਿੰਨ ਵਰਗਾਂ ਵਿਚ ਵੰਡਿਆ ਹੈ। ਜਿਸਨੂੰ ਜੌਨ ਹਿਕ ਅਤੇ ਹੋਰ ਵਿਦਵਾਨਾਂ ਨੇ ਵੀ ਪ੍ਰਵਾਣ ਕੀਤਾ ਹੈ।

1. ਵਸ਼ਿਸ਼ਟਵਾਦ (Exclusivism)
2. ਸਮਾਵੇਸ਼ਵਾਦ (Inclusivism)
3. ਬਹੁਲਵਾਦ (Pluralism)

- **ਵਸ਼ਿਸ਼ਟਵਾਦ (Exclusivism):** ਵਸ਼ਿਸ਼ਟਵਾਦ ਇਸ ਧਾਰਨਾ ਉੱਪਰ ਕੇਂਦਰਿਤ ਹੈ ਕਿ ਕੇਵਲ ਇਕ ਧਰਮ ਹੀ ਅਸਲ ਤੇ ਸਰਬਉਚ ਹੁੰਦਾ ਹੈ। ਉਸਦੇ ਮੁਕਾਬਲੇ ਬਾਕੀ ਝੂਠੇ ਜਾਂ ਮਹੀਨ ਹੁੰਦੇ ਹਨ। ਇਹ ਇਕ ਧਰਮ ਦੇ ਏਕਾਅਧਿਕਾਰ ਦੀ ਗੱਲ ਕਰਦਾ ਹੈ। ਇਸ ਵਿਚ ਬਾਕੀ ਧਰਮਾਂ ਨਾਲ ਕਿਸੇ ਕਿਸਮ ਦੇ ਸੰਵਾਦ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਪ੍ਰਣਾਲੀ ਦਾ ਮੰਨਣਾ ਹੈ ਕਿ ਸੱਚ ਕੇਵਲ ਇਕ ਵਿਸ਼ੇਸ਼ ਧਰਮ ਉੱਪਰ ਅਵਤ੍ਰਿਤ ਹੋਇਆ ਹੈ। ਕੇਵਲ ਇਸੇ ਧਰਮ ਰਾਹੀਂ ਹੀ ਮੁਕਤੀ ਦੀ ਮੰਜ਼ਿਲ ਸੰਭਵ ਹੈ। ਇਹ ਦੂਜਿਆਂ ਨੂੰ 'ਭਟਕੇ ਹੋਏ' ਦਾ ਵਿਸ਼ੇਸ਼ਣ ਲਗਾਉਂਦਾ ਹੈ। ਵਸ਼ਿਸ਼ਟਵਾਦ ਧਾਰਮਿਕ ਕੱਟੜਤਾ ਨੂੰ ਹੁਲਾਸ ਦਿੰਦਾ ਹੈ।
- **ਸਮਾਵੇਸ਼ਵਾਦ (Inclusivism):** ਸਮਾਵੇਸ਼ਵਾਦ, ਵਸ਼ਿਸ਼ਟਵਾਦ ਤੋਂ ਵੱਖਰਾ ਹੈ। ਪਰ ਇਸਦੇ ਅੰਤਰਨਹਿਤ ਵਸ਼ਿਸ਼ਟਵਾਦ ਦੇ ਗੁਣ ਮੌਜੂਦ ਹਨ। ਇਹ ਦੂਜੇ ਦੇ ਸੱਚ ਨੂੰ ਸਵੀਕਾਰ ਕਰਦਾ ਹੈ, ਪਰ ਅੰਸ਼ਿਕ ਰੂਪ ਵਿਚ। ਇਸਦੇ ਅੰਦਰ ਦੂਜੇ ਨੂੰ ਆਪਣੇ ਵਿਚ ਸਮਾਉਣ ਜਾਂ ਜ਼ਜ਼ਬ ਕਰਨ ਦੀ ਬਿਰਤੀ ਬਣੀ ਰਹਿੰਦੀ ਹੈ।
- **ਬਹੁਲਵਾਦ (Pluralism):** ਬਹੁਲਵਾਦ ਵਰਤਮਾਨ ਸਮੇਂ ਦੀ ਮੁੱਖ ਲੋੜ ਬਣ ਕੇ ਉਭਰਿਆ ਹੈ। ਇਹ ਦੂਜੇ ਨੂੰ ਉਸਦੀ ਹੋਂਦ ਸਮੇਤ ਸਵੀਕਾਰਦਾ ਹੈ। ਇਸ ਅਨੁਸਾਰ ਅਕਾਸ਼ਬਾਣੀ/ਇਲਹਾਮ ਅਨੇਕਾਂ ਭਾਸ਼ਾਵਾਂ, ਸਭਿਆਚਾਰਾਂ ਰਾਹੀਂ ਮਨੁੱਖ ਤੱਕ ਪਹੁੰਚ ਸਕਦੇ ਹਨ। ਕੋਈ ਵੀ ਬੋਲ ਰੱਬ ਦਾ ਆਖਰੀ ਬੋਲ ਨਹੀਂ ਹੈ। ਬਹੁਲਵਾਦੀ ਧਾਰਨਾ ਵਿਸ਼ਵ ਵਿਚ ਸ਼ਾਤੀ ਤੇ ਮੁਹੱਬਤ ਦਾ ਪੈਗਾਮ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਇਸ ਵਿਚਾਰ ਨੂੰ ਹੋਰ ਸਪਸ਼ਟ ਕਰਨ ਲਈ ਉਦਾਹਰਨ ਲੈਂਦੇ ਹਾਂ। ਡਾ. ਧਰਮ ਸਿੰਘ ਆਪਣੀ ਕਿਤਾਬ ''Sikhism and Religious Pluralism'' ਵਿਚ ਯਹੂਦੀ ਵਿਦਵਾਨ ਮੂਸਾ ਮੈਂਡੇਲਸਨ ਦਾ ਹਵਾਲਾ ਦੇ ਕੇ ਆਖਦੇ ਹਨ ਕਿ ''It is not necessary for the entire flock to graze on one pasture nor to enter and leave the master's house through just one door. it would be neither in accord with the shepherd's wisdom not conductive to the growth of his flocks.'' ਭਾਵ ''ਇਹ ਜ਼ਰੂਰੀ ਨਹੀਂ ਕਿ ਸਾਰੇ ਝੁੰਡ ਨੂੰ ਇੱਕ ਹੀ ਚਰਾਗਾਹ ਉੱਤੇ ਚਰਾਇਆ ਜਾਵੇ ਅਤੇ ਨਾ ਹੀ ਇਹ ਜਰੂਰੀ ਹੈ ਕਿ ਭੇਡਾਂ ਨੂੰ ਮਾਲਕ ਦੇ ਘਰ ਦੇ ਕੇਵਲ ਇਕ ਦਰਵਾਜੇ ਰਾਹੀਂ ਹੀ ਘਰ ਵਿਚ ਦਾਖਲ ਕੀਤਾ ਅਤੇ ਬਾਹਰ ਕੱਢਿਆ ਜਾਵੇ। ਇਹ ਨਾ ਤਾਂ ਚਰਵਾਹੇ ਦੀ ਸਿਆਣਪ ਕਹੀ ਜਾਵੇਗੀ ਅਤੇ ਨਾ ਹੀ ਉਸਦੇ ਇੱਜੜ ਦੇ ਵਾਧੇ ਲਈ ਅਨੁਕੂਲ ਹੋਵੇਗਾ।''

### 1.3 <u>ਸਿਖ ਧਰਮ ਵਿਚ ਧਾਰਮਿਕ ਬਹੁਲਤਾ</u>

ਸਿਖ ਧਰਮ ਦੀ ਪ੍ਰਕਿਰਤੀ ਧਾਰਮਿਕ ਬਹੁਲਤਾ ਦੇ ਅਨੁਸਾਰੀ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਦੀ ਪਾਰ-ਸੰਪ੍ਰਦਾਇਕ ਦ੍ਰਿਸ਼ਟੀ ਰਾਹੀਂ ਇਸਦਾ ਸਿਧਾਂਤਕ ਪੱਖ ਉੱਘੜਦਾ ਹੈ। ਉਥੇ ਸਿਖ ਪਰੰਪਰਾ/ਇਤਿਹਾਸ ਵਿਚ ਇਸਦੀਆਂ ਵਿਹਾਰਕ ਮਿਸਾਲਾਂ ਦੀ ਪੇਸ਼ਕਾਰੀ ਵੀ ਹੁੰਦੀ ਹੈ। ਸਿੱਖੀ ''ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥'' ਦਾ ਅਮਲ ਹੈ। ਸਿਖ ਧਰਮ ਦਾ ਬਹੁਲਤਾਵਾਦੀ ਸਿਧਾਂਤ ਅੰਤਰ-ਧਰਮ ਸੰਵਾਦ ਰਾਹੀਂ ਉੱਭਰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਵਿਭਿੰਨ ਮਤਾਂ-ਮਤਾਂਤਰਾਂ ਦੇ ਸਾਧੂਆਂ, ਗੁਰੂਆਂ, ਪੀਰਾਂ ਨਾਲ ਸੰਵਾਦ ਰਚਾਉਣਾ ਅੰਤਰ-ਧਰਮ ਸੰਵਾਦ ਦਾ

ਪ੍ਰਗਟਾਵਾ ਹੈ। ਡਾ. ਜਸਵੀਰ ਸਿੰਘ ਆਹਲੂਵਾਲੀਆ ਅਨੁਸਾਰ ''Guru Nanak envisioned a new pattern of civilization characterized by the values of religious, cultural, economic and political pluralism. For this purpose, he brought in a new conception of spiritual and social reality.'' ਭਾਵ ''ਗੁਰੂ ਨਾਨਕ ਦੇਵ ਜੀ ਨੇ ਸਭਿਅਤਾ ਦੇ ਇਕ ਨਵੇਂ ਸਰੂਪ ਦੀ ਕਲਪਨਾ ਕੀਤੀ, ਜਿਸ ਵਿਚ ਧਾਰਮਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਬਹੁਲਤਾਵਾਦ ਦੀਆਂ ਕਦਰਾਂ ਕੀਮਤਾਂ ਹਨ। ਇਸ ਉਦੇਸ਼ ਲਈ, ਉਨ੍ਹਾਂ ਨੇ ਆਤਮਿਕ ਅਤੇ ਸਮਾਜਿਕ ਹਕੀਕਤ ਦੀ ਇੱਕ ਨਵੀਂ ਧਾਰਣਾ ਲਿਆਂਦੀ।'' ਸਿਖ ਧਰਮ ਦੇ ਬਹੁਲਤਾਵਾਦੀ ਸਿਧਾਂਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਦੂਜੈਲੇ ਸਿਖ ਸਰੋਤ ਅਤੇ ਸਿੱਖ ਇਤਿਹਾਸ ਵਿਚੋਂ ਦੇਖਿਆ ਜਾ ਸਕਦਾ ਹੈ। ਉਦਾਹਰਨ ਵਜੋਂ ਗੁਰੂ ਨਾਨਕ ਦੇਵ ਜੀ ਦੀ ਮੁਲਤਾਨ ਫੇਰੀ ਨੂੰ ਵਿਚ ਨੂੰ ਸਮਝੀਏ। ਮੁਲਤਾਨ ਗੁਰੂ ਨਾਨਕ-ਸਮਕਾਲੀਨ ਸਮੇਂ ਵਿਚ ਪੀਰਾਂ ਫਕੀਰਾਂ ਦਾ ਗਢ ਮੰਨਿਆਂ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦਾ ਮੁਲਤਾਨ ਆਗਮਨ ਪੀਰਾਂ ਲਈ ਸਮੱਸਿਆ ਬਣ ਗਿਆ। ਆਪਣੀ ਪ੍ਰਸਤਿਸ਼ਠਾ ਖੁਸਦੀ ਵੇਖ ਕੇ, ਪੀਰ, ਗੁਰੂ ਨਾਨਕ ਦੇਵ ਜੀ ਕੋਲ, ਇਕ ਕਟੋਰਾ ਭਰੇ ਹੋਏ ਦੁੱਧ ਦਾ ਲੈ ਕੇ ਆਏ, ਜਿਸਦਾ ਭਾਵ ਸੀ ਕਿ ਮੁਲਤਾਨ ਧਰਮ ਗੁਰੂਆਂ ਨਾਲ ਪੂਰੀ ਤਰਾਂ ਭਰ ਚੁੱਕਿਆ ਹੈ, ਇਥੇ ਕਿਸੇ ਹੋਰ ਲਈ ਕੋਈ ਥਾਂ ਨਹੀਂ, ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਦੁੱਧ ਵਿਚ ਇਕ ਚੰਮੇਲੀ ਦਾ ਫੁੱਲ ਪਾ ਦਿੱਤਾ, ਜਿਸ ਦਾ ਭਾਵ ਸੀ, ਕਿ ਮੈਂ ਇਥੇ ਥਾਂ ਘੇਰਨ ਨਹੀਂ ਆਇਆ ਬਲਕਿ ਆਤਮਕ ਰਸ ਦੀ ਸੁਗੰਧੀ ਬਿਖੇਰਨ ਆਇਆਂ ਹਾਂ। ਭਾਈ ਗੁਰਦਾਸ ਜੀ ਨੇ ਇਸਨੂੰ ਆਪਣੀ ਪਹਿਲੀ ਵਾਰ ਦੀ 44 ਵੀਂ ਪਉੜੀ ਰੂਪ ਵਿਚ ਪੇਸ਼ ਕੀਤਾ ਹੈ:

ਮੇਲਿਉ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ॥
ਅਗੋ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ॥
ਜਿਉ ਸਾਗਰ ਵਿਚਿ ਗੰਗ ਸਮਾਈ॥ ੪੪॥

ਇਹ ਘਟਨਾ ਗੁਰੂ ਨਾਨਕ ਦੇਵ ਜੀ ਦੇ ਬਹੁਲਵਾਦੀ ਨਜ਼ਰੀਏ ਨੂੰ ਪੇਸ਼ ਕਰਦੀ ਹੈ। ਸਿਖ ਧਰਮ ਵਿਚ ਧਾਰਮਿਕ ਬਹੁਲਤਾ ਨੂੰ ਤਲਾਸ਼ਣ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਹੁਲਵਾਦੀ ਸਰੋਕਾਰ, ਸਿਖ ਧਰਮ ਦਾ ਬਹੁਲਤਾਵਾਦ ਪ੍ਰਤੀ ਸਿਧਾਂਤਕ ਅਤੇ ਇਤਿਹਾਸਕ ਪੱਖ ਤੋਂ ਵਿਸ਼ਲੇਸ਼ਣ ਕਰਾਂਗੇ।

**1.4 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਲਤਾ ਦੇ ਵੱਖ-ਵੱਖ ਸਰੋਕਾਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਤਰਾਂ ਨਾਲ ਵਿਭਿੰਨਤਾ ਵਿਖਾਈ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾ, ਸਭਿਆਚਾਰ, ਲੋਕਧਾਰਾ, ਧਰਮ, ਬਨਸਪਤੀ, ਪਸ਼ੂ, ਪੰਛੀ, ਜਾਨਵਰ, ਵਿਭਿੰਨ ਵਿਸ਼ੇ ਜਿਵੇਂ: ਰਾਜਨੀਤੀ, ਵਾਤਵਰਨ, ਦਰਸ਼ਨ, ਵਿਗਿਆਨ ਆਦਿ ਦੇ ਵਿਭਿੰਨ ਪਰਿਪੇਖ ਦੇਖੇ ਜਾ ਸਕਦੇ ਹਨ। ਸਿਖ ਧਰਮ ਦੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਹੁਲਤਾਵਾਦੀ ਨਜ਼ਰੀਏ ਨੂੰ ਅਸੀਂ ਵਿਭਿੰਨ ਪੱਖਾਂ ਤੋਂ ਸਮਝਣ ਦਾ ਯਤਨ ਕਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 1601 ਈ. ਤੋਂ 1604 ਈ. ਤੱਕ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਲਤਾਵਾਦੀ ਸਿਧਾਂਤ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ

ਜਾਂਦਾ ਹੈ ਕਿ ਇਸ ਵਿਚ ਵੱਖ-ਵੱਖ ਇਲਾਕਿਆਂ, ਸਭਿਆਚਾਰਾਂ, ਧਰਮਾਂ, ਗੁਰੂਆਂ, ਭਗਤਾਂ, ਭੱਟਾਂ, ਗੁਰਸਿਖਾਂ ਦੀ ਬਾਣੀ ਸ਼ਾਮਿਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸ਼ਾਮਿਲ ਕਰਨ ਦੀ ਕਸਵੱਟੀ ਮਾਨਵ ਭਲਾਈ, ਪਰਮਉੱਚ ਦਾ ਅਨੁਭਵ ਰਹੀ ਨਾ ਕਿ ਧਰਮ, ਜਾਤ, ਫਿਰਕੇ, ਨਸਲ ਆਧਾਰਿਤ। ਅਸੀਂ ਇਥੇ ਭਗਤਾਂ ਦੇ ਜੀਵਨ ਵੇਰਵੇ ਸਾਰਣੀ ਰੂਪ ਵਿਚ ਦੇ ਰਹੇ ਹਾਂ:

| **ਨੰ.** | **ਭਗਤ** | **ਸਥਾਨ** | **ਜਾਤ/ਧਰਮ** |
|---|---|---|---|
| 1. | ਭਗਤ ਕਬੀਰ ਜੀ | ਬਨਾਰਸ (ਉੱਤਰ ਪ੍ਰਦੇਸ਼) | ਹਿੰਦੂ |
| 2. | ਭਗਤ ਨਾਮਦੇਵ ਜੀ | ਨਰਸੀ ਬਾਮਣੀ, ਜਿਲਾ ਸਤਾਰਾ (ਮਹਾਰਾਸਟਰ) | ਛੀਂਬਾ |
| 3. | ਭਗਤ ਰਵਿਦਾਸ ਜੀ | ਬਨਾਰਸ (ਉੱਤਰ ਪ੍ਰਦੇਸ਼) | ਚਮਾਰ |
| 4. | ਬਾਬਾ ਫਰੀਦ ਜੀ | ਖੋਤਵਾਲ, ਮੁਲਤਾਨ (ਪਾਕਿਸਤਾਨ) | ਸੂਫੀ (ਇਸਲਾਮ) |
| 5. | ਭਗਤ ਜੈਦੇਵ ਜੀ | ਕੇਂਦਲੀ, ਜਿਲ੍ਹਾ ਬੀਰ ਭੂਮਿ (ਬੰਗਾਲ) | ਬ੍ਰਹਾਮਣ (ਹਿੰਦੂ) |
| 6. | ਭਗਤ ਰਾਮਾਨੰਦ ਜੀ | ਪ੍ਰਯੋਗ (ਉੱਤਰ ਪ੍ਰਦੇਸ਼) | ਬ੍ਰਹਾਮਣ (ਹਿੰਦੂ) |
| 7. | ਭਗਤ ਤ੍ਰਿਲੋਚਨ ਜੀ | ਪਿੰਡ ਬਾਰੀਸੀ ਸੋਲਾਪੁਰ (ਮਹਾਂਰਾਸ਼ਟਰ) | ਵੈਸ਼ |
| 8. | ਭਗਤ ਧੰਨਾ ਜੀ | ਧੁਆਨ ਨਗਰ, ਜ਼ਿਲ੍ਹਾ ਟਾਂਕ (ਰਾਜਸਥਾਨ) | ਜੱਟ |
| 9. | ਭਗਤ ਸੈਣ ਜੀ | ਰੀਵਾ (ਮੱਧ ਪ੍ਰਦੇਸ਼) | ਨਾਈ |
| 10. | ਭਗਤ ਪੀਪਾ ਜੀ | ਗਗਰੌਨਗੜ੍ਹ (ਗੁਜਰਾਤ) | ਰਾਜਪੂਤ |
| 11. | ਭਗਤ ਭੀਖਨ ਜੀ | ਪਿੰਡ ਕਾਕੋਰੀ ਲਖਨਾਊ (ਉੱਤਰ ਪ੍ਰਦੇਸ਼) | ਇਸਲਾਮ |
| 12. | ਭਗਤ ਸਧਨਾ ਜੀ | ਸੇਹਬਾਨ, ਸੂਬਾ ਸਿੰਧ (ਪਾਕਿਸਤਾਨ) | ਬੁੱਚੜ |
| 13. | ਭਗਤ ਪਰਮਾਨੰਦ ਜੀ | ਕਨੌਜ਼ (ਮਹਾਂਰਾਸ਼ਟਰ) | ਬ੍ਰਹਾਮਣ |
| 14. | ਭਗਤ ਸੂਰਦਾਸ ਜੀ | ਰੁਨਕਤਾ (ਮਥੁਰਾ ਅਤੇ ਆਗਰੇ ਵਿਚਕਾਰ) | ਬ੍ਰਹਾਮਣ |
| 15. | ਭਗਤ ਬੇਣੀ ਜੀ | ਪਿੰਡ ਆਸਨੀ (ਮੱਧ ਪ੍ਰਦੇਸ਼) | ਬ੍ਰਹਾਮਣ |

ਉਕਤ ਸਾਰਣੀ ਨੂੰ ਪੜ੍ਹਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਾਰਮਿਕ ਬਹੁਲਤਾਵਾਦੀ ਸਿਧਾਂਤ ਪ੍ਰਤੀ ਅੰਦਾਜਾ ਸਹਿਜੇ ਲਗਾਇਆ ਜਾ ਸਕਦਾ ਹੈ। ਵੱਖ-ਵੱਖ ਧਰਮਾਂ, ਜਾਤਾਂ, ਸਥਾਨਾਂ ਦੇ ਬਾਣੀਕਾਰਾਂ ਦਾ ਇਕੱਠੇ ਇਕ ਥਾਂ ਬੈਠਣਾ ਵਿਸ਼ਵ ਲਈ ਇਕ ਮਿਸਾਲ ਕਾਇਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਮੱਧ-ਕਾਲ ਵਿਚ ਸੰਪਾਦਿਤ ਹੋਇਆ ਜਦੋਂ ਕਿ ਧਾਰਮਿਕ ਵਸ਼ਿਸ਼ਟਵਾਦ ਦਾ ਬੋਲ-ਬਾਲਾ ਸੀ। ਉਸ ਸਮੇਂ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਾ ਇਕੱਠੇ ਗ੍ਰੰਥ ਰੂਪ ਵਿਚ ਸੰਪਾਦਨ ਹੋਣਾ, ਵਿਸ਼ਵ ਵਿਚ ਧਾਰਮਿਕ ਬਹੁਲਤਾਵਾਦ ਦੀ ਬੇਹਤਰੀਨ ਉਦਾਹਰਨ ਹੈ।

- **ਸੰਗੀਤਕ ਬਹੁਲਤਾ**: ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿਚ ਰਚਿਤ ਹੈ। ਇਸ ਤੋਂ ਇਲਾਵਾ ਉਪਰਾਗ ਵੀ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮੂਲਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਜਿਵੇਂ: ਰਾਗਾਂ ਅਤੇ ਉਪਰਾਗਾਂ ਦੇ ਨਾਮ, ਪੜਤਾਲ, ਘਰੁ, ਧੁਨੀ, ਵਾਰ, ਸੁਧੰਗ, ਜਤਿ। ਬਾਣੀ ਕਿਸੇ ਇਕ ਰਾਗ ਜਾਂ ਇਕ ਘਰਾਣੇ ਦੀ ਸੰਗੀਤਕ ਪ੍ਰਣਾਲੀ ਨਾਲ ਬੱਝੀ ਨਹੀਂ ਹੋਈ ਵਿਖਾਈ ਦਿੰਦੀ ਹੈ। ਬਲਕਿ ਗੁਰਬਾਣੀ ਵਿਚ ਵੱਖ-ਵੱਖ ਰਾਗਾਂ, ਉਪਰਾਗਾਂ ਦੇ ਗੁਲਦਸਤੇ ਮੌਜੂਦ ਹਨ।
- **ਭਾਸ਼ਾਈ ਬਹੁਲਤਾ**: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਭਾਸ਼ਾਵਾਂ ਵਿਚਲੀ ਸ਼ਬਦਾਵਲੀ ਇਸਦੇ ਬਹੁਲਤਾਮੁਖੀ ਹੋਣ ਨੂੰ ਸਪਸ਼ਟ ਕਰਦੀ ਹੈ। ਇਥੇ ਅਸੀਂ ਕੁਝ ਨਮੂਨੇ ਪੇਸ਼ ਕਰਦੇ ਹਾਂ: **ਸੰਸਕ੍ਰਿਤ**: ਸ੍ਰੀਧਰ, ਸਮਰੰਤਿ, ਸੰਨਾਹੁ, ਸਮਜਯਾਂ, ਇਸਟ, ਅਜਾ, ਅਹੰ ਆਦਿ। **ਅਰਬੀ**: ਉਜੂ, ਸਈਅਦ, ਈਮਾਨੁ, ਇਫਤਰਾ, ਐਬ, ਆਕੀ, ਅਹਵਾਲ, ਹਕਾ, ਸਤਰੰਜ ਆਦਿ। **ਫਾਰਸੀ**: ਅੰਦੋਹੁ, ਸੋਗੁ, ਆਤਸ, ਖੁਦਾਇ, ਜੰਬੂਰ, ਚਾਬਕੁ, ਪੈਕਾਮੁ, ਦਿਲਹੁ, ਯਕ ਆਦਿ। **ਬ੍ਰਜ**: ਸੂਕਰ, ਸੁਆਨੁ, ਅਜਾਨੁ, ਅਉਸਰ ਆਦਿ। **ਪੂਰਬੀ ਪੰਜਾਬੀ**: ਖੇਲੰਤਾ, ਕਾਹੂ, ਖੇਲੰਦਿਆ, ਕਉਤਕ, ਢੀਲਾ, ਲੂਕਣ ਆਦਿ। **ਲਹਿੰਦੀ**: ਹੰਢਿ, ਏਤੜੇ, ਜੀਰਾਂਦਿ, ਕਿਚਰਕੁ ਆਦਿ। ਅਕਸਰ ਭਾਸ਼ਾ ਨੂੰ ਧਰਮ ਨਾਲ ਜੋੜ ਕੇ ਸੰਬੰਧਿਤ ਭਾਸ਼ਾ ਉਪਰ ਇਕ ਧਰਮ ਦਾ ਅਧਿਕਾਰ ਸਥਾਪਤ ਕਰਾ ਦਿੱਤਾ ਜਾਂਦਾ ਹੈ। ਗੁਰਬਾਣੀ ਇਸ ਮਿਥ ਨੂੰ 'ਸਮਸਤੁਲ ਜੁਬਾਂ ਹੈਂ' ਰਾਹੀਂ ਤੋੜਦੀ ਹੈ। ਰੱਬੀ ਬੋਲਾਂ ਦਾ ਵਿਸ਼ਵ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਵਿਚ ਪ੍ਰਗਟ ਹੋਣਾ ਗੁਰਬਾਣੀ ਦਾ ਬਹੁਲਤਾਵਾਦੀ ਸਿਧਾਂਤ ਹੈ।
- **ਕਾਵਿ-ਕਲਾ**: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਵੱਖ ਵੱਖ ਕਾਵਿ ਰੂਪ ਇਸਦੀ ਵਿਭਿੰਨਤਾ ਨੂੰ ਪੇਸ਼ ਕਰਦੇ ਹਨ। ਪਦਾ, ਅਸਟਪਦੀ, ਵਾਰ, ਪਉੜੀ, ਸਲੋਕ, ਕਾਫੀ, ਬਾਵਨ ਅਖਰੀ, ਪਟੀ, ਗੋਸਟਿ, ਘੋੜੀਆ, ਲਾਵਾ, ਅਲਾਹੁਣੀਆ, ਸਦੁ, ਸੋਹਿਲਾ, ਮੁੰਦਾਵਣੀ, ਅੰਜੁਲੀਆ, ਬਾਰਹ ਮਾਹ, ਰੁਤੀ, ਥਿਤੀ, ਪਹਰੇ, ਸਤਵਾਰ, ਸੋ ਪੁਰਖੁ, ਆਰਤੀ, ਕਰਹਲੇ ਵਣਜਾਰਾ, ਬਿਰਹੜੇ, ਕੁਚਜੀ, ਸੁਚਜੀ ਅਤੇ ਗੁਣਵੰਤੀ। ਬਾਣੀ ਵਿਚ ਵੱਖ-ਵੱਖ ਵਰਤੇ ਛੰਦ, ਅਲੰਕਾਰ, ਬਿੰਬ, ਪ੍ਰਤੀਕ ਆਦਿ ਬਾਣੀ ਵਿਚਲੀ ਵਿਭਿੰਨਤਾ ਨੂੰ ਪ੍ਰਗਟ ਕਰਦੇ ਹਨ।
- **ਵੱਖ-ਵੱਖ ਧਰਮ**: ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ। ਗੁਰਬਾਣੀ ਅੰਦਰ ਵਿਭਿੰਨ ਪਰੰਪਰਾਵਾਂ/ਧਰਮਾਂ/ਸਭਿਅਚਾਰਾਂ ਨਾਲ ਸੰਬੰਧਿਤ ਵਿਚਾਰ ਮਿਲਦੇ ਹਨ। ਬਾਣੀ ਵਿਭਿੰਨ

ਬਿਰਤਾਂਤਾਂ ਨਾਲ ਸੰਵਾਦ ਰਚਾਉਂਦੀ ਹੈ। 'ਸੰਵਾਦ' ਬਾਣੀ ਦੀ ਪ੍ਰਕਿਰਤੀ ਦਾ ਅੰਗ ਹੈ। ਗੁਰਬਾਣੀ ਵਿਚ ਮਿਲਦੇ ਧਰਮਾਂ ਦੇ ਵੇਰਵੇ:

- ਹਿੰਦੂ ਮਤ
- ਯੋਗ ਮਤ
- ਜੈਨ ਮਤ
- ਇਸਲਾਮ

➢ **ਹਿੰਦੂ ਮਤ/ਵੈਦਿਕ ਮਤ**: ਹਿੰਦੂ ਮਤ ਦਾ ਸਨਾਤਨ ਨਾਮ ਵੈਦਿਕ ਮਤ ਹੈ। ਭਾਰਤ ਵਿਚ ਆਰੀਅਨ ਦੇ ਅਉਣ ਨਾਲ ਵੇਦਾਂ ,ਉਪਨਿਸ਼ਦਾਂ ,ਪੁਰਾਣਾਂ ਆਦਿ ਗ੍ਰੰਥਾਂ ਦੀ ਰਚਨਾ ਹੋਈ। ਇਸੇ ਧਰਤੀ ਤੇ ਦੋ ਮਹਾਂਕਾਵਿ , ਰਮਾਇਣ ਅਤੇ ਮਹਾਂਭਾਰਤ ਰਚੇ ਗਏ। ਗੁਰਬਾਣੀ ਰਚਨਾ ਦੇ ਸਮਕਾਲ ਵਿਚ ਰਚਨਾ-ਸਥਲ ਤੇ ਹਿੰਦੂ ਮਤ ਪ੍ਰਚਲਿਤ ਸੀ। ਲੋਕਾਂ ਵਿਚ ਹਿੰਦੂ ਮਤ ਦੀਆਂ ਰਸਮਾਂ-ਰਿਵਾਜਾਂ, ਪੌਰਾਣਕ, ਕਥਾ/ਕਹਾਣੀਆਂ ਦੀ ਭਰਮਾਰ ਸੀ। ਗੁਰਬਾਣੀ ਵਿਚ ਇਸ ਪਰੰਪਰਾ ਨਾਲ ਸੰਵਾਦ ਰਚਾਇਆ ਗਿਆ ਹੈ।

➢ **ਸ਼ਬਦਾਵਲੀ**: ਗੁਰਬਾਣੀ ਵਿਚ ਬੇਦਾ/ਵੇਦ, ਚਤੁਰ ਬੇਦ, ਪੰਡਿਤ, ਰਿਗਵੇਦ, ਸਾਮ, ਯਜੁਰ ,ਅਥਰਵ, ਸਿਮ੍ਰਿਤ, ਪੁਰਾਨ, ਯਗ, ਹੋਮ ਆਦਿਕ ਵੈਦਿਕ ਮਤ ਤੇ ਗ੍ਰੰਥਾਂ ਸਬੰਧੀ ਸ਼ਬਦਾਵਲੀ ਆਈ ਹੈ।

➢ **ਵੇਦ**: ਗੁਰਬਾਣੀ ਵਿਚ ਵੈਦਿਕ ਮਤ ਦੇ ਸਿਧਾਂਤ, ਵੇਦਾਂ, ਰਸਮਾਂ ਰਿਵਾਜਾਂ ਬਾਰੇ ਵਿਚਾਰ ਦਰਜ ਹਨ। ਵੇਦ ਚਾਰ ਹਨ ,ਗੁਰਬਾਣੀ ਵਿਚ ਵੇਦ ਸ਼ਬਦ ਗਿਆਨ, ਚਾਰ ਵੇਦਾਂ ਜਾਂ ਵਿਸ਼ੇਸ਼ ਵੇਦ(ਰਿਗ) ਲਈ ਵਰਤਿਆ ਗਿਆ ਹੈ।

' ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ'॥ (ਗੁ.ਗ੍ਰੰ.ਸਾ. 470)

➢ **ਸ਼ਾਸ਼ਤਰ ਤੇ ਸਿੰਮ੍ਰਤੀਆਂ**: ਹਿੰਦੂ ਮਤ ਵਿਚ 28 ਸਿਮਰਤੀਆਂ ਮੰਨੀਆਂ ਗਈਆਂ ਹਨ। ਛੇ ਸ਼ਾਸ਼ਤਰ ਹਨ। ਬਾਣੀ ਵਿਚ ਇਨ੍ਹਾਂ ਸਬੰਧੀ ਕਈ ਹਵਾਲੇ ਮਿਲਦੇ ਹਨ।

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥ (ਗੁ.ਗ੍ਰੰ.ਸਾ. 265)

ਨਵ ਛਿਅ ਖਟ ਕਾ ਕਰੇ ਬੀਚਾਰੁ॥ (ਗੁ.ਗ੍ਰੰ.ਸਾ. 1237)

➢ **ਦੇਵਤੇ**: ਹਿੰਦੂ ਮਤ ਵਿਚ 33 ਕਰੋੜ ਦੇਵੀ-ਦੇਵਤੇ ਮੰਨੇ ਜਾਂਦੇ ਹਨ। ਅਸੀਂ ਇਥੇ ਗੁਰਬਾਣੀ ਵਿਚੋਂ ਇਨ੍ਹਾਂ ਦੇਵਤਿਆਂ ਸਬੰਧੀ ਹਵਾਲਿਆ ਸਹਿਤ ਵਿਚਾਰ ਕਰਦੇ ਹਾਂ। ਤਿੰਨ ਪ੍ਰਮੁਖ ਦੇਵਤੇ: ਹਿੰਦੂ ਧਰਮ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ (ਸ਼ਿਵ) ਨੂੰ ਪ੍ਰਮੁਖ ਦੇਵਤੇ ਮੰਨਿਆ ਗਿਆ ਹੈ। ਇਨ੍ਹਾਂ ਨੂੰ ਸਿਰਜਣਹਾਰ ,ਪਾਲਣਹਾਰ ਤੇ ਵਿਨਾਸ਼ਕ ਦੇ ਰੂਪ ਵਿਚ ਮੰਨਿਆ ਗਿਆ ਹੈ।

"ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ॥

ਸਿਰਿ ਸਿਰਿ ਧੰਧੈ ਆਪੇ ਲਾਏ"॥ (ਗੁ.ਗ੍ਰੰ.ਸਾ. 1051)

➢ **ਵੈਦਿਕ ਦੇਵਤੇ**: ਵੈਦਿਕ ਦੇਵਤਿਆ ਵਿਚੋਂ ਪ੍ਰਮੁਖ ਇੰਦਰ ਹੈ। ਗੁਰਬਾਣੀ ਵਿਚ ਇੰਦਰ ਸਬੰਧੀ ਵੇਰਵੇ ਦਰਜ

ਹਨ।

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥ (ਗੁ.ਗ੍ਰੰ.ਸਾ. 1344)

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥ (ਗੁ.ਗ੍ਰੰ.ਸਾ. 473)

- **ਰੀਤਾਂ/ਰਸਮਾਂ**: ਗੁਰਬਾਣੀ ਵਿਚ ਵੈਦਿਕ ਰੀਤਾਂ/ਰਸਮਾਂ ਰਿਵਾਜਾਂ ਦਾ ਜ਼ਿਕਰ ਮਿਲਦਾ ਹੈ।

- **ਯੱਗ:** ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ ॥
  ਪ੍ਰਾਗ ਇਸਨਾਨੇ॥ ਤਉ ਨ ਪੂਜੈ ਹਰਿ ਕੀਰਤ ਨਾਮਾ॥ (ਗੁ.ਗ੍ਰੰ.ਸਾ. 873)
- **ਬਲੀ :** ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥ (ਗੁ.ਗ੍ਰੰ.ਸਾ. 1103)
- **ਜਨੇਊ:** ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
  ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਆਸਾ ਕੀ ਵਾਰ)
- **ਸੂਤਕ:** ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।। (ਆਸਾ ਕੀ ਵਾਰ)

- **ਅਵਤਾਰ ਪਰੰਪਰਾ ਤੇ ਚਾਰ ਯੁਗ** : ਪੁਰਾਣਾਂ ਅਨੁਸਾਰ ਵਿਸ਼ਨੂੰ ਦੇ ਅਵਤਾਰ ਮੰਨੇ ਗਏ ਹਨ। ਆਮ ਤੌਰ ਤੇ ਇਨ੍ਹਾਂ ਦੀ ਗਿਣਤੀ 24 ਮੰਨੀ ਗਈ ਹੈ। ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਅਵਤਾਰ ਤੋਂ ਭਾਵ ਹੈ ''ਉਤਰਨ ਵਾਲਾ''। ਗੁਰਬਾਣੀ ਵਿਚ ਅਵਤਾਰਾਂ ਸੰਬੰਧੀ ਕਈ ਹਵਾਲੇ ਮਿਲਦੇ ਹਨ:

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ **ਅਵਤਾਰੀ**॥

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥ (ਗੁ.ਗ੍ਰੰ.ਸਾ. 422)

ਕਿਸਨੁ ਸਦਾ **ਅਵਤਾਰੀ** ਰੂਧਾ ਕਿਤੁ ਲਗਿ ਤਰੈ ਸੰਸਾਰਾ॥ (ਗੁ.ਗ੍ਰੰ.ਸਾ. 559)

- **ਗੁਰਬਾਣੀ ਵਿਚ ਪੌਰਾਣਕ ਸ਼ਬਦਾਵਲੀ**: ਗੁਰਬਾਣੀ ਵਿਚਲੀ ਪੌਰਾਣਕ ਸ਼ਬਦਾਵਲੀ ਇਸ ਤਰ੍ਹਾਂ ਹੈ: ਬ੍ਰਹਮਾ, ਰਕਤਬੀਜੁ, ਬਲਿ, ਹਰੀਚੰਦੁ, ਬਧਿਕ, ਮਧੁਕੀਟ, ਆਦਮ, ਆਦਿ ਭਵਾਨੀ, ਅਹਿਲਿਆ, ਅਜੈ, ਅਜਾਮਲ, ਮਹਾਦੇਉ ,ਮਾਧਾਤਾ, ਗੌਤਮ, ਮਾਰਕੰਡੇ, ਬਸਿਸਟ, ਦੁਰਬਾਸਾ, ਅਰੁਣ, ਅੰਸਾ ਅਵਤਾਰ , ਅਜਰਾਈਲ, ਅਕ੍ਰੂਰ, ਅੰਮਰੀਕ, ਕੰਸੁ, ਕੁਬਿਜਾ, ਪ੍ਰਹਿਲਾਦ, ਨਾਰਦ, ਅਵਤਾਰ, ਬਲਭਦ੍ਰ, ਜਨਕ, ਪਾਂਡਵ, ਪ੍ਰਾਗ, ਧ੍ਰੂ, ਜਾਹਰਨਵੀ, ਜਮਦਗਨਿ, ਪੂਤਨਾ, ਲਛਮਣ, ਰੁਕਮਾਂਗਦ, ਸੁਦਾਮਾ ਆਦਿ।
- **ਪੌਰਾਣਕ ਪਾਤਰ**: ਉਪ-ਸਿਰਲੇਖ' ਸ਼ਬਦਾਵਲੀ'ਵਿਚ ਪੌਰਾਣਕ ਪਾਤਰਾਂ ਦੇ ਨਾਮ ਦਿਤੇ ਜਾ ਚੁਕੇ ਹਨ। ਜਿਨ੍ਹਾਂ ਦੇ ਵੇਰਵੇ ਗੁਰਬਾਣੀ ਵਿਚ ਉਪਲਬਧ ਹਨ। ਇਥੇ ਅਸੀਂ ਕੁਝ ਪੰਕਤੀਆਂ ਇਨ੍ਹਾਂ ਸਬੰਧੀ ਦਿੰਦੇ ਹਾਂ।

- **ਗਨਿਕਾ**: ਸੂਆ ਪੜਾਵਤ **ਗਨਿਕਾ** ਤਰੀ (ਗੁ.ਗ੍ਰੰ.ਸਾ. 874)
- **ਬਲਿ**: **ਬਲਿ** ਰਾਜਾ ਮਾਇਆ ਅਹੰਕਾਰੀ॥
  ਜਗਨ ਕਰੈ ਬਹੁ ਭਾਰ ਅਫਾਰੀ॥(ਗੁ.ਗ੍ਰੰ.ਸਾ. 228)
- **ਅਜਾਮਲ**: **ਅਜਾਮਲੁ** ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥

ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ (ਗੁ.ਗ੍ਰੰ.ਸਾ. 1124)

- **ਉਧਉ**: **ਉਧਉ** ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ।।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥(ਗੁ.ਗ੍ਰੰ.ਸਾ. 1393)

ਗੁਰਬਾਣੀ ਵਿਚ ਪੌਰਾਣਕ ਪਾਤਰਾਂ ਦੀਆਂ ਮਿਸਾਲਾਂ ਦੇ ਜਗਿਆਸੂਆਂ ਨੂੰ ਉਪਦੇਸ਼ ਦਿੱਤਾ ਗਿਆ ਹੈ।

- **ਯੋਗ ਮਤ/ਸਿਧ**: ਗੁਰੂ ਨਾਨਕ ਦੇਵ ਜੀ ਦੀਆਂ ਸਮਕਾਲੀਨ ਧਾਰਮਿਕ ਪਰੰਪਰਾਵਾਂ ਵਿਚੋਂ ਸਿਧ ਮਤ ਇਕ ਹੈ। ਗੁਰੂ ਨਾਨਕ ਬਾਣੀ ਦਾ ਵਧੇਰੇ ਸੰਵਾਦ ਸਿਧਾਂ ਨਾਲ ਹੈ, ਸਿਧ ਗੋਸਟਿ ਇਸਦੀ ਪੁਖਤਾ ਤੇ ਉਦਾਹਰਨ ਹੈ। ਗੁਰਬਾਣੀ ਵਿਚ ਸਿਧ ਮਤ ਨਾਲ ਸਬੰਧਿਤ ਸ਼ਬਦਾਵਲੀ ਨਾਥ, ਜੋਗ/ਜੋਗੀ, ਮੁੰਦਾ, ਝੋਲੀ, ਬਿਭੂਤਿ, ਖਿੰਥਾ, ਡੰਡਾ, ਕਮੰਡਲ, ਆਈ ਪੰਥੀ, ਭੁਗਤਿ, ਨਾਦ ਆਦਿਕ ਸ਼ਬਦਾਵਲੀ ਦਾ ਵਰਣਨ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਧਰਮ ਦੇ ਅਸਲ ਮਾਰਗ ਦੀ ਤਸਵੀਰ ਵਿਖਾਈ।
- **ਜੈਨ ਮਤਿ**: ਭਾਰਤ ਵਿਚ ਮਹਾਂਵੀਰ ਜੈਨ ਨੇ ਇਸ ਮਤ ਦਾ ਵਿਕਾਸ ਕੀਤਾ। ਇਨ੍ਹਾਂ ਤੋਂ ਪਹਿਲਾ ਇਸ ਮਤ ਦੇ 23 ਤੀਰਥੰਕਰ ਹੋਏ ਸਨ। ਜੈਨੀਆਂ ਦਾ ਸਭ ਤੋਂ ਜਿਆਦਾ ਜ਼ੋਰ ਅਹਿੰਸਾ 'ਤੇ ਸੀ। ਪੰਜ ਮਹਾਂਵਰਤ, ਨੌ ਤੱਤ, ਤ੍ਰੀਰਤਨ ਇਨ੍ਹਾਂ ਦੇ ਪ੍ਰਮੁਖ ਸਿਧਾਂਤ ਹਨ। ਗੁਰਬਾਣੀ ਵਿਚ ਜੈਨੀ ,ਦਿਗੰਬਰ ਆਦਿਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਜੈਨ ਜੀਵਨ , ਸਿਖਿਆ ਤੇ ਰਸਮਾਂ ਰਿਵਾਜਾਂ ਨਾਲ ਸਬੰਧਿਤ ਹੈ।

ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ (ਗੁ.ਗ੍ਰੰ.ਸਾ. 149)
ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ (ਗੁ.ਗ੍ਰੰ.ਸਾ. 1285)

- **ਇਸਲਾਮ** :ਇਸਲਾਮ ਜਨਸੰਖਿਆ ਪੱਖੋਂ ਵਿਸ਼ਵ ਦਾ ਦੂਜਾ ਵੱਡਾ ਧਰਮ ਹੈ। ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ 670 ਈ .ਮੱਕਾ ਵਿਚ ਹੋਇਆ। ਭਾਰਤ ਵਿਚ ਇਸਲਾਮ 8ਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕਾ ਸੀ। ਅਨੇਕਾਂ ਹਮਲਾਵਰਾਂ ,ਵਪਾਰੀਆਂ ,ਸੂਫੀ-ਦਰਵੇਸ਼ਾਂ ,ਪੀਰਾਂ-ਫਕੀਰਾਂ ਦੇ ਪ੍ਰਵੇਸ਼ ਹੋਣ ਕਾਰਨ ਭਾਰਤ ਵਿਚ ਇਸਲਾਮੀ ਸਭਿਆਚਾਰ ,ਭਾਸ਼ਾ ,ਧਰਮ ਦਾ ਪਸਾਰ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸਲਾਮੀ ਸਭਿਆਚਾਰ ਧਰਮ ਦੇ ਹਵਾਲੇ ਮਿਲਦੇ ਹਨ।
- **ਸ਼ਬਦਾਵਲੀ**: ਗੁਰਬਾਣੀ ਵਿਚ ਮੁਸਲਮਾਨ ,ਮਸੀਤ ,ਮੁਸੱਲਾ ,ਹਕ ,ਹਲਾਲ ,ਕੁਰਾਨ ,ਅੱਲਾ ,ਅਜਰਾਈਲ , ਰੋਜਾ ,ਕਾਬਾ ,ਪੀਰ ,ਕਲਮਾ ,ਤਸਬੀ ,ਪੰਜਿ ਨਿਵਾਜਾ ,ਮਉਲਾਣਾ ,ਕਾਜੀ ,ਕਲਮਾ ,ਸਰਾ ,ਸਰੀਅਤਿ ,

ਹਾਜੀ ,ਹਦੀਸਾ ਆਦਿਕ ਸ਼ਬਦ ਬਾਣੀ ਵਿਚ ਆਏ ਹਨ।

- **ਇਸਲਾਮੀ ਧਾਰਮਿਕ ਕਿਰਿਆਵਾਂ** :ਗੁਰਬਾਣੀ ਵਿਚ ਹਜ ਕਰਨ ,ਨਿਵਾਜ ਪੜਣ ,ਮਸੀਤ ਵਿਚ ਜਾਣ , ਸੁੰਨਤ ਆਦਿਕ ਧਾਰਮਿਕ ਸੰਸਕਾਰਾਂ ਤੇ ਕਿਰਿਆਵਾਂ ਦਾ ਵਰਣਨ ਹੈ।

- **ਹਜ**: ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏ ।।
  ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏ (ਗੁ.ਗ੍ਰੰ.ਸਾ. 1349)
- **ਸੁੰਨਤ**: ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ,ਮੈ ਨ ਬਦਉਗਾ ਭਾਈ ।।
  ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ (ਗੁ.ਗ੍ਰੰ.ਸਾ. 477)
- **ਰੋਜਾ**: ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ (ਗੁ.ਗ੍ਰੰ.ਸਾ. 483)
- **ਨਮਾਜ**: ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ (ਗੁ.ਗ੍ਰੰ.ਸਾ. 141)
  ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
  ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ (ਸਲੋਕ ਸੇਖ ਫਰੀਦ ਜੀ)
- **ਕਾਜੀ**: ਕਾਜੀ ਹੋਇ ਕੈ ਬਹੈ ਨਿਆਇ (ਗੁ.ਗ੍ਰੰ.ਸਾ. 951)
- **ਮੁਲਾ**: ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥ (ਗੁ.ਗ੍ਰੰ.ਸਾ. 1084).

- **ਸੂਫੀਮਤ**: ਸੂਫੀਮਤ ਇਸਲਾਮ ਦਾ ਹਿੱਸਾ ਹੈ। ਸੂਫੀਮਤ ਨੇ ਵੀ ਇਸਲਾਮ ਦੇ ਵਧਣ -ਫੁਲਣ ਵਿਚ ਯੋਗਦਾਨ ਪਾਇਆ। ਸੂਫੀਮਤ ਦੇ ਚਿਸ਼ਤੀ ਸਿਲਸਿਲੇ ਦੇ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਫੋਕਟ ਕਰਮ-ਕਾਂਡੀ ਧਰਮ ਤੇ ਵਧੇਰੇ ਚੋਟ ਮਾਰੀ ਹੈ। ਜਿਥੇ ਬਾਬਾ ਫਰੀਦ ਮਨੁੱਖ ਨੂੰ ਧਰਮ ਦੀ ਪਾਲਣਾ ਕਰਨ ਦੀ ਨਸੀਹਤ ਦਿੰਦੇ ਹਨ। ਉਥੇ ਨਾਲ ਹੀ ਦਿਖਾਵੇ ਦੇ ਧਰਮ ਨੂੰ ਤਾੜ ਕੇ ਦੰਭ ਨੂੰ ਉਘਾੜਦੇ ਹਨ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ (ਗੁ.ਗ੍ਰੰ.ਸਾ. 1380)

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰਬਾਣੀ ਵਿਚ ਵੱਖ-ਵੱਖ ਧਰਮਾਂ, ਫਿਰਕਿਆਂ, ਮਤਾਂ ਦੀ ਵਿਚਾਰ ਮਿਲਦੀ ਹੈ। ਗੁਰਬਾਣੀ ਜਿਥੇ ਪੁਰਾਣੇ ਬਿੰਬਾਂ ਨੂੰ ਨਵੇਂ ਅਰਥ ਦਿੰਦੀ ਹੈ। ਉਥੇ ਮਾਨਵੀ-ਮੁੱਲਾਂ ਦੇ ਉਲਟ ਵਿਚਾਰਾਂ ਨਾਲ ਸੰਵਾਦ ਵੀ ਰਚਾਉਂਦੀ ਹੈ।

### 1.5 ਸਿਖ ਧਰਮ ਵਿਚ ਬਹੁਲਤਾ: ਸਿਧਾਂਤਕ ਪੱਖ

ਸਿਖ ਸਿਧਾਂਤਕਾਰੀ ਦਾ ਆਧਾਰ ਅਤੇ ਕੇਂਦਰੀ ਬਿੰਦੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਗੁਰਬਾਣੀ ਅਸੰਖ, ਵਿਸਮਾਦ ਅਤੇ ਕੋਟਿ ਰਾਹੀਂ ਕਰਤੇ ਦੀ ਕੁਦਰਤ ਦੀ ਬੇਅੰਤਤਾਈ ਪ੍ਰਗਟ ਕਰਦੀ ਹੈ। ਜਪੁਜੀ ਵਿਚ ਇਸਨੂੰ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸੰਸਾਰ ਵਿਚ ਅਸੰਖਾਂ ਹੀ ਜਪ, ਤਪ, ਗਰੰਥ, ਵੇਦ, ਪੂਜਾ, ਦਾਨੀ, ਸੂਰਮੇ, ਮੋਨੀ ਹਨ। ਗੁਰੂ ਅਰਜਨ ਦੇਵ ਜੀ ਇਸ ਵਿਚਾਰ ਨੂੰ ਸੁਖਮਨੀ ਸਾਹਿਬ ਵਿਚ 'ਕੋਟਿ' ਵਿਸ਼ੇਸ਼ਣ ਨਾਲ ਵਖਿਆਣ ਕਰਦੇ ਹਨ। ਕਰੋੜਾਂ ਹੀ ਪੁਜਾਰੀ, ਉਦਾਸੀ, ਵੇਦ ਸੁਣਨ ਵਾਲੇ, ਤੀਰਥ ਵਾਸੀ ਆਦਿ ਹਨ। ਗੁਰੂ ਨਾਨਕ ਦੇਵ ਜੀ ਇਸ

ਵਿਚਾਰ ਨੂੰ ਆਸਾ ਕੀ ਵਾਰ ਵਿਚ 'ਵਿਸਮਾਦ' ਬਾਖੂਬੀ ਬਿਆਨ ਕਰਦੇ ਹਨ ਅਤੇ ''ਵੇਖਿ ਵਿਡਾਣੁ ਰਹਿਆ ਵਿਸਮਾਦੁ॥'' ਰਾਹੀਂ ਬ੍ਰਹਮੰਡੀ ਵਿਭਿੰਨਤਾਵਾਂ ਨੂੰ ਮਾਪਣ, ਤੋਲਣ ਤੋਂ ਅਸਮਰਥਾ ਪ੍ਰਗਟਾਉਂਦੇ ਹਨ। ਸਿਖ ਧਰਮ ਦੇ ਬਹੁਲਤਾਵਾਦੀ ਸਿਧਾਂਤ ਨੂੰ ਜਾਣਨ ਤੋਂ ਪਹਿਲਾਂ ਉਕਤ ਵਿਚਾਰ ਨੂੰ ਜਾਣਨਾ ਇਸ ਲਈ ਵੀ ਜਰੂਰੀ ਸੀ ਕਿਉਂਕਿ ਇਸ ਨਾਲ ਬਾਣੀ ਵਿਚਲੇ 'ਵੰਨ-ਸੁਵੰਨਤਾ' ਦੇ ਪਹਿਲੂ ਨੂੰ ਸਮਝਣ ਦਾ ਰਾਹ ਪੱਧਰਾ ਹੋਇਆ ਹੈ।

**1.5.1 ਅਕਾਲ-ਪੁਰਖ:** ਅਕਾਲ-ਪੁਰਖ ਸਿਖ ਧਰਮ ਦਾ ਮੂਲਕ ਸਿਧਾਂਤ ਹੈ ਇਹ ਏਕਤਾ ਵਿਚ ਅਨੇਕਤਾ ਅਤੇ ਅਨੇਕਤਾ ਵਿਚ ਏਕਤਾ ਨੂੰ ਲਖਾਉਂਦਾ ਹੈ। ਇਹ ਸਿਖ ਧਰਮ ਦੇ ਬਹੁਲਤਾਵਾਦੀ ਸਿਧਾਂਤ ਦਾ ਮੂਲ ਆਧਾਰ ਬਣਦਾ ਹੈ। ਗੁਰਬਾਣੀ ਵਿਚ ਪ੍ਰਮਾਤਮਾ ਦੇ ਅਨੇਕਾਂ ਨਾਮ ਦਰਜ਼ ਕੀਤੇ ਗਏ ਹਨ। ਪਰ ਗੁਰਬਾਣੀ ਕਿਸੇ ਨਾਮ ਉਪਰ ਅੰਤਿਮ ਮੋਹਰ ਨਹੀਂ ਲਗਾਉਂਦੀ। ਜਿਵੇਂ: ਬ੍ਰਹਮ, ਬਿਧਾਤਾ, ਸਾਰਿੰਗਪਾਣਿ, ਦਮੋਦਰ, ਮਧੁਸੂਦਨ, ਮੁਰਾਰੀ, ਬਨਵਾਰੀ, ਵਾਸੁਦੇਵ, ਸਿਵ, ਓਅੰਕਾਰ, ਹਰਿ, ਪ੍ਰਭੂ, ਨਾਰਾਇਣ, ਕ੍ਰਿਸਨ, ਗੋਰਖ, ਅਲਹ, ਰਬ, ਖੁਦਾ, ਸਾਂਈ ਆਦਿ। ਸਿਖ ਧਰਮ ਦੇ ਬਹੁਵਾਦੀ ਨਜ਼ਰੀਏ ਦੀ ਸਮਝ ਉਕਤ ਨਾਵਾਂ ਤੋਂ ਸਪਸ਼ਟ ਹੁੰਦੀ ਹੈ ਕਿ ਗੁਰਬਾਣੀ ਵੱਖ-ਵੱਖ ਸਭਿਆਚਾਰਾਂ ਵਿਚ ਪ੍ਰਚਲਿਤ ਪ੍ਰਮਾਤਮਾ ਦੇ ਨਾਵਾਂ ਨੂੰ ਪ੍ਰਵਾਣ ਕਰਦੀ ਹੈ। ਕੋਈ ਵਿਸ਼ੇਸ਼ ਨਾਮ ਦੇ ਕੇ, ਬਾਕੀ ਨਾਵਾਂ ਨੂੰ ਰੱਦ ਨਹੀਂ ਕਰਦੀ। ਸਗੋਂ ''ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥'' ਬਿਆਨਦੀ ਹੈ।

ਗੁਰਬਾਣੀ ਅਕਾਲ-ਪੁਰਖ ਨੂੰ ਸ੍ਰਿਸ਼ਟੀ ਰਚਨਾ ਦਾ ਕਰਤਾ ਆਖ ਕੇ, ਸਗਲ ਜੀਵਾਂ ਵਿਚ ਸਾਂਝ ਸਥਾਪਤ ਕਰਦੀ ਹੈ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (ਗੁ.ਗ੍ਰੰ.ਸਾ. 97)

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (ਗੁ.ਗ੍ਰੰ.ਸਾ. 612)

ਭਗਤ ਨਾਮਦੇਵ ਜੀ ਅਨੁਸਾਰ ਬ੍ਰਹਮੰਡ ਦੀ ਹਰ ਵਸਤੂ, ਜੀਵ ਅਤੇ ਕਣ ਵਿਚ ਪ੍ਰਮਾਤਮਾ, ਇਸ ਤਰੀਕੇ ਰਾਹੀਂ ਸਮੋਇਆ ਹੋਇਆ ਹੈ ਜਿਵੇਂ ਇਕ ਧਾਗੇ ਵਿਚ ਹਜਾਰਾਂ ਮਣਕੇ ਪਰੋਏ ਹੋਏ ਹੋਣ ਅਤੇ ਜਿਵੇਂ ਪਾਣੀ ਅਤੇ ਪਾਣੀ ਤੋਂ ਉਠੀਆਂ ਹੋਈਆਂ ਤਰੰਗਾਂ, ਪਾਣੀ ਤੋਂ ਬਣੇ ਹੋਏ ਬੁਲਬਲੇ, ਵਿਚ ਕੋਈ ਫਰਕ ਨਹੀਂ ਹੁੰਦਾ। ਸਾਰੇ ਪਾਣੀ ਦਾ ਹੀ ਰੂਪ ਹੁੰਦੇ ਹਨ। ਇਸੇ ਤਰਾਂ ਜਗਤ ਅਤੇ ਜਗਤ ਦਾ ਕਰਤਾ ਪ੍ਰਮਾਤਮਾ ਇਕੋ ਹਨ।

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥ (ਗੁ.ਗ੍ਰੰ.ਸਾ. 485)

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਨੂੰ ਅੱਗ, ਧੂੜ ਅਤੇ ਨਦੀ ਦੇ ਪਾਣੀ ਦੀਆਂ ਉਦਾਹਰਨਾਂ ਸਮੇਤ ਸਮਝਾਇਆ ਹੈ। ਗੁਰੂ ਜੀ ਅਨੁਸਾਰ ਜਿਵੇਂ ਬਲਦੀ ਅੱਗ ਤੋਂ ਅਨੇਕਾਂ ਹੀ ਚੰਗਿਆੜੀਆਂ ਉਠਦੀਆਂ ਰਹਿੰਦੀਆਂ ਹਨ, ਪਰ ਮੁੜ ਉਹ ਅੱਗ ਵਿਚ ਹੀ ਸ਼ਾਮਿਲ ਹੋ ਜਾਂਦੀਆਂ ਹਨ, ਜਿਵੇਂ ਰੇਤੇ ਦੀ ਉੱਡਦੀ ਧੂੜ ਤੋਂ ਧੂੜ ਦੇ ਕਣ ਵੱਖ-ਵੱਖ ਖਿਲਰ ਜਾਂਦੇ ਹਨ। ਪਰ ਥੋੜੇ ਸਮੇਂ ਵਿਚ ਦੁਬਾਰਾ ਇਕੱਠੇ ਹੋ ਜਾਂਦੇ ਹਨ ਅਤੇ ਜਿਵੇਂ ਨਦੀ ਦੇ ਪਾਣੀ ਵਿਚ ਅਨੇਕਾਂ ਤਰੰਗਾਂ/ਲਹਿਰਾਂ ਉਠਦੀਆਂ ਹਨ। ਪਰ ਪਾਣੀ ਦੀਆਂ ਤਰੰਗਾਂ ਪਾਣੀ ਤੋਂ ਵੱਖ ਨਹੀਂ ਹਨ, ਉਨ੍ਹਾਂ ਨੂੰ ਪਾਣੀ ਹੀ ਆਖਿਆ ਜਾਵੇਗਾ। ਠੀਕ

ਇਸੇ ਤਰਾਂ ਬ੍ਰਹਮੰਡ ਦੇ ਮਾਲਕ ਅਕਾਲ-ਪੁਰਖ ਤੋਂ ਸਾਰਾ ਕੁਝ ਪ੍ਰਗਟ ਹੁੰਦਾ ਹੈ, ਇਕ ਦਿਨ ਸਭ ਕੁਝ ਉਸ ਵਿਚ ਹੀ ਵਿਲੀਨ ਹੋ ਜਾਂਦਾ ਹੈ।

ਜੈਸੇ ਏਕ ਆਗ ਤੇ, ਕਨੂਕਾ ਕੋਟਿ ਆਗਿ ਉਠੈ; ਨਿਆਰੇ ਨਿਆਰੇ ਹੁਇ ਕੈ, ਫੇਰਿ ਆਗ ਮੈ ਮਿਲਾਹਿੰਗੇ ॥

ਜੈਸੇ ਏਕ ਧੂਰਿ ਤੇ, ਅਨੇਕ ਧੂਰਿ ਪੂਰਤ ਹੈ; ਧੂਰਿ ਕੇ ਕਨੂਕਾ, ਫੇਰ ਧੂਰਿ ਹੀ ਸਮਾਹਿੰਗੇ ॥

ਜੈਸੇ ਏਕ ਨਦ ਤੇ, ਤਰੰਗ ਕੋਟਿ ਉਪਜਤ ਹੈ; ਪਾਨਿ ਕੇ ਤਰੰਗ ਸਬੈ, ਪਾਨਿ ਹੀ ਕਹਾਹਿੰਗੇ ॥

ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ; ਤਾਹੀ ਤੇ ਉਪਜਿ, ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥ (ਸ੍ਰੀ ਗੁਰੂ ਗੋਬਿੰਦ ਸਿੰਘ, ਅਕਾਲ ਉਸਤਤਿ)

ਉਕਤ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਸਿਖ ਧਰਮ ਵਿਚ ਅਕਾਲ ਪੁਰਖ ਨੂੰ ਕਿਸੇ ਖਾਸ ਜਾਤ, ਵਰਨ, ਮਜ਼ਹਬ ਨਾਲ ਨਹੀਂ ਜੋੜਿਆ ਗਿਆ। ਬਲਕਿ ਸਭ ਲਈ ਸਾਂਝਾ ਮੰਨਿਆ ਗਿਆ ਹੈ। ਇਹ ਸਿਧਾਂਤ ਵਿਭਿੰਨ ਧਰਮਾਂ ਵਿਚ ਸਾਂਝ ਸਥਾਪਿਤ ਕਰਦਾ ਹੈ।

**1.5.2 ਧਾਰਮਿਕ ਸਾਂਝੀਵਾਲਤਾ**: ਗੁਰਬਾਣੀ ਮੁਕਤੀ ਲਈ ਇਕਾਅਧਿਕਾਰ ਦੀ ਧਾਰਨਾ ਨਹੀਂ ਅਪਣਾਉਂਦੀ ਬਲਕਿ ਜਗਿਆਸੂ ਲਈ ਮੁਕਤੀ ਦੇ ਅਨੇਕਾਂ ਦਰਵਾਜੇ ਖੋਲਦੀ ਹੈ। ਜਗਿਆਸੂ ਉਤੇ ਕਿਸੇ ਕਿਸਮ ਦਾ ਧਾਰਮਿਕ ਬੰਧੇਜ ਨਹੀਂ ਲਗਾਇਆ ਜਾਂਦਾ। ਜਗਿਆਸੂ ਲਈ ਸਭੇ ਦੁਆਰਿਆਂ ਵੱਲੋਂ ਉਧਾਰ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਗੁ.ਗ੍ਰੰ.ਸਾ. 853)

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" (ਗੁ.ਗ੍ਰੰ.ਸਾ. ੯੭)

ਵਿਭਿੰਨ ਸਭਿਅਤਾਵਾਂ ਤੇ ਧਰਮਾਂ ਵਿਚਕਾਰ ਪ੍ਰਕਿਰਤਕ ਸਾਂਝ 'ਕੁਦਰਤ ਕੇ ਬੰਦੇ' ਹੋਣ ਦੀ ਹੈ। ਭਗਤ ਕਬੀਰ ਜੀ ਆਪਣੀ ਬਾਣੀ ਵਿਚ 'ਨੂਰ' ਰਾਹੀਂ ਦ੍ਰਿਸ਼ਟਾਉਂਦੇ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਗੁ.ਗ੍ਰੰ.ਸਾ. ੧੩੪੯)

ਬਾਬਾ ਫਰੀਦ ਜੀ ਅਨੁਸਾਰ ਜੇਕਰ ਸਭ ਹਰ ਜੀਵ ਪ੍ਰਮਾਤਮਾ ਦੀ ਕਿਰਤ ਹੈ ਤਾਂ ਅਸੀਂ ਨਸਲ ਆਧਾਰਿਤ ਚੰਗਾ ਜਾਂ ਬੁਰਾ ਕਿਸੇ ਨੂੰ ਕਿਵੇਂ ਕਹਿ ਸਕਦੇ ਹਾਂ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ॥ (ਗੁ.ਗ੍ਰੰ.ਸਾ. ੧੩੮੧)

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤਿ ਵਿਚ ਮਾਨਵੀ ਉਪਦੇਸ਼ ਇਸ ਤਰਾਂ ਬਿਆਨਦੇ ਹਨ:

ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫ਼ੀ

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ...॥੧੫॥੮੫॥ *(*ਅਕਾਲ ਉਸਤਤਿ, ਪਾ: ੧੦)

**1.6 <u>ਸਿਖ ਧਰਮ ਵਿਚ ਬਹੁਲਤਾ: ਇਤਿਹਾਸਕ/ਪਰੰਪਰਾਗਤ ਪੱਖ:</u>** ਸਿਖ ਧਰਮ ਵਿਚ ਸਿਧਾਂਤ ਨਾਲੋਂ ਵਿਹਾਰ ਉਪਰ ਵਧੇਰੇ ਜੋਰ ਦਿੱਤਾ ਗਿਆ ਹੈ। ਕੇਵਲ ਗਿਆਨ ਇਕੱਠਾ ਕਰਕੇ ਹਉਮੈਂ ਗ੍ਰਸਤ ਹੋਣ ਨੂੰ ''ਪੜਿਆ ਮੂਰਖਿ ਆਖੀਐ ਜਿਤ ਲਬ ਲੋਭਿ ਅਹੰਕਾਰਾ'' ਕਿਹਾ ਗਿਆ ਹੈ। ਸਿਖ ਧਰਮ ਵਿਚ ਵਿਹਾਰਕ ਅਮਲ ਤੋਂ ਬਿਨਾ ਕੇਵਲ ਸਿਧਾਂਤਕ ਵਖਿਆਣ ਕਰਨ ਵਾਲੇ ਨੂੰ ''ਅਵਰ ਉਪਦੇਸੈ ਆਪਿ ਨ ਕਰੈ ਆਵਤ ਜਾਵਤ ਜਨਮੈ ਮਰੈ'' ਰਾਹੀਂ ਸੇਧ ਦਿੱਤੀ ਗਈ ਹੈ। ਧਾਰਮਿਕ ਬਹੁਲਤਾਵਾਦ ਦੇ ਸਿਖ ਇਤਿਹਾਸ ਵਿਚ ਅਨੇਕਾ ਤੱਥ ਮਿਲਦੇ ਹਨ। ਜਨਮਸਾਖੀ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਪਰਮੇਸ਼ਰ ਨਾਲ ਮੁਲਾਕਾਤ ਤੋਂ ਬਾਅਦ ਵੇਈਂ ਵਿਚੋਂ ਬਾਹਰ ਆਏ ਤਦ ਪਹਿਲਾ ਬਚਨ ਉਚਾਰਿਆ: ''ਨ ਕੋਈ ਹਿੰਦੂ ਨ ਮੁਸਲਮਾਨ'' ਅਸਲ ਵਿਚ ਗੁਰੂ ਜੀ ਦਾ ਪਹਿਲਾ ਉਪਦੇਸ਼ ਹੀ ਧਾਰਮਿਕ ਬਹੁਲਤਾ ਦੀ ਤਰਜ਼ਮਾਨੀ ਕਰਦਾ ਹੈ। ਜਿਸਨੂੰ ਗੁਰੂ ਨਾਨਕ ਦੇਵ ਜੀ ਦੇ ਬਾਕੀ ਜੀਵਨ ਵਿਚੋਂ ਵੇਖਿਆ ਜਾ ਸਕਦਾ ਹੈ। ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਨੂੰ ਨਾਲ ਲੈ ਚਲਣਾ ਵੀ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਨਾਨਕ ਦੇਵ ਜੀ ਸੰਸਾਰ ਦੀਆਂ ਦੋ ਵੱਡੀਆਂ ਧਾਰਮਿਕ ਪਰੰਪਰਾਵਾਂ ਸਾਮੀ ਅਤੇ ਭਾਰਤੀ ਨੂੰ ਆਪਣੇ ਕਲਾਵੇ ਵਿਚ ਲੈ ਕੇ ਤੁਰਦੇ ਹਨ।

- **ਸੰਗਤ, ਪੰਗਤ ਅਤੇ ਇਸ਼ਨਾਨ:**

ਸਿਖ ਬਹੁਲਤਾਵਾਦੀ ਸਿਧਾਂਤ ਨੂੰ ਅਮਲ ਵਿਚ ਲਿਆਉਣ ਲਈ ਵੱਖ-ਵੱਖ ਗੁਰੂ ਸਾਹਿਬਾਨ ਵੱਲੋਂ ਵਿਭਿੰਨ ਯਤਨ ਕੀਤੇ ਗਏ। ਸੰਗਤ, ਪੰਗਤ ਅਤੇ ਇਸ਼ਨਾਨ ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਸੰਗਤ, ਪੰਗਤ ਅਤੇ ਇਸ਼ਨਾਨ ਸਮਾਜਿਕ ਕਿਰਿਆਵਾਂ ਹਨ। ਸਮਾਜ ਵਿਚ ਜਾਤ, ਧਰਮ, ਨਸਲ, ਆਰਥਿਕਤਾ ਨੂੰ ਲੈ ਕੇ ਵੱਡੇ ਪਾੜੇ ਵਿਖਾਈ ਦਿੰਦੇ ਹਨ। ਮੱਧਕਾਲ ਵਿਚ ਇਹ ਹੋਰ ਵੀ ਜਿਆਦਾ ਪ੍ਰਬਲ ਰੂਪ ਵਿਚ ਸਨ। ਅਖੌਤੀ ਨੀਚ ਜਾਤ ਦਾ ਇਨਸਾਨ ਉਚ ਜਾਤ ਵਰਗ ਵਾਲੇ ਕੋਲ ਖੜ/ਬੈਠ ਤੱਕ ਨਹੀਂ ਸਕਦਾ ਸੀ। ਗੁਰੂ ਸਾਹਿਬ ਨੇ ਸੰਗਤ, ਪੰਗਤ ਅਤੇ ਇਸ਼ਨਾਨ ਦੇ ਸਿਧਾਂਤ ਰਾਹੀਂ ਇਹ ਪਾੜਾ ਖਤਮ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਇਸ ਪਾਸੇ ਦੂਰ ਅੰਦੇਸ਼ੀ ਨਾਲ ਕਦਮ ਚੁੱਕਦੇ ਹੋਏ ਆਖਿਆ ਕਿ ਜਿਸ ਕਿਸੇ ਨੇ ਵੀ ਸੰਗਤ ਵਿਚ ਆਉਣਾ ਹੈ। ਉਸ ਲਈ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਜਰੂਰੀ ਹੋਵੇਗਾ। ਇਸ ਨਾਲ ਸਭ ਦਾ ਪੰਗਤ ਵਿਚ ਬੈਠਣਾ ਜਰੂਰੀ ਹੋ ਗਿਆ। ਪੰਗਤ ਵਿਚ ਬੈਠਣ ਲਈ ਕਿਸੇ ਕਿਸਮ ਦਾ ਭੇਦ ਭਾਵ ਨਹੀਂ ਸੀ। ਇਤਿਹਾਸ ਅਨੁਸਾਰ ਸਮੇਂ ਦਾ ਬਾਦਸ਼ਾਹ ਅਕਬਰ ਜਦੋਂ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆਇਆ ਤਾਂ ਉਸਨੇ ਵੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਇਸੇ ਤਰਾਂ ਸਰੋਵਰਾਂ ਦਾ ਜਿੱਥੇ ਅਧਿਆਤਮਕ ਮਹਾਤਮ ਹੈ ਉਥੇ ਸਮਾਜਿਕ ਮਹੱਤਵ ਵੀ ਉਭਰਿਆ। ਮੱਧਕਾਲੀ ਸਮਾਜ ਵਿਚ ਜਦੋਂ ਕਿ ਅਖੌਤੀ ਨੀਵੀਂ ਜਾਤੀ ਵਾਲਿਆਂ ਨੂੰ ਪਾਣੀ ਲਈ ਖੂਹ ਸਾਂਝਾ ਕਰਨਾ ਦਾ ਵੀ ਅਧਿਕਾਰ ਨਹੀਂ ਸੀ। ਉਸ ਸਮੇਂ ਗੁਰੂ ਸਾਹਿਬ ਨੇ ਸਭਨਾ ਲਈ ਸਾਂਝੇ ਸਰੋਵਾਰ ਬਣਵਾਏ ਜਿੱਥੇ ਬਿਨਾ ਵਿਤਕਰੇ ਤੋਂ ਕੋਈ ਵੀ ਇਸ਼ਨਾਨ ਕਰ ਸਕਦਾ ਸੀ।

- **ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ:**

ਗੁਰੂ ਅਰਜਨ ਦੇਵ ਜੀ ਦੁਆਰਾ ਮੀਆਂ ਮੀਰ ਜੀ ਤੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਚਾਰੇ ਦਿਸ਼ਾਵਾਂ ਵਿਚੋਂ ਆਉਣ ਵਾਲੀ ਵਿਚਾਰਧਾਰਾ ਨੂੰ ਜੀ ਆਇਆ ਆਖਦੇ

ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਖ ਬਹੁਲਤਾਵਾਦੀ ਨਜ਼ਰੀਏ ਦੀ ਵੱਡੀ ਪੇਸ਼ਕਾਰੀ ਦੇ ਰੂਪ ਵਿਚ ਸੰਸਾਰ ਵਿਚ ਉਭਰੀ। ਅਸਲ ਇਹ ਸ਼ਹਾਦਤਾਂ ਮਨੁੱਖੀ ਇਤਿਹਾਸ ਵਿਚ ਮਨੱਖੀ ਅਧਿਕਾਰਾਂ ਦੇ ਬਚਾਅ ਦਾ ਪ੍ਰਤੀਕ ਹਨ। ਧਾਰਮਿਕ ਆਜਾਦੀ ਮਨੁੱਖ ਦਾ ਅਧਿਕਾਰ ਹੈ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਬਾਦਸ਼ਾਹ ਔਰੰਗਜੇਬ ਜ਼ਬਰੀ ਧਰਮ ਤਬਦੀਲੀ ਕਰਵਾ ਰਿਹਾ ਸੀ। ਕਸ਼ਮੀਰੀ ਪੰਡਤਾਂ ਦੀ ਗੁਹਾਰ ਮਨੁੱਖਤਾ ਦੀ ਕੁਦਰਤ ਅੱਗੇ ਅਰਦਾਸ ਸੀ, ਤਾਂ ਕਿ ਵੰਨ-ਸੁਵੰਨਤਾ ਨੂੰ ਬਚਾਇਆ ਜਾ ਸਕੇ। ਔਰੰਗਜੇਬ ਦਾ ਮੰਨਣਾ ਸੀ, ਇਸ ਹਿੰਦੋਸਤਾਨ ਰੂਪੀ ਬਾਗ ਵਿਚ ਕੇਵਲ ਇਕ ਤਰਾਂ ਦੇ ਫੁੱਲ ਹੋਣੇ ਚਾਹੀਦੇ ਹਨ। ਗੁਰੂ ਤੇਗ ਬਹਾਦਰ ਜੀ ਅਨੁਸਾਰ ਬਾਗ ਤਾਂ ਹੀ ਸ਼ੋਭਦਾ ਹੈ ਜੇਕਰ ਉਸ ਵਿਚ ਵੱਖ-ਵੱਖ ਤਰਾਂ ਦੇ ਫੁੱਲ ਹੋਣਗੇ। ਗੁਰੂ ਜੀ ਦੀ ਸ਼ਹਾਦਤ ਨੇ ਜ਼ਬਰੀ ਧਰਮ ਤਬਦੀਲੀ ਦੀ ਪ੍ਰਕਿਰਿਆ ਨੂੰ ਠੱਲ ਪਾਈ। ਇਹ ਕੋਈ ਦੋ ਧਰਮਾਂ ਦੀ ਲੜਾਈ ਨਹੀਂ ਸੀ ਜਿਵੇਂ ਕਿ ਕਈ ਵਾਰ ਪੇਸ਼ ਕਰ ਦਿੱਤੀ ਜਾਂਦੀ ਹੈ। ਇਹ ਮਸਲਾ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਬਹੁਲਤਾ ਦਾ ਸੀ। ਜਿਸਨੂੰ ਬਚਾਉਣ ਲਈ ਗੁਰੂ ਸਾਹਿਬ ਨੇ ਅਪਣੇ ਆਪ ਨੂੰ ਕੁਰਬਾਨ ਕਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣਾ ਸਮੁੱਚਾ ਪਰਿਵਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਧਾਰਮਿਕ ਆਜਾਦੀ ਲਈ ਕੁਰਬਾਨ ਕਰ ਦਿੱਤਾ ਗਿਆ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜੇਕਰ ਗੁਰੂ ਗੋਬਿੰਦ ਸਿੰਘ ਭਾਰਤ ਵਰਸ਼ ਵਿਚ ਨਾ ਪੈਦਾ ਹੋਏ ਹੁੰਦੇ ਤਾਂ ਇਥੇ ਵੱਖ-ਵੱਖ ਧਰਮਾਂ ਦੀ ਬਹੁਲਤਾ ਨਾ ਹੁੰਦੀ ਸਿਰਫ ਇਕ ਹੀ ਧਰਮ ਹੁੰਦਾ ਕਿਉਂਕਿ ਜ਼ਬਰੀ ਧਰਮ ਤਬਦੀਲੀ ਦੀ ਪ੍ਰਕਿਰਿਆ ਪ੍ਰਬਲ ਰੂਪ ਧਾਰਨ ਕਰ ਚੁੱਕੀ ਸੀ। ਭਾਈ ਸੰਤੋਖ ਸਿੰਘ ਅਨੁਸਾਰ:

ਛਾਏ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ॥
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ ।।
ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ ।।
ਬਰਨ ਗਰੱਕ ਜਾਤੇ ਸਹਿਤ ਵਿਧਾਨ ਕੀ ॥
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ॥
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ ॥
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ॥
ਮੂਰਤ ਨਾ ਹੋਤੀ ਜੌ ਪੈ ਕਰੁਣਾਨਿਧਾਨ ਕੀ ॥ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ ਪੰਥ ਨੂੰ ਵੀ ਇਸ ਸੰਧਰਬ ਵਿਚ ਵਿਚਾਰਿਆ ਜਾ ਸਕਦਾ ਹੈ।

### 1.7 ਧਾਰਮਿਕ ਅਨੇਕਵਾਦ/ਬਹੁਲਤਾਵਾਦ ਦੀ ਸਮੱਸਿਆ ਅਤੇ ਅੰਤਰ ਧਰਮ ਸੰਵਾਦ:

ਧਾਰਮਿਕ ਅਨੇਕਤਾ ਦੀਆਂ ਅਨੇਕਾਂ ਸਮਸਿਆਵਾਂ ਵੀ ਸਾਹਮਣੇ ਆਉਂਦੀਆਂ ਹਨ। ਡਾ. ਦਰਸ਼ਨ ਸਿੰਘ ਇਨ੍ਹਾਂ ਸਮਸਿਆਵਾਂ ਨੂੰ ਆਪਣੇ ਲੇਖ ''ਧਾਰਮਿਕ ਅਨੇਕਵਾਦ ਦੀਆਂ ਸਮੱਸਿਆਵਾਂ'' ਵਿਚ ਇਸ ਤਰਾਂ ਲਿਖਦੇ ਹਨ। ''ਹਰੇਕ ਮਨੁੱਖ ਇਹ ਵਿਸ਼ਵਾਸ ਕਰਦਾ ਹੈ ਕਿ ਉਸ ਦੇ ਧਾਰਮਿਕ ਵਿਸ਼ਵਾਸਾਂ, ਅਮਲਾਂ ਅਤੇ ਸੰਸਥਾਵਾਂ ਵਿਚ ਹੀ ਜੀਵਨ ਦਾ ਪਰਮ ਸਚ ਸਭ ਤੋਂ ਸ਼ੁੱਧ ਅਤੇ ਸੰਪੂਰਨ ਰੂਪ ਵਿਚ ਵਰਤਮਾਨ ਹੈ। ਅਜਿਹੀ ਸਥਿਤੀ ਵਿਚ ਜੇਕਰ ਮਨੁੱਖ

ਅਨੇਕਤਾ ਦੇ ਵਿਚਾਰ ਵਿਚ ਵਿਸ਼ਵਾਸ ਦਾ ਧਾਰਨੀ ਬਣ ਜਾਵੇ ਤਾਂ ਕੀ ਪਰਮ ਸੱਚ ਪ੍ਰਤੀ ਉਸ ਦੇ ਨਿੱਜੀ ਰੁਝਾਨ ਵਿਚ ਫਿੱਕ ਤਾਂ ਨਹੀਂ ਆ ਜਾਵੇਗੀ? ਉਸ ਦੀ ਨਿਸ਼ਠਾ, ਵਿਸ਼ਵਾਸ ਤੇ ਅਸਰ ਨਹੀਂ ਪਏਗਾ? ਉਸ ਦੇ ਸੰਘ, ਕਬੀਲੇ ਅਤੇ ਸਮੂਹ ਦੀ ਏਕਤਾ ਪ੍ਰਫੁੱਲਤਾ ਦੀ ਬੁਨਿਆਦੀ ਪ੍ਰੇਰਨਾ ਦੀ ਤੀਬਰਤਾ, ਤਾਕਤ ਘੱਟ ਤਾਂ ਨਹੀਂ ਜਾਏਗੀ? ਦੂਜੀਆਂ ਧਾਰਮਿਕ ਪਰੰਪਰਾਵਾਂ ਦੀਆਂ ਖੂਬੀਆਂ, ਗੁਣ ਉਸੇ ਦੀ ਆਪਣੀ ਪਰੰਪਰਾ ਦੇ ਮਾਣ ਨੂੰ ਹਾਨੀ ਤਾਂ ਨਹੀਂ ਪਹੁੰਚਾਉਣਗੀਆਂ? ਆਪਣੀ ਧਰਮ ਪਰੰਪਰਾ ਦੇ ਵਾਧੇ ਵਿਕਾਸ ਲਈ ਉਸ ਦੇ ਯਤਨਾਂ ਵਿਚ ਮੱਠ ਤਾਂ ਨਹੀਂ ਆ ਜਾਵੇਗੀ? ਆਪਣੇ ਧਰਮ ਦੇ ਸੱਚ ਨੂੰ ਪ੍ਰਚਾਰਨ ਵਿਚ ਉਸ ਲਈ ਮੁਸ਼ਕਲਾਂ ਤਾਂ ਨਹੀਂ ਪੈਦਾ ਹੋ ਜਾਣਗੀਆਂ? ਆਪਣੇ ਧਰਮ ਦੇ ਪ੍ਰਮਾਣਿਕ ਮਾਪਦੰਡਾਂ ਅਤੇ ਕਦਰਾਂ-ਕੀਮਤਾਂ ਤੋਂ ਉਸ ਦਾ ਵਿਸ਼ਵਾਸ ਭਟਕ ਤਾਂ ਨਹੀਂ ਜਾਏਗਾ?'' ਅਜਿਹੀ ਸਥਿਤੀ ਨੂੰ ਜਦੋਂ ਅਸੀਂ ਸਿਖ ਧਰਮ ਦੇ ਪਰਿਪੇਖ ਤੋਂ ਵਾਚਦੇ ਹਾਂ ਤਾਂ ਸਾਨੂੰ ਗੁਰੂ ਨਾਨਕ ਦੇਵ ਜੀ ਤੋਂ ਅਗਵਾਈ ਮਿਲਦੀ ਹੈ। ਗੁਰੂ ਜੀ ਅਨੁਸਾਰ ਹਰ ਮਨੁੱਖ ਜਾਂ ਪਰੰਪਰਾ ਨਾਲ ਗੁਣਾ ਦੀ ਸਾਂਝ ਪਉਣੀ ਚਾਹੀਦੀ ਹੈ। ਅਉਗਣਾ ਨੂੰ ਛੱਡ ਕੇ ਪਰੇ ਹੋ ਜਾਣਾ ਚਾਹੀਦਾ ਹੈ।

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ (ਗੁ.ਗ੍ਰੰ.ਸਾ. 765)

ਕੋਈ ਧਰਮ ਪਰੰਪਰਾ ਕਿਸੇ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ ਬਲਕਿ ਕਿਸੇ ਸਮਾਜ, ਭੂਗੋਲਿਕ ਜਾਂ ਸਭਿਆਚਰਕ ਇਕਾਈ ਵਿਚੋਂ ਜਨਮ ਲੈਂਦੀ ਹੈ। ਨਵੀਂ ਪਰੰਪਰਾ ਆਪਣੇ ਸਮਕਾਲ ਦੀ ਪ੍ਰਚਲਿਤ ਪਰੰਪਰਾ ਦੇ ਵਿਚਾਰਾਂ ਨੂੰ ਰੱਦ ਕਰਦੀ ਹੈ। ਜਿਸ ਵਿਚੋਂ ਕਈ ਵਾਰ ਟਕਰਾਅ ਵਾਲੀ ਸਥਿਤੀ ਬਣ ਜਾਂਦੀ ਹੈ। ਗੁਰਬਾਣੀ ਇਨ੍ਹਾਂ ਸਮੱਸਿਆਵਾਂ ਲਈ ਰੱਦ ਕਰਨ ਦੀ ਪ੍ਰਵਿਰਤੀ ਦੀ ਥਾਂ ਸੰਵਾਦ ਦੀ ਪ੍ਰਵਿਰਤੀ ਉੱਤੇ ਜ਼ੋਰ ਦਿੰਦੀ ਹੈ। ਜਿਸਨੂੰ ਅੰਤਰ-ਧਰਮ ਸੰਵਾਦ ਦੇ ਅਨੁਸ਼ਾਸ਼ਨ ਰਾਹੀਂ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨਾਲ ਸੰਵਾਦ ਇਸਦੀ ਖੂਬਸੂਰਤ ਉਦਾਹਰਨ ਹੈ। ਡਾ. ਮੁਹੰਮਦ ਹਬੀਬ ਐਲਨ ਰੇਸ ਦੀ ਕਿਤਾਬ ''Christians and Religious Pluralism'' ਰਾਹੀਂ ਅੰਤਰ ਧਰਮ ਸੰਵਾਦ ਬਾਰੇ ਲਿਖਦੇ ਹਨ ਕਿ ਅੰਤਰ ਧਾਰਮਿਕ ਸੰਵਾਦ ਕੇਵਲ ਉਦੋਂ ਹੀ ਸੰਭਵ ਹੈ ਜਦ ਦੂਜੀਆਂ ਧਾਰਮਿਕ ਵਿਚਾਰਧਾਰਾਵਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਜਾਵੇ, ਆਪਸ ਵਿਚ ਸੁਮੇਲਤਾ ਦੇ ਤੱਤ ਤਲਾਸ਼ ਕੀਤੇ ਜਾਣ, ਉਨ੍ਹਾਂ ਵਿਚਾਰਾਂ ਨੂੰ ਸਲਾਹਿਆ ਜਾਵੇ ਜਿਹੜੇ ਪੂਰੀ ਮਾਨਵਤਾ ਦੀ ਭਲਾਈ ਲਈ ਕਾਰਆਮਦ ਹਨ'' ਗੁਰਬਾਣੀ ਵਿਚ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਵਾਲੇ ਵੇਖੇ ਜਾ ਸਕਦੇ ਹਨ।

**1.8 ਸਾਰ**

ਵੰਨ-ਸੁਵੰਨਤਾ ਕੁਦਰਤ ਦਾ ਗੁਣ ਹੈ। ਹਰ ਖੇਤਰ ਦੀ ਵਿਭਿੰਨਤਾ ਮਨੁੱਖੀ ਵਿਕਾਸ ਅਤੇ ਵਿਗਾਸ ਲਈ ਲਾਹੇਵੰਦ ਹੈ। ਧਾਰਮਿਕ ਬਹੁਲਤਾ ਦੀ ਲੋੜ ਸਮਾਜ ਨੂੰ ਹਮੇਸ਼ਾ ਰਹੀ ਹੈ। ਵਰਤਮਾਨ ਤਕਨੀਕੀ ਯੁੱਗ ਵਿਚ ਜਦੋਂ ਕਿ ਮਨੁੱਖ ਦਾ ਮਨੁੱਖ ਤੱਕ ਪੈਂਡਾ ਬਹੁਤ ਛੋਟਾ ਹੋ ਗਿਆ ਹੈ। ਅਜਿਹੇ ਵਿਚ ਧਾਰਮਿਕ ਬਹੁਲਤਾ ਨੂੰ ਬਚਾਈ ਰੱਖਣਾ ਸਮੇਂ ਦੀ ਲੋੜ ਹੈ। ਇਹ ਦੂਜੇ ਲਈ ਸਤਿਕਾਰ ਦੀ ਭਾਵਨਾ ਪੈਦਾ ਕਰਦੀ ਹੈ। ਜਿਸ ਨਾਲ ਸਮਾਜ ਵਿਚ ਸ਼ਾਂਤੀ ਅਤੇ ਸਦਭਾਵਨਾ ਕਾਇਮ ਰੱਖੀ ਜਾ ਸਕਦੀ ਹੈ। ਧਾਰਮਿਕ ਟਕਰਾਵਾਂ ਕਾਰਨ ਹੋਣ ਵਾਲੇ ਮਨੁੱਖੀ ਘਾਣ ਤੋਂ ਬਚਿਆ ਜਾ ਸਕਦਾ ਹੈ। ਨਫਰਤ, ਵੈਰ-ਵਿਰੋਧ, ਕੱਟੜਤਾ ਵਰਗੇ ਸਮਾਜ ਵਿਰੋਧੀ ਕਾਰਕਾਂ ਨੂੰ ਸਮਾਜ ਵਿਚੋਂ ਪਾਸੇ ਕੀਤਾ ਜਾ ਸਕਦਾ ਹੈ। ਅਖੀਰ Dr. Hans Küng ਦੀ ਧਾਰਨਾ ਤੋਂ ਸੇਧ ਲਈ ਜਾ ਸਕਦੀ ਹੈ, ਡਾ. ਅਨੁਸਾਰ ‘‘There will be no peace among the nations without peace among the religions. There will be no peace among the religions without dialogue among the religions’’. ਭਾਵ ‘ਧਰਮਾਂ ਵਿਚ ਸ਼ਾਂਤੀ ਬਗੈਰ ਦੇਸ਼ਾਂ ਵਿਚਕਾਰ ਸ਼ਾਂਤੀ ਨਹੀਂ ਹੋਵੇਗੀ ਅਤੇ ਆਪਸੀ-ਸੰਵਾਦ ਤੋਂ ਬਿਨਾਂ ਧਰਮਾਂ ਵਿਚ ਸ਼ਾਂਤੀ ਨਹੀਂ ਹੋਵੇਗੀ।’’

### 1.9 ਹਵਾਲਾ ਕਿਤਾਬਾਂ


- ਹਬੀਬ, ਮੁਹੰਮਦ (ਡਾ.), *ਗੁਰੂ ਨਾਨਕ ਦੇਵ ਜੀ ਅਤੇ ਮੁਸਲਮਾਨ (ਅੰਤਰ ਧਾਰਮਿਕ ਸੰਵਾਦ),* ਪੰਜਾਬੀ ਯੂਨੀਵਰਸਿਟੀ, ਪਟਿਅਲਾ, 2012.
- ਤੇਜਾ ਸਿੰਘ (ਪ੍ਰਿੰ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
- ਦਰਸ਼ਨ ਸਿੰਘ (ਡਾ.), ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਰਾਏ, ਚਮਕੌਰ ਸਿੰਘ (ਖੋਜਾਰਥੀ), *ਧਾਰਮਿਕ ਬਹੁਵਾਦ ਅਤੇ ਗੁਰੂ ਨਾਨਕ ਬਾਣੀ ਦੀ ਪ੍ਰਵਚਨ-ਵਿਧੀ (ਪੀਐਚ.ਡੀ. ਥੀਸਿਸ),* ਗੁਰੂ ਨਾਨਕ ਸਿਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ, 2013.
- Dharam Singh (Dr.), *Sikhism and Religious Pluralism,* Punjabi University, Patiala, 2010.


### 1.10 ਹੋਰ ਪੜਣ ਲਈ ਪੁਸਤਕਾਂ


- Dharam Singh (Dr.)(Ed.), *Interfaith Dialogue: Different Perspectives,* Punjabi University, Patiala, 2003
- Jagbir Singh (Dr.), *Interfaith Dialogue in Sri Guru Granth Sahib (Civlizational Context),* Punjabi University, Patiala, 2016.
- Panikkar, Raimundo, *The Intra-Religious Dialogue,* Paulist Press, New York, 1978.

## ONE YEAR DIPLOMA IN SIKH THEOLOGY

### SEMESTER-II

### COURSE: THEOLOGY AND SIKH THEOLOGY: NATURE AND SCOPE

---

### UNIT 2- MORALITY

---

**STRUCTURE**

2.0 ਉਦੇਸ਼

2.1 ਪ੍ਰਸਤਾਵਨਾ

2.2 ਨੈਤਿਕਤਾ: ਅਰਥ ਅਤੇ ਪਰਿਭਾਸ਼ਾਵਾਂ

2.3 ਨੀਤੀ-ਸ਼ਾਸ਼ਤਰ

2.4 ਧਰਮ ਅਤੇ ਨੈਤਿਕਤਾ

2.5 ਵਿਸ਼ਵ ਧਰਮਾਂ ਵਿਚ ਨੈਤਿਕਤਾ

2.6 ਸਿਖ ਧਰਮ ਵਿਚ ਨੈਤਿਕਤਾ

2.7 ਸਿਖ ਧਰਮ ਵਿਚ ਨੈਤਿਕਤਾ ਦੇ ਸਰੋਤ

2.8 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕਤਾ ਦੇ ਵੱਖ-ਵੱਖ ਰੂਪ

2.9 ਸਿਖ ਧਰਮ ਅਨੁਸਾਰ ਕਦਰਾਂ-ਕੀਮਤਾਂ

2.10 ਕਿੱਤਾ-ਮੂਲਕ ਨੈਤਿਕਤਾ

2.11 ਸਾਰ

2.12 ਹਵਾਲਾ ਪੁਸਤਕਾਂ

2.13 ਹੋਰ ਪੜਣ ਲਈ ਪੁਸਤਕਾਂ

**2.0 <u>ਉਦੇਸ਼</u> :**

ਵਰਤਮਾਨ ਮਨੁੱਖ ਅਖੌਤੀ ਵਿਕਾਸ ਲਈ ਹਰ ਨੈਤਿਕ-ਅਨੈਤਿਕ ਵਸੀਲਾ ਵਰਤਣ ਦਾ ਆਦੀ ਹੋ ਗਿਆ ਹੈ। ਜਿਸ ਵਿਚ ਪ੍ਰਕਿਰਤੀ, ਸਿਹਤ, ਵਾਤਾਵਰਨ, ਆਦਿ ਦੀ ਹੋਂਦ ਖਤਰੇ ਵਿਚ ਆਈ ਹੈ। ਇਨਸਾਨ ਅੰਦਰ ਲਾਲਚ-ਵਸ,

ਨੈਤਿਕ ਕਦਰਾਂ ਦਾ ਡਿੱਗਦਾ ਮਿਆਰ ਪੂਰੀ ਮਨੁੱਖੀ ਸਭਿਅਤਾ ਲਈ ਖਤਰਨਾਕ ਸਾਬਿਤ ਹੋ ਸਕਦਾ ਹੈ, ਬਲਕਿ ਹੋ ਰਿਹਾ ਹੈ। ਹਰ ਖੇਤਰ ਵਿਚ ਅਨੈਤਿਕਤਾ ਨੇ ਪੈਰ ਪਸਾਰੇ ਹੋਏ ਹਨ। ਹਰ ਧੰਧੇ ਵਿਚ ਮੁਨਾਫਾਖੋਰੀ ਤੇ ਭ੍ਰਿਸ਼ਟਾਚਾਰੀ ਪ੍ਰਬਲ ਰੂਪ ਲੈ ਚੁੱਕੇ ਹਨ। ਇਹ ਸਮੱਸਿਆਵਾਂ ਨੈਤਿਕਤਾ ਦੇ ਵਿਸ਼ੇ ਦੀ ਸਾਰਥਕਤਾ ਵਿਚ ਵਾਧਾ ਕਰਦੀਆਂ ਹਨ। ਅਜਿਹੇ ਵਿਚ ਜਰੂਰੀ ਹੋ ਜਾਂਦਾ ਹੈ ਕਿ ਆਪਣੇ ਵਿਰਸੇ ਵੱਲ ਨਜ਼ਰ ਫੇਰੀ ਜਾਵੇ। ਸਾਨੂੰ ਵਿਰਸੇ ਵਿਚੋਂ ਕਿਹੜੇ ਗੁਣ ਜਾਂ ਕਦਰਾਂ ਮਿਲੀਆਂ ਹਨ, ਨੂੰ ਘੋਖਿਆ ਜਾਵੇ। ਇਸ ਲਈ ਇਸ ਪੇਪਰ ਦੇ ਉਕਤ ਦਰਜ਼ ਉਦੇਸ਼ ਮਿਥੇ ਗਏ ਹਨ:

- ਵਿਦਿਆਰਥੀਆਂ ਨੂੰ ਨੈਤਿਕਤਾ ਤੋਂ ਜਾਣੂ ਕਰਵਾਉਣਾ।
- ਸਿਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਪ੍ਰਸਤੁਤ ਕਰਨਾ।
- ਵਿਹਾਰਕ ਨੀਤੀ-ਸ਼ਾਸਤਰ (Applied Ethics) ਤਹਿਤ ਵਿਦਿਆਰਥੀਆਂ ਨੂੰ ਨੈਤਿਕ-ਗੁਣ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰਨਾ।

**2.1 ਪ੍ਰਸਤਾਵਨਾ:**

ਨੈਤਿਕਤਾ ਦਾ ਸੰਬੰਧ ਮਨੁੱਖੀ ਵਿਵਹਾਰ ਨਾਲ ਹੈ। ਇਹ ਮਨੁੱਖ ਦੇ ਜਾਂਗਲੀ ਤੋਂ ਸਭਿਅਕ ਹੋਣ ਦਾ ਸਫਰ ਹੈ। ਇਹ ਠੀਕ ਅਤੇ ਗਲਤ ਪਛਾਣ ਕਰਵਾਉਂਦਾ ਹੈ। ਨੈਤਿਕਤਾ ਤੋਂ ਬਿਨਾ ਸਭਿਅਕ ਸਮਾਜ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਨੈਤਿਕਤਾ ਮਨੁੱਖ ਦੇ ਮਨੁੱਖ ਹੋਣ ਦੀ ਨਿਸ਼ਾਨੀ ਹੈ। ਨੈਤਿਕਤਾ ਨਾਲ ਸੰਬੰਧਿਤ ਕਈ ਸ਼ਬਦ ਪ੍ਰਚਲਿਤ ਹਨ। ਜਿਵੇਂ: ਨੀਤੀ-ਸ਼ਾਸਤਰ (Ethics), ਨੈਤਿਕਤਾ (Morality), ਕਦਰਾਂ ਕੀਮਤਾਂ (Values), ਆਚਾਰ, ਸ਼ਿਸ਼ਟਾਚਾਰ, ਆਚਾਰਿਕਤਾ, ਰਹਿਤ, ਨਿਯਮ, ਸਦਾਚਾਰ, ਇਖਲਾਕ, ਵਤੀਰਾ, ਤਹਿਜ਼ੀਬ, ਸਲੀਕਾ ਅਤੇ ਵਿਵਹਾਰ। ਜਿਥੇ ਇਕ ਤੋਂ ਵਧੇਰੇ ਮਨੁੱਖ ਰਹਿੰਦੇ ਹੋਣ, ਉਸ ਥਾਂ ਉਪਰ ਨਿਯਮ ਬਣਾਉਣੇ ਜਰੂਰੀ ਹੋ ਜਾਂਦੇ ਹਨ। ਮੂਲ ਰੂਪ ਵਿਚ ਨੈਤਿਕਤਾ ਅਤੇ ਨੀਤੀ-ਸ਼ਾਸਤਰ ਦੋ ਵੱਖਰੇ-ਵੱਖਰੇ ਸ਼ਬਦ ਹਨ, ਜਿਨ੍ਹਾਂ ਨੂੰ ਇਕੋ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਨੈਤਿਕਤਾ ਮਨੁੱਖ ਦੇ ਨਿਜਤਵ ਅਤੇ ਭਾਵਾਤਮਕ ਵਿਵਹਾਰ ਉਤੇ ਆਧਾਰਿਤ ਹੈ। ਬਲਕਿ ਨੀਤੀ-ਸ਼ਾਸਤਰ ਕਿਸੇ ਸਮਾਜ, ਸੰਸਥਾ ਵਿਚਲੀਆਂ ਨੈਤਿਕ ਕਦਰਾਂ ਕੀਮਤਾਂ ਦੀ ਨਿਸ਼ਾਨਦਹੀ ਅਤੇ ਵਿਸ਼ਲੇਸ਼ਣ ਕਰਦਾ ਹੈ। ਇਸ ਪਾਠ ਵਿਚ ਅਸੀਂ ਮੁੱਖ ਰੂਪ ਵਿਚ ਨੈਤਿਕਤਾ ਨੂੰ ਸਮਝਣ ਦਾ ਯਤਨ ਕਰਾਂਗੇ। ਪਾਠ ਵਿਚ ਵੱਖ-ਵੱਖ ਧਰਮਾਂ ਵਿਚ ਨੈਤਿਕਤਾ ਸੰਬੰਧੀ ਮਿਲਦੇ ਵਿਚਾਰਾਂ ਨੂੰ ਰੂਪਮਾਨ ਕੀਤਾ ਗਿਆ ਹੈ। ਮੁੱਖ ਰੂਪ ਵਿਚ ਸਿਖ ਧਰਮ ਵਿਚਲੇ ਨੈਤਿਕਤਾ ਦੇ ਸੰਕਲਪ ਨੂੰ ਉਸਾਰਿਆ ਗਿਆ ਹੈ। ਜਿਸ ਵਿਚ ਸਿਖ ਨੈਤਿਕਤਾ ਦੇ ਸਰੋਤਾਂ ਅਤੇ ਸਿਖ ਧਰਮ ਵਿਚ ਮਿਲਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ।

**2.2 ਨੈਤਿਕਤਾ: ਅਰਥ ਅਤੇ ਪਰਿਭਾਸ਼ਾਵਾਂ**

ਨੈਤਿਕਤਾ ਨੂੰ ਵੱਖ-ਵੱਖ ਵਿਦਵਾਨਾਂ ਨੇ ਵਿਭਿੰਨ ਤਰੀਕਿਆਂ ਰਾਹੀਂ ਪਰਿਭਾਸ਼ਿਤ ਕੀਤਾ ਹੈ। ਨੈਤਿਕਤਾ ਦੀ ਕੋਈ ਇਕ ਵਿਸ਼ੇਸ਼ ਅਤੇ ਪਰਮਾਣਿਕ ਪਰਿਭਾਸ਼ਾ ਨਹੀਂ ਹੈ। ਕਿਉਂਕਿ ਇਸਦਾ ਸੰਬੰਧ ਮਨੁੱਖੀ ਸਭਿਅਤਾ ਨਾਲ ਹੈ। ਮਨੁੱਖੀ ਸਭਿਅਤਾ ਸਦਾ ਵਿਕਾਸ ਕਰਦੀ ਰਹੀ ਹੈ।

ਪ੍ਰੋ. ਅਵਤਾਰ ਸਿੰਘ ਆਪਣੀ ਕਿਤਾਬ *Ehics of the Sikhs* ਵਿਚ T.H. Green ਦੀ ਕਿਤਾਬ *Prolegomena to Ethics* ਦਾ ਹਵਾਲਾ ਦੇ ਕੇ ਆਖਦੇ ਹਨ ਕਿ 'ਨਿਯਮ ਮਨੁੱਖ ਲਈ ਬਣਾਏ ਜਾਂਦੇ ਹਨ ਨਾ ਕਿ ਇਸਦੇ ਉਲਟ।' ਭਾਵ ਨੈਤਿਕਤਾ ਮਨੁੱਖ ਨੂੰ ਦਿੱਤੀ ਕੋਈ ਸਜਾ ਨਹੀਂ ਹੈ ਬਲਕਿ ਇਕ ਸੁਚੱਜਾ ਸਲੀਕਾ ਹੈ।

ਡਾ. ਜਗਬੀਰ ਸਿੰਘ ਅਨੁਸਾਰ ''ਕਈ ਵਾਰ ਕਿਸੇ ਸ਼ਬਦ ਦੀ ਤਹਿ ਤੱਕ ਪਹੁੰਚਣ ਲਈ ਉਸ ਦੀ ਵਿਉਂਤਪਤੀਗਤ ਵਿਆਖਿਆ ਸਹਾਇਕ ਸਿਧ ਹੁੰਦੀ ਹੈ। ਨੈਤਿਕਤਾ ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਸਿਤ ਰੂਪ ਹੈ ਜੋ 'ਨੀ' ਧਾਤੂ ਤੋਂ ਬਣਿਆ ਹੈ। ਇਸ ਧਾਤੂ ਦੇ ਪ੍ਰਧਾਨ ਅਰਥ ਹਨ- ਲੈ ਜਾਣਾ ਜਾਂ ਅਗਵਾਈ ਕਰਨਾ। ਅਰਥਾਤ ਜੋ ਮਨੁੱਖ ਦੀ ਜੀਵਨ ਵਿਚ ਅਗਵਾਈ ਕਰੇ ਜਾਂ ਉਸ ਨੂੰ ਕਿਸੇ ਆਦਰਸ਼ ਪ੍ਰਾਪਤੀ ਵੱਲ ਲੈ ਜਾਵੇ, ਉਹ ਨੈਤਿਕਤਾ ਆਖੀ ਜਾ ਸਕਦੀ ਹੈ।''

ਨੈਤਿਕਤਾ ਨੂੰ ਅੰਗਰੇਜੀ ਵਿਚ Morality ਕਿਹਾ ਜਾਂਦਾ ਹੈ। ਜਿਹੜਾ ਕਿ ਯੂਨਾਨੀ ਮੂਲ ਦੇ ਸ਼ਬਦ ਮੌਰਸ (Mores)ਤੋਂ ਬਣਿਆ ਹੈ। ਜਿਸਦਾ ਸੰਬੰਧ ਰਿਵਾਜ, ਨਿਯਮ ਅਤੇ ਵਿਵਹਾਰਾਂ (customs, norms, and behaviors) ਨਾਲ ਹੈ, ਜਿਹੜੇ ਸਮਾਜ ਦੁਆਰਾ ਪ੍ਰਵਾਣਿਤ ਹੁੰਦੇ ਹਨ। ਨੈਤਿਕਤਾ ਲਈ ਪੰਜਾਬੀ ਵਿਚ ਸਦਾਚਾਰ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਭਾਈ ਕਾਨ ਸਿੰਘ ਨਾਭਾ ਨੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਸਦਾਚਾਰ ਨੂੰ ''ਉੱਤਮ ਕਿਰਿਆ, ਨੇਕ ਚਲਨ ਅਤੇ ਭਲਾ ਬਿਉਹਾਰ'' ਸ਼ਬਦਾਂ ਨਾਲ ਪਰਿਭਾਸ਼ਿਤ ਕੀਤਾ ਹੈ।

ਕਿੰਗਸਲੇ ਡੈਵਿਸ ਆਪਣੀ ਕਿਤਾਬ ਮਨੁੱਖ ਸਮਾਜ (Human Society) ਵਿਚ ਮੰਨਦਾ ਹੈ ਕਿ ''ਨੈਤਿਕਤਾ ਜ਼ਿੰਮੇਵਾਰੀ ਪ੍ਰਤੀ ਅੰਦਰੂਨੀ ਭਾਵਨਾ ਅਤੇ ਸਹੀ ਜਾਂ ਗਲਤ ਦੀ ਭਾਵਨਾ ਉਤੇ ਜ਼ੋਰ ਦਿੰਦੀ ਹੈ।''

ਪੂਰਨ ਸਿੰਘ ਯੂਕੇ ਅਨੁਸਾਰ 'ਜੰਗਲੀ, ਅਰਧ ਸਭਿਅ ਅਤੇ ਸਭਿਅ ਹਰ ਪ੍ਰਕਾਰ ਦਾ ਜੀਵਨ ਕਿਸੇ ਨਾ ਕਿਸੇ ਨੇਮਾਵਲੀ ਅਨੁਸਾਰ ਜੀਵਿਆ ਜਾਂਦਾ ਹੈ। ਜੀਵਨ ਦੀ ਨੇਮਾਵਲੀ ਜਾਂ ਨੇਮ ਸੰਗ੍ਰਹਿ ਨੂੰ ਨੈਤਿਕਤਾ ਆਖਿਆ ਜਾਂਦਾ ਹੈ।'' ਪੂਰਨ ਸਿੰਘ ਨੇ ਨੈਤਿਕਤਾ ਦੇ ਚਾਰ ਚਰਣ ਮੰਨੇ ਹਨ: 1. ਜ਼ਿੰਮੇਦਾਰੀ 2. ਸੁਰੱਖਿਆ 3. ਨਿਰਪੱਖ ਨਿਆਏ ਪ੍ਰਣਾਲੀ 4. ਸਮਾਜਕ ਸਮਾਨਤਾ।

### 2.3 <u>ਨੀਤੀ-ਸ਼ਾਸ਼ਤਰ (Ethics)</u>

ਨੈਤਿਕਤਾ ਦੇ ਅਧਿਐਨ ਨੂੰ ਨੀਤੀ-ਸ਼ਾਸ਼ਤਰ ਆਖਿਆ ਜਾਂਦਾ ਹੈ। (Study of Morals) ਇਹ ਚੰਗੇ ਅਤੇ ਬੁਰੇ ਨੂੰ ਅਧਿਐਨ ਕਰਦਾ ਹੈ, ਇਹ ਮਨੁੱਖੀ ਵਿਵਹਾਰ ਦੇ ਚੰਗੇ ਮਾੜੇ ਪੱਖ ਦਾ ਵਿਗਿਆਨ ਹੈ। (Ethics is the Science of good or right in Human Conduct).

ਐਥਿਕਸ **(Ethics)** ਯੂਨਾਨੀ ਭਾਸ਼ਾ ਦੇ ਸ਼ਬਦ ਈਥੋਸ (Ethos) ਤੋਂ ਬਣਿਆ ਹੈ। ਜਿਸਦਾ ਅਰਥ ਹੈ 'ਰਿਵਾਜ'। ਰਸ਼ਵਰਥ ਕਿਡਰ ਐਥਿਕਸ ਨੂੰ ਪਰਿਭਾਸ਼ਤ ਕਰਦੇ ਹੋਏ ਇਸਨੂੰ 'ਆਦਰਸ਼ ਮਨੁੱਖੀ ਚਰਿੱਤਰ ਦਾ ਵਿਗਿਆਨ' ਜਾਂ 'ਨੈਤਿਕ ਫਰਜ਼ਾਂ ਦਾ ਵਿਗਿਆਨ' ਆਖਦੇ ਹਨ।

ਵਿਲੀਅਮ ਲਿਲੀ ਆਪਣੀ ਕਿਤਾਬ ਐਥਿਕਸ ਨਾਲ ਜਾਣ-ਪਛਾਣ ਵਿਚ ਲਿਖਦੇ ਹਨ ਕਿ '' ਨੀਤੀ-ਸ਼ਾਸ਼ਤਰ ਸਮਾਜ ਵਿਚ ਰਹਿੰਦੇ ਮਨੁੱਖਾਂ ਦੇ ਆਚਾਰ ਦਾ ਆਦਰਸ਼ਕ ਅਧਿਐਨ ਹੈ।''

ਨਾੱਵਲ ਸਮਿਥ ਅਨੁਸਾਰ ''ਮਨੁੱਖ ਦੇ ਜਿਹੜੇ ਕਿਰਿਆਤਮਕ ਪੱਖਾਂ ਲਈ ਨੈਤਿਕ ਬੋਲੀ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਹਨ:- ਆਪ ਕੋਈ ਕੰਮ ਨੂੰ ਕਰਨ ਜਾਂ ਨਾ ਕਰਨ ਦਾ ਫੈਸਲਾ ਦੇਣਾ ਅਤੇ ਦੂਸਰਿਆਂ ਨੂੰ ਵੀ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦਾ ਮਸ਼ਵਰਾ ਦੇਣਾ। ਇਹ ਵਿਵਹਾਰਿਕ ਕਿਰਿਆ ਹੀ ਨੀਤੀ-ਸ਼ਾਸਤਰ ਦਾ ਵਿਸ਼ੇਸ਼ ਗੁਣ ਹੈ''

ਵਿਹਾਰਕ ਨੀਤੀ ਸ਼ਾਸਤਰ (Applied Ethics) ਨੀਤੀ-ਸ਼ਾਸਤਰ ਦਾ ਕਿਰਿਆਤਮਕ ਰੂਪ ਹੈ। ਇਹ ਨੀਤੀ-ਸ਼ਾਸਤਰ ਦੇ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਕਾਰਜ ਕਰਦਾ ਹੈ। ਇਸ ਅਧੀਨ ਵਪਾਰਕ ਨੀਤੀ-ਸ਼ਾਸਤਰ, ਵਿਵਸਾਇਕ ਨੀਤੀ-ਸ਼ਾਸਤਰ, ਮੈਡੀਕਲ ਨੀਤੀ-ਸ਼ਾਸਤਰ, ਕਾਨੂੰਨੀ ਨੀਤ-ਸ਼ਾਸਤਰ ਆਦਿ ਆਉਂਦੇ ਹਨ।

### 2.4 ਧਰਮ ਅਤੇ ਨੈਤਿਕਤਾ

ਧਰਮ ਅਤੇ ਨੈਤਿਕਤਾ ਵਿਸ਼ੇ ਬਾਰੇ ਦੋ ਵਿਚਾਰ ਪ੍ਰਚਲਤ ਹਨ। ਇਕ ਅਨੁਸਾਰ ਨੈਤਿਕਤਾ ਦਾ ਆਧਾਰ ਧਰਮ ਹੈ। ਦੂਜੇ ਵਿਚਾਰ ਅਨੁਸਾਰ ਨੈਤਿਕਤਾ ਲਈ ਧਰਮ ਦੀ ਜਰੂਰਤ ਨਹੀਂ। ਡਾ. ਵਜੀਰ ਸਿੰਘ ਅਨੁਸਾਰ ਸਾਧਾਰਨ ਵਿਅਕਤੀ ਦੇ ਮਨ ਵਿਚ ਧਰਮ ਅਤੇ ਸਦਾਚਾਰ ਦਾ ਅੰਤਰ ਸਪਸ਼ਟ ਨਹੀਂ ਹੁੰਦਾ। ਉਸ ਨੂੰ ਧਾਰਮਕ ਜੀਵਨ ਹੀ ਨੇਕੀ ਦਾ ਜੀਵਨ ਜਾਪਦਾ ਹੈ, ਅਤੇ ਨੈਤਿਕ ਦ੍ਰਿਸ਼ਟੀ ਤੋਂ ਨੇਕ ਜੀਵਨ ਉਸ ਲਈ ਧਾਰਮਕ ਜੀਵਨ ਹੈ। ਵਿਸ਼ਵ ਦੇ ਸਮੁੱਚੇ ਧਰਮਾਂ ਵਿਚ ਇਕ ਗੱਲ ਸਾਂਝੀ ਹੈ ਕਿ ਸਮੁੱਚੇ ਧਰਮ ਇਨਸਾਨ ਨੂੰ ਨੈਤਿਕ ਜੀਵਨ ਦਾ ਉਪਦੇਸ਼ ਦਿੰਦੇ ਹਨ। ਨੈਤਿਕ ਅਸੂਲਾਂ ਤੋਂ ਬਿਨਾ ਧਰਮ ਦੀ ਹੋਂਦ ਦੀ ਕਿਆਸਕਾਰੀ ਨਹੀਂ ਕੀਤੀ ਜਾ ਸਕਦੀ। ਇਸ ਲਈ ਧਰਮ ਅਤੇ ਨੈਤਿਕਤਾ ਆਪਸ ਵਿਚ ਜੁੜੇ ਹੋਏ ਹਨ। ਪਾਸਕੁਅਲ ਗਿਸਬਰਟ ਦੇ ਸ਼ਬਦਾਂ ਵਿਚ ''Morality and religion are usually recognized not only among the most influential forces of social control, but also among the most effective guides of human behaviour.'' ਭਾਵ ''ਨੈਤਿਕਤਾ ਅਤੇ ਧਰਮ ਨੂੰ ਆਮ ਤੌਰ 'ਤੇ ਨਾ ਸਿਰਫ ਸਮਾਜਿਕ ਨਿਯੰਤਰਣ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਤਾਕਤਾਂ ਵਿਚ ਹੀ ਮਾਨਤਾ ਪ੍ਰਾਪਤ ਹੈ, ਬਲਕਿ ਇਹ ਮਨੁੱਖੀ ਵਤੀਰੇ ਦੇ ਸਭ ਤੋਂ ਪ੍ਰਭਾਵਸ਼ਾਲੀ ਮਾਰਗ-ਦਰਸ਼ਕਾਂ ਵਿਚੋਂ ਵੀ ਹਨ।'' ਬ੍ਰੈਡਲੇ ਨੀਤੀ-ਸ਼ਾਸਤਰ ਨੂੰ ਆਤਮ ਸੂਝ-ਬੂਝ ਮੰਨਦਾ ਹੈ। ਕਾਂਤ ਅਨੁਸਾਰ ''ਆਪਣੇ ਸਾਰੇ ਨੈਤਿਕ ਫਰਜ਼ਾਂ ਨੂੰ ਰੱਬੀ ਹੁਕਮ ਮੰਨਣਾ 'ਧਰਮ' ਅਖਵਾਉਂਦਾ ਹੈ।''

ਸੋ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਨੈਤਿਕਤਾ ਦਾ ਆਧਾਰ ਧਰਮ ਹੈ।

### 2.5 ਵਿਸ਼ਵ ਧਰਮਾਂ ਵਿਚ ਨੈਤਿਕਤਾ

ਸੰਸਾਰ ਦੀਆਂ ਦੋ ਪ੍ਰਮੁੱਖ ਧਾਰਮਿਕ ਪਰੰਪਰਾਵਾਂ ਸਾਮੀ ਅਤੇ ਭਾਰਤੀ ਹਨ। ਅਸੀਂ ਇਥੇ ਇਨ੍ਹਾਂ ਧਾਰਮਿਕ ਪਰੰਪਰਾਵਾਂ ਵਿਚ ਮਿਲਦੇ ਨੈਤਿਕ ਵਿਚਾਰਾਂ ਨੂੰ ਪ੍ਰਸਤੁਤ ਕਰਾਂਗੇ।

- **ਸਾਮੀ ਧਰਮ:** ਸਾਮੀ ਧਰਮਾਂ ਦੀ ਲੜੀ ਵਿਚ ਯਹੂਦੀ, ਇਸਾਈ, ਇਸਲਾਮ ਅਤੇ ਪਾਰਸੀ ਮਤ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਯਹੂਦੀ ਧਰਮ ਸਾਮੀ ਧਰਮਾਂ ਦੀ ਲੜੀ ਵਿਚ ਮੁਢਲਾ ਧਰਮ ਹੈ। ਯਹੂਦੀ ਨੈਤਿਕ ਨਿਯਮਾਂ ਦਾ ਆਧਾਰ ਧਰਮ ਗ੍ਰੰਥ ਬਾਈਬਲ (ਪੁਰਾਣਾ ਅਹਿਦਨਾਮਾ) ਹੈ। ਪੁਰਾਣਾ ਅਹਿਦਨਾਮਾ ਵਿਚ ਸ਼ਾਮਿਲ ਦਸ ਆਦੇਸ਼ਾਂ ਵਿਚੋਂ ਜਿਆਦਾ ਨੈਤਿਕ ਨਿਯਮ ਹਨ। ਜਿਵੇਂ:

1. ਆਪਣੇ ਮਾਤਾ ਪਿਤਾ ਦਾ ਆਦਰ ਮਾਣ ਕਰੋ

2. ਤੂੰ ਕਤਲ ਨਹੀਂ ਕਰੇਂਗਾ
3. ਤੂੰ ਬਦਕਾਰੀ ਪਾਪ ਨਾ ਕਰ
4. ਤੂੰ ਚੋਰੀ ਨਾ ਕਰ
5. ਤੂੰ ਆਪਣੇ ਗੁਆਂਢੀ ਖਿਲਾਫ ਝੂਠੀ ਗਵਾਹੀ ਨਹੀਂ ਦੇਵੇਂਗਾ
6. ਤੂੰ ਆਪਣੇ ਗੁਆਂਢੀ ਦੀ ਪਤਨੀ ਦੀ ਇੱਛਾ ਨਹੀਂ ਕਰੇਂਗਾ
7. ਗੁਆਂਢੀ ਦੀਆਂ ਵਸਤੂਆਂ ਦਾ ਲਾਲਚ ਨਾ ਕਰ

ਇਸਲਾਮ ਧਰਮ ਦੇ ਪ੍ਰਮੁੱਖ ਪੰਜ ਥੰਮਾਂ ਵਿਚੋਂ ਜ਼ਕਾਤ ਨੈਤਿਕ ਅਸੂਲ ਹੈ। ਜ਼ਕਾਤ ਦਾ ਅਰਥ ਹੈ ਆਪਣੀ ਆਮਦਨ ਦਾ 40ਵਾਂ ਹਿੱਸਾ। ਜੋ ਕਿ ਇਕ ਮੁਸਲਿਮ ਲਈ ਲੋੜਵੰਦਾਂ ਲਈ ਕੱਢਣਾ ਬੇਹੱਦ ਜਰੂਰੀ ਹੈ। ਇਸਾਈ ਧਰਮ ਦੇ ਧਰਮ ਗ੍ਰੰਥ ਨਵਾਂ ਨੇਮ ਦੇ ਬਹੁਤੇ ਉਪਦੇਸ਼ ਨੈਤਿਕਤਾ ਨਾਲ ਸੰਬੰਧਿਤ ਹਨ। 'ਇਸਾਈ ਧਰਮ ਅਧਿਐਨ' ਵਿਚ ਇਨ੍ਹਾਂ ਦਾ ਨੈਤਿਕ ਧਰਮ-ਸ਼ਾਸਤਰ (Moral Theology) ਤਹਿਤ ਅਧਿਐਨ ਕੀਤਾ ਜਾਂਦਾ ਹੈ। ਨਵੇਂ ਨੇਮ ਵਿਚ ਗੁੱਸੇ ਸੰਬੰਧੀ ਸਿਖਿਆ, ਵਿਭਚਾਰ ਸੰਬੰਧੀ ਸਿਖਿਆ, ਬਦਲਾ ਲੈਣ ਸੰਬੰਧੀ ਸਿਖਿਆ, ਵੈਰੀਆਂ ਨਾਲ ਪਿਆਰ ਆਦਿ ਸਿਰਲੇਖਾਂ ਹੇਠ ਨੈਤਿਕ ਸਿਖਿਆ ਨੂੰ ਵੇਖਿਆ ਜਾ ਸਕਦਾ ਹੈ। ਪਾਰਸੀ ਧਰਮ ਦਾ ਆਧਾਰ ਵੀ ਨੇਕੀ ਹੈ।

- **ਭਾਰਤੀ ਧਰਮ:** ਭਾਰਤੀ ਧਰਮਾਂ ਵਿਚ ਹਿੰਦੂ, ਜੈਨ, ਬੁੱਧ ਅਤੇ ਸਿਖ ਧਰਮ ਸ਼ਾਮਿਲ ਹਨ। ਭਾਰਤੀ ਧਰਮਾਂ ਦਾ ਨੈਤਿਕਤਾ ਦਾ ਸੰਬੰਧ ਕਰਮ ਸਿਧਾਂਤ ਨਾਲ ਜੁੜਦਾ ਹੈ। ਜਿਸ ਵਿਚ ਹਰ ਚੰਗੇ ਅਤੇ ਬੁਰੇ ਕੰਮ ਦਾ ਫਲ ਮਿਲਦਾ ਹੈ। ਹਿੰਦੂ ਧਰਮ ਨੈਤਿਕਤਾ ਦਾ ਮੂਲ ਆਧਾਰ 'ਵੇਦ' ਹਨ। ਇਸ ਤੋਂ ਇਲਾਵਾ ਗੀਤਾ ਨੈਤਿਕਤਾ ਦਾ ਸਾਰ ਹੈ। ਰਮਾਇਣ ਬਦੀ ਉਪਰ ਨੇਕੀ ਦੀ ਜਿੱਤ ਦੀ ਪੁਖਤਾ ਮਿਸਾਲ ਹੈ। ਰਮਾਇਣ ਦੀ ਵਿਆਖਿਆ ਅੱਜ ਤੱਕ ਇਸੇ ਸੰਦਰਭ ਵਿਚ ਕੀਤੀ ਜਾਂਦੀ ਹੈ। ਹਿੰਦੂ ਧਰਮ ਨੈਤਿਕਤਾ ਦਾ ਆਧਾਰ ਕਰਮ ਅਤੇ ਫਲ ਉਪਰ ਆਧਾਰਿਤ ਹੈ। ਬੁਰੇ ਕੰਮਾਂ ਦੀ ਸਜਾ ਲਈ ਨਰਕ ਵਿਚ ਵੱਖ-ਵੱਖ ਤਰਾਂ ਦੀਆਂ ਸਜਾਵਾਂ ਨਿਯਤ ਕੀਤੀਆਂ ਗਈਆਂ ਹਨ। ਗੀਤਾ ਕਰਮਯੋਗ ਉਪਰ ਵਧੇਰੇ ਬਲ ਦਿੰਦੀ ਹੈ।

ਜੈਨ ਧਰਮ ਅਹਿੰਸਾ ਨੂੰ ਪਰਮ-ਧਰਮ ਮੰਨਦਾ ਹੈ। ਜਿਹੜਾ ਕਿ ਇਸ ਧਰਮ ਦਾ ਪ੍ਰਮੁੱਖ ਨੈਤਿਕ ਗੁਣ ਹੈ। ਇਸ ਵਿਚ ਤਿੰਨ ਤਰਾਂ ਦੀ ਹਿੰਸਾ (ਮਨ, ਬਚਨ, ਕਰਮ) ਉਪਰ ਰੋਕ ਲਗਾਈ ਗਈ ਹੈ। ਜੈਨ ਧਰਮ ਦੇ ਨੈਤਿਕ ਗੁਣਾਂ ਦਾ ਆਧਾਰ ਪੰਜ ਮਹਾਂਵਰਤ ਹਨ।

1. ਅਹਿੰਸਾ: ਅਹਿੰਸਾ ਅਨੁਸਾਰ ਮਨ, ਬਚਨ ਅਤੇ ਕਰਮ ਕਰਕੇ ਹਿੰਸਾਂ ਨਹੀਂ ਕਰਨੀ ਚਾਹੀਂਦੀ।
2. ਸਤ: ਸਚ ਦਾ ਸੰਬੰਧ ਸੱਚੇ ਵਿਹਾਰ ਨਾਲ ਹੈ।
3. ਅਸਤੇਯ: ਅਸਤੇਯ ਦਾ ਭਾਵ ਚੋਰੀ ਨਾ ਕਰਨਾ ਹੈ।
4. ਅਪਰਿਗ੍ਰਹਿ: ਵਸਤੂਆਂ ਦੇ ਮੋਹ ਦਾ ਤਿਆਗ ਹੈ।
5. ਬ੍ਰਹਮਚਰਯ: ਵਿਭਚਾਰ ਨਾ ਕਰਨਾ ਹੈ।

ਬੁੱਧ ਧਰਮ ਭਾਵੇਂ ਪ੍ਰਮਾਤਮਾ ਦੀ ਹੋਂਦ ਪ੍ਰਤੀ ਚੁਪ ਹੈ। ਪਰ ਇਸ ਵਿਚ ਗਿਆਨ ਦੀ ਪ੍ਰਾਪਤੀ ਨੂੰ ਉਚ ਸਥਾਨ ਹਾਸਲ ਹੈ। ਇਸ ਤੋਂ ਇਲਾਵਾ ਬੁੱਧ ਧਰਮ ਨੈਤਿਕਤਾ ਉਪਰ ਵਿਸ਼ੇਸ ਧਿਆਨ ਦਿੰਦਾ ਹੈ। ਬੁੱਧ ਧਰਮ ਦੇ ਚਾਰ ਆਰੀਆ ਸੱਚਾਂ ਵਿਚ ਤੀਜਾ ਆਰੀਆ ਸਚ ''ਦੁਖ ਦੀ ਨਵਿਰਤੀ ਦਾ ਮਾਰਗ: ਅਸਟਾਂਗ ਮਾਰਗ'' ਨੈਤਿਕਤਾ ਦੀ ਚਰਮ ਸੀਮਾ ਛੂੰਹਦਾ ਹੈ। ਅਸਟਾਂਗ ਮਾਰਗ ਨੂੰ ਮੱਧ ਮਾਰਗ ਵੀ ਕਿਹਾ ਜਾਂਦਾ ਹੈ। ਅਸਟਾਂਗ ਮਾਰਗ ਅਸਲ ਵਿਚ ਅੱਠ ਨੈਤਿਕ ਗੁਣ ਹਨ। ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਅਪਣੇ ਦੁੱਖਾਂ ਤੋਂ ਨਵਿਰਤੀ ਪਾ ਸਕਦਾ ਹੈ।

1. ਸਹੀ ਦ੍ਰਿਸ਼ਟੀ
2. ਸਹੀ ਸੰਕਲਪ
3. ਸਹੀ ਵਾਕ
4. ਸਹੀ ਕਰਮ
5. ਸਹੀ ਜੀਵਿਕਾ
6. ਸਹੀ ਯਤਨ
7. ਸਹੀ ਸਿਮ੍ਰਿਤੀ
8. ਸਹੀ ਸਮਾਧੀ

## 2.6 ਸਿਖ ਧਰਮ ਵਿਚ ਨੈਤਿਕਤਾ

ਸਿਖ ਧਰਮ ਦੀ ਖਾਸੀਅਤ ਅਤੇ ਵਿਲੱਖਣਤਾ ਇਸ ਗੱਲ ਵਿਚ ਵਧੇਰੇ ਹੈ ਕਿ ਗੁਰਬਾਣੀ ਮਨੁੱਖੀ ਜੀਵਨ ਦੀਆਂ ਪ੍ਰਸਥਿਤੀਆਂ ਨੂੰ ਮੁਖਾਤਿਬ ਹੁੰਦੀ ਹੈ। ਇਹ ਜੀਵਨ-ਮੁਕਤ ਦੀ ਧਾਰਨਾ ਨੂੰ ਪੇਸ਼ ਕਰਦੀ ਹੈ। ਇਹ ਪਲਤ-ਮੁਖੀ ਕਦਰਾਂ ਦੇ ਨਾਲ-ਨਾਲ ਹਲਤ-ਮੁਖੀ ਕਦਰਾਂ ਨੂੰ ਤਵੱਜੋਂ ਦਿੰਦੀ ਹੈ। ਸਿਖ ਧਰਮ ਧਾਰਮਿਕ ਰਸਮਾਂ/ਰੀਤਾਂ ਨਾਲੋਂ ਸੁਚੱਜੇ ਜੀਵਨ ਨੂੰ ਪਹਿਲ ਦਿੰਦੀ ਹੈ। ਇਸਦੀ ਪੁਖਤਾ ਮਿਸਾਲ 'ਗੁਰੂ ਨਾਨਕ ਦੇਵ ਜੀ ਦੀ ਮੱਕਾ ਫੇਰੀ' ਵਿਚੋਂ ਮਿਲਦੀ ਹੈ। ਜਿਸਦਾ ਹਵਾਲਾ 'ਵਾਰਾਂ ਭਾਈ ਗੁਰਦਾਸ' ਵਿਚੋਂ ਮਿਲਦਾ ਹੈ। ਮੱਕੇ ਦੇ ਹਾਜ਼ੀਆਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਹਿੰਦੂ ਅਤੇ ਮੁਸਲਮਾਨ ਵਿਚੋਂ ਵੱਡਾ/ਸ੍ਰੇਸਟ ਕੌਣ ਹੈ? ਗੁਰੂ ਜੀ ਦਾ ਉੱਤਰ ਸੀ ਕਿ ਸ਼ੁਭ ਅਮਲਾਂ ਤੋਂ ਬਿਨਾ ਦੋਹੇ ਹੀ ਵਿਅਰਥ ਹਨ। ਇਹ ਉਦਹਾਰਨ ਸਿਖ ਧਰਮ ਵਿਚ ਨੈਤਿਕਤਾ ਦੇ ਪੱਖ ਦੀ ਉਚੇਚਤਾ ਨੂੰ ਸਪਸ਼ਟ ਕਰਦੀ ਹੈ।

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬੇ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥ (ਭਾਈ ਗੁਰਦਾਸ, ਵਾਰ 1, ਪਉੜੀ 33)

## 2.7 ਸਿਖ ਧਰਮ ਵਿਚ ਨੈਤਿਕਤਾ ਦੇ ਸਰੋਤ:

ਨੈਤਿਕਤਾ ਦੇ ਸਰੋਤ ਧਰਮ ਵਿਸ਼ੇਸ਼ ਲਈ ਨੈਤਿਕਤਾ ਦੇ ਆਧਾਰ ਸਥਾਪਿਤ ਕਰਦੇ ਹਨ। ਇਹ ਪ੍ਰਵਾਣਿਤ ਪ੍ਰਾਇਮਰੀ ਜਾਂ ਗੌਣ ਸਰੋਤ ਹੁੰਦੇ ਹਨ। ਸਿਖ ਨੈਤਿਕਤਾ ਦਾ ਮੂਲ ਸਰੋਤ ਗੁਰਬਾਣੀ ਹੈ। ਇਸ ਤੋਂ ਬਿਨਾ ਦੂਜੇਲੇ ਸਰੋਤਾਂ ਵਿਚੋਂ ਸਿਖ ਨੈਤਿਕਤਾ ਲਈ ਸਮੱਗਰੀ ਪ੍ਰਾਪਤ ਹੁੰਦੀ ਹੈ। ਹੇਠਾਂ ਅਸੀਂ ਇਨ੍ਹਾਂ ਸਰੋਤਾਂ ਦਾ ਵੇਰਵਾ ਦਿੰਦੇ ਹਾਂ:

**2.7.1 ਸ੍ਰੀ ਗੁਰੂ ਗ੍ਰੰਥ ਸਾਹਿਬ**: ਸਿਖ ਨੈਤਿਕ ਕਦਰਾਂ ਦਾ ਮੁੱਖ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਗੁਰਬਾਣੀ ਨੈਤਿਕ ਕਦਰਾਂ ਦਾ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਕੇਵਲ ਅਧਿਆਤਮਿਕ ਜਾਂ ਰੂਹਾਨੀਅਤ ਦੀ ਰਹਿਨੁਮਾਈ ਨਹੀਂ ਕਰਦੇ ਬਲਕਿ ਸੰਸਾਰਕ ਰਹਿਤਲ ਦੀਆਂ ਸੇਧਾਂ ਵੀ ਬਖਸ਼ਦੇ ਹਨ। ਗੁਰਬਾਣੀ ਨੈਤਿਕਤਾ ਲਈ ਪਾਰ-ਸੰਪ੍ਰਦਾਇਕ ਦ੍ਰਿਸ਼ਟੀ ਸਿਰਜਦੀ ਹੈ। ਜਿਸ ਵਿਚੋਂ ਮਨੁੱਖ ਮਾਤਰ ਲਈ ਨੈਤਿਕ ਉਪਦੇਸ਼ ਪ੍ਰਸਤੁਤ ਹੁੰਦੇ ਹਨ।

**2.7.2 ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਸਮ ਗ੍ਰੰਥ ਵਿਚ ਦਰਜ਼ ਹੈ। ਦਸਮ ਗ੍ਰੰਥ ਦਾ ਸੰਦੇਸ਼ ਅਧਿਆਤਮਕ ਦੇ ਨਾਲ-ਨਾਲ ਸੰਸਾਰਕ ਵਧੇਰੇ ਹੈ।

**2.7.3 ਭਾਈ ਗੁਰਦਾਸ ਜੀ ਦੀਆਂ ਰਚਨਾਵਾਂ:** ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਪ੍ਰਵਾਣਤਾ ਦਿੱਤੀ ਗਈ ਹੈ। ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਅਤੇ 675 ਕਬਿੱਤਾਂ ਵਿਚ ਅਨੇਕਾਂ ਮਿਸਾਲਾਂ ਦੇ ਕੇ ਮਨੁੱਖ ਨੂੰ ਨੈਤਿਕ ਬਣਨ ਦੀ ਸੇਧ ਦਿੰਦੇ ਹਨ।

**2.7.4 ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ:** ਡਾ. ਗੰਡਾ ਸਿੰਘ ਨੇ ''ਭਾਈ ਨੰਦ ਲਾਲ ਗ੍ਰੰਥਾਵਲੀ'' ਵਿਚ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦੀ ਗਿਣਤੀ ਦਸ ਦੱਸੀ ਹੈ। ਜਿਨ੍ਹਾਂ ਵਿਚੋਂ 07 ਫਾਰਸੀ ਅਤੇ 03 ਪੰਜਾਬੀ ਵਿਚ ਹਨ। 1. ਜਿੰਦਗੀਨਾਮਾ 2. ਦੀਵਾਨ ਗੋਯਾ 3. ਤੌਸੀਫ ਓ ਸਨਾ ਅਤੇ ਖਾਤਿਮਾ 4. ਗੰਜਨਾਮਾ 5. ਜੋਤ ਬਿਗਾਸ 6. ਜੋਤ ਬਿਗਾਸ (ਪੰਜਾਬੀ) 8. ਰਹਿਤ ਨਾਮਾ ਅਤੇ ਤਨਖਾਹ ਨਾਮਾ 9. ਦਸਤੂਰੁਲ ਇਨਸਾ 10. ਅਰਜ਼ੁਲ ਅਲਫਾਜ਼

**2.7.5 ਜਨਮਸਾਖੀਆਂ:** ਜਨਮਸਾਖੀਆਂ ਮੁੱਖ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚਲੀਆਂ ਸਾਖੀਆਂ ਵਿਚ ਨੈਤਿਕ ਜੀਵਨ ਸੰਬੰਧੀ ਉਪਦੇਸ਼ ਸਾਹਮਣੇ ਆਉਂਦੇ ਹਨ। ਹਰ ਸਾਖੀ ਕਿਸੇ ਨਾਲ ਕਿਸੇ ਨੈਤਿਕ ਉਪਦੇਸ਼ ਨਾਲ ਸੰਬੰਧਿਤ ਹੈ। ਇਨ੍ਹਾਂ ਸਾਖੀਆਂ ਵਿਚ ਸਚ ਬੋਲਣਾ, ਚੋਰੀ ਨਾ ਕਰਨਾ, ਪਾਪ ਨਾ ਕਰਨਾ ਆਦਿ ਨੈਤਿਕ-ਵਿਚਾਰ ਪ੍ਰਗਟ ਹੁੰਦੇ ਹਨ। ਸਾਖੀ ਰੂਪ ਵਿਚ ਹੋਣ ਕਰਕੇ ਇਨ੍ਹਾ ਦਾ ਪ੍ਰਚਲਨ ਵਧੇਰੇ ਹੋਇਆ।

**2.7.6 ਰਹਿਤਨਾਮੇ:** ਰਹਿਤਨਾਮਿਆਂ ਦਾ ਮੂਲ ਵਿਸ਼ਾ ਸਿਖ ਰਹਿਤ ਹੈ। ਜਿਸ ਵਿਚ ਮੁੱਖ ਰੂਪ ਵਿਚ ਧਾਰਮਿਕ ਰਹਿਤ ਸੰਬੰਧੀ ਸਿਖਿਆਵਾਂ, ਰਹਿਤਾਂ, ਤਨਖਾਹਾਂ ਦੇ ਵੇਰਵੇ ਦਰਜ਼ ਹਨ। ਧਾਰਮਿਕ ਤੋਂ ਇਲਾਵਾ ਨੈਤਿਕ ਕਦਰਾਂ ਕੀਮਤਾਂ ਨਾਲ ਸੰਬੰਧਿਤ ਰਹਿਤਾਂ ਤੋਂ ਸਿਖ ਨੈਤਿਕ ਕਦਰਾਂ ਦੇ ਵੇਰਵੇ ਪ੍ਰਾਪਤ ਹੁੰਦੇ ਹਨ।

**2.7.7 ਇਤਿਹਾਸਕ ਗ੍ਰੰਥ:** ਸਿਖ ਇਤਿਹਾਸਕ ਗ੍ਰੰਥਾਂ ਵਿਚ ਅਠਾਰਵੀਂ ਤੇ ਉਨੀਵੀਂ ਸਦੀ ਦਾ ਇਤਿਹਾਸਕ ਸਾਹਿਤ ਹੈ। ਜਿਸ ਵਿਚ ਸ੍ਰੀ ਗੁਰ ਸੋਭਾ, ਗੁਰ ਬਿਲਾਸ ਪਾਤਸ਼ਾਹੀ 10, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪ੍ਰਾਚੀਨ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪ੍ਰੇਮ ਸੁਮਾਰਗ ਗ੍ਰੰਥ ਆਉਂਦੇ ਹਨ। ਇਨ੍ਹਾਂ ਗ੍ਰੰਥਾਂ ਵਿਚ ਨੈਤਿਕ ਕਦਰਾਂ ਕੀਮਤਾਂ ਦਾ ਵਿਸਤਾਰ ਸਿਧਾਂਤਕ ਅਤੇ ਇਤਿਹਾਸਕ ਰੂਪ ਵਿਚ ਮਿਲਦਾ ਹੈ।

**2.7.8 ਸਿਖ ਰਹਿਤ ਮਰਯਾਦਾ**: ਸਿਖ ਰਹਿਤ ਮਰਯਾਦਾ ਨੂੰ ਪੰਥ ਵੱਲੋਂ ਪ੍ਰਵਾਣ ਕੀਤਾ ਗਿਆ ਹੈ। ਜਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਬ-ਕਮੇਟੀ ਦੁਆਰਾ ਪੰਥਕ ਵਿਦਵਾਨਾਂ ਦੀ ਇਕੱਤਰਤਾ ਵਿਚ 1945 ਈ. ਨੂੰ ਪ੍ਰਵਾਣ ਕਰ ਲਿਆ ਗਿਆ ਸੀ। ਰਹਿਤ ਮਰਯਾਦਾ ਵਿਚ ਰਹਿਤ ਨੂੰ ਸ਼ਖਸੀ ਅਤੇ ਪੰਥਕ ਰਹਿਣੀ ਵਿਚ ਵੰਡ ਕੇ ਨਿਯਮ ਨਿਰਧਾਰਨ ਕੀਤੇ ਗਏ ਹਨ। ਇਸ ਵਿਚ ਧਾਰਮਿਕ ਤੋਂ ਇਲਾਵਾ ਨੈਤਿਕ ਕਦਰਾਂ ਦਾ ਵਖਿਆਣ ਕੀਤਾ ਗਿਆ ਹੈ।

## 2.8 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਨੈਤਿਕਤਾ ਦੇ ਵੱਖ-ਵੱਖ ਰੂਪ:

ਸਿਖ ਨੈਤਿਕ-ਸ਼ਾਸਤਰ ਦਾ ਧੁਰਾ ਗੁਰਬਾਣੀ ਹੈ। ਗੁਰਬਾਣੀ ਵਿਚ ਨੀਤੀ-ਸ਼ਾਸਤਰ ਕਿਸੇ ਪ੍ਰਬੰਧ ਰੂਪ ਵਿਚ ਨਹੀਂ ਸਿਰਜਿਆ ਗਿਆ। ਬਲਕਿ ਗੁਰਬਾਣੀ ਵਿਚ ਵਿਕੋਲਿਤਰੇ ਰੂਪ ਵਿਚ ਨੈਤਿਕ ਅਸੂਲਾਂ ਸੰਬੰਧੀ ਟੂਕਾਂ ਮਿਲਦੀਆਂ ਹਨ। ਗੁਰਬਾਣੀ ਵਿਚ ਨੈਤਿਕ ਜਾਂ ਨੈਤਿਕਤਾ ਸ਼ਬਦ ਦੀ ਵਰਤੋਂ ਨਹੀਂ ਹੋਈ। ਪਰ ਇਸਦੇ ਸਮਾਨਾਰਥਕ ਸ਼ਬਦ ਮਿਲਦੇ ਹਨ। ਜਿਵੇਂ: ਆਚਾਰ, ਬਿਉਹਾਰ, ਨੇਕੀ, ਰਹਿਤ, ਚਾਲ, ਕਰਣੀ, ਸੁਕ੍ਰਿਤ, ਗੁਣ ਅਤੇ ਪਾਪ-ਪੁੰਨ। ਗੁਰਬਾਣੀ ਵਿਚ ਆਏ ਨੈਤਿਕਤਾ ਦੇ ਸੰਕਲਪ ਨੂੰ ਸਪਸ਼ਟ ਕਰਨ ਲਈ ਉਕਤ ਸ਼ਬਦਾਂ ਨੂੰ ਵਿਚਾਰਨਾ ਜਰੂਰੀ ਹੋ ਜਾਂਦਾ ਹੈ। ਹੁਣ ਅਸੀਂ ਕ੍ਰਮਵਾਰ ਇਨ੍ਹਾਂ ਉਪਰ ਵਿਚਾਰ ਕਰਦੇ ਹਾਂ।

### 2.8.1 ਆਚਾਰ

ਆਚਾਰ ਤੋਂ ਭਾਵ ਹੈ: ਜੀਵਨ-ਵਿਵਹਾਰ। ਪੰਜਾਬੀ ਸਭਿਆਚਾਰਕ ਸ਼ਬਦਾਵਲੀ ਕੋਸ਼ ਵਿਚ ਆਚਾਰ ਦੇ ਅਰਥ '' ਚਰਿੱਤਰ, ਆਚਾਰਨ, ਕਰਤੱਬ।'' ਦਿੱਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਚਾਰ' ਸ਼ਬਦ 10 ਵੱਖ-ਵੱਖ ਵਿਆਕਰਨਕ ਰੂਪਾਂ ਵਿਚ 51 ਵਾਰ ਵਰਤਿਆ ਗਿਆ ਹੈ। ਵੱਖ-ਵੱਖ ਵਿਆਕਰਨਕ ਰੂਪ: ਆਚਾਰ, ਆਚਾਰਾ, ਆਚਾਰਿ, ਆਚਾਰੀ, ਆਚਾਰੁ, ਅਚਾਰ, ਅਚਾਰਾ, ਅਚਾਰਿ, ਅਚਾਰੁ, ਅਚਾਰੇ। ਇਸ ਤੋਂ ਇਲਾਵਾ ਇਸ ਨਾਲ ਸੰਬੰਧਿਤ ਆਚਾਰਨ, ਕਿਰਿਆਚਾਰ, ਅਚਾਰਵੰਤਿ ਅਤੇ ਅਚਾਰਵੰਤੁ ਸ਼ਬਦ ਮਿਲਦੇ ਹਨ। ਇਨ੍ਹਾਂ ਦੀ ਵਰਤੋਂ ਵਧੇਰੇ ਵਾਰ ਜੀਵਨ-ਵਿਵਹਾਰ ਦੇ ਅਰਥਾਂ ਵਿਚ ਹੋਈ ਮਿਲਦੀ ਹੈ।

ਆਚਾਰ ਦੀ ਅਹਿਮੀਅਤ ਬਾਰੇ ਗੁਰਬਾਣੀ ਦੀ ਧਾਰਨਾ ਇਸ ਗੱਲ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ ਵਿਚ ਪ੍ਰਮਾਤਮਾ ਨੂੰ ਆਚਾਰੀ ਕਹਿ ਕੇ ਸੰਬੋਧਨ ਕੀਤਾ ਹੈ।

- ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ **ਆਚਾਰੀ**॥ (ਗੁ.ਗ੍ਰੰ.ਸਾ. 507)

ਗੁਰਬਾਣੀ ਵਿਚ ਸੱਚੇ ਆਚਾਰ ਨੂੰ ਸਭ ਤੋਂ ਉਪਰ ਦਰਜ਼ਾ ਦਿੱਤਾ ਗਿਆ ਹੈ।

- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ (ਗੁ.ਗ੍ਰੰ.ਸਾ. 62)

ਵਿਅਕਤੀ ਆਚਾਰ ਨੂੰ ਸਮਾਜ ਦੀਆਂ ਵੱਖ-ਵੱਖ ਇਕਾਈਆਂ ਪਰਿਵਾਰ, ਸਮਾਜ, ਵਿਦਿਅਕ ਸੰਸਥਾਵਾਂ ਜਾਂ ਧਾਰਮਿਕ ਸੰਸਥਾਵਾਂ ਵਿਚੋਂ ਗ੍ਰਹਿਣ ਕਰਦਾ ਹੈ। ਪਰਿਵਾਰਕ ਅਤੇ ਸਮਾਜਿਕ ਵਿਰਸੇ ਦੀ ਅਮੀਰੀ ਆਦਰਸ਼ਕ ਸ਼ਖਸੀਅਤ ਦੇ ਵਿਕਾਸ ਵਿਚ ਵਡਮੁੱਲ ਯੋਗਦਾਨ ਪਾਉਂਦੀ ਹੈ। ਗੁਰਬਾਣੀ ਅਨੁਸਾਰ ਵਿਚ ਆਚਾਰ ਸਿਖਣ ਦਾ ਵਸੀਲਾ ਗੁਰੂ ਹੈ। ਗੁਰਬਾਣੀ ਮਨੁੱਖ ਨੂੰ ਗੁਰੂ ਨਾਲ ਮਿਲ ਕੇ ਚੱਜ-ਆਚਾਰ ਸਿਖਣ ਦੀ ਪ੍ਰੇਰਨਾ ਦਿੰਦੀ ਹੈ।

- ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥ (ਗੁ.ਗ੍ਰੰ.ਸਾ. 50)
- ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ (ਗੁ.ਗ੍ਰੰ.ਸਾ. 18)

ਗੁਰਬਾਣੀ ਵਿਚ ਆਚਾਰ ਦਾ ਮੂਲ ਸ੍ਰੋਤ ਨਾਮ ਨੂੰ ਦੱਸਿਆ ਗਿਆ ਹੈ। ਨਾਮ ਪ੍ਰਮਾਤਮਾ ਨਾਲ ਇਕਮਿਕ ਹੋਣ ਦਾ ਵਸੀਲਾ ਹੈ। ਇਹ ਆਤਮਕ ਅਵਸਥਾ ਦੀ ਸੁਹਜਾਤਮਕ ਕੀਮਤ ਹੈ। ਨੈਤਿਕ ਕਦਰਾਂ ਮਨ ਵਿਚੋਂ ਪ੍ਰਗਟ ਹੁੰਦੀਆਂ ਹਨ। ਮਨੁੱਖ ਦੇ ਅੰਤਹਕਰਨ ਵਿਚ ਪਈ ਹੋਈ ਪੂਰਬਲੇ ਕਰਮਾਂ ਦੀ ਵਿਕਾਰੀ ਖੇਪ ਮਨੁੱਖ ਦੇ ਆਚਾਰ ਨੂੰ ਅਨੈਤਿਕ

ਬਣਾ ਦਿੰਦੀ ਹੈ। ਜਿਸ ਦਾ ਪ੍ਰਭਾਵ ਮਨੁੱਖੀ-ਕਾਰਜਾਂ ਉੱਤੇ ਪੈਂਦਾ ਹੈ। ਪ੍ਰਭੂ-ਬੰਦਗੀ ਰਾਹੀਂ ਮਨ ਨਿਰਮਲ ਹੁੰਦਾ ਹੈ। ਜਿਸ ਰਾਹੀਂ ਮਨ ਵਿਚਲੇ ਵਿਕਾਰਾਂ ਦੀ ਪਰਤ ਲਹਿ ਜਾਂਦੀ ਹੈ। ਨਿਰਮਲ ਹੋਇਆ ਮਨ ਸਕਤੀ ਅਤੇ ਸੀਉ ਬਣ ਜਾਂਦਾ ਹੈ। ਜਿਸ ਵਿਚੋਂ ਨੈਤਿਕ ਅਮਲ ਪ੍ਰਗਟ ਹੁੰਦੇ ਹਨ।

- ਸਿਮਰਤ ਨਾਮ ਪੂਰਨ ਆਚਾਰ ॥ (ਗੁ.ਗ੍ਰੰ.ਸਾ. 1137)
- ਨਾਮੁ ਹਮਾਰੈ ਸਗਲ ਆਚਾਰ ॥ (ਗੁ.ਗ੍ਰੰ.ਸਾ. 1145)
- ਨਾਮ ਬਿਨਾ ਕੈਸੇ ਆਚਾਰ ॥ (ਗੁ.ਗ੍ਰੰ.ਸਾ. 1330)
- ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ (ਗੁ.ਗ੍ਰੰ.ਸਾ. 1285)

ਗੁਰਬਾਣੀ ਗੁਰਮੁਖ ਅਤੇ ਮਨਮੁਖ ਦੇ ਆਚਾਰ ਵਿਚ ਅੰਤਰ ਸਪਸ਼ਟ ਕਰਦੀ ਹੈ। ਸਾਧੂ, ਗੁਰਮੁਖ ਅਤੇ ਮਨਮੁਖ ਸ਼ਬਦ ਨੈਤਿਕ ਕਦਰਾਂ ਕੀਮਤਾਂ ਵਾਲੇ ਇਨਸਾਨ ਲਈ ਵਰਤੇ ਗਏ ਚਿਹਨ ਹਨ। ਪ੍ਰਭੂ ਕੀਰਤਨ ਸਰਵਣ ਕਰਨਾ, ਪ੍ਰਭੂ ਆਗਿਆ ਵਿਚ ਰਹਿਣਾ, ਗੁਰਮੁਖਾਂ ਦੀ ਸੰਗਤ ਕਰਨੀ ਗੁਰਮੁਖਾਂ ਦਾ ਆਚਾਰ ਦੱਸਿਆ ਗਿਆ ਹੈ:

- ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ ॥ (ਗੁ.ਗ੍ਰੰ.ਸਾ. 1222)
- ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮਾਰੀ ॥ (ਗੁ.ਗ੍ਰੰ.ਸਾ. 377)
- ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥ (ਗੁ.ਗ੍ਰੰ.ਸਾ. 400)

ਇਸ ਤੋਂ ਇਲਾਵਾ ਮਨ ਦੀ ਪ੍ਰਕਿਰਤੀ ਅਨੁਸਾਰ ਵਿਕਾਰਾਂ ਵਿਚ ਗ੍ਰਸਤ ਜੀਵ ਲਈ ਮੈਲੇ ਆਚਾਰ ਵਾਲਾ ਵਿਸ਼ੇਸ਼ਣ ਵਰਤਿਆ ਗਿਆ ਹੈ। ਜਿਸਨੂੰ ਮਨਮੁਖ, ਨਿੰਦਕ, ਸਾਕਤ ਸ਼ਬਦਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਮਨਮੁਖ ਅਨੈਤਿਕ ਵਿਅਕਤੀ ਵਿਸ਼ੇਸ਼ ਹੈ। ਜਿਹੜਾ ਆਪਣਾ ਨਾਕਾਰਾਤਮਕ ਪ੍ਰਭਾਵ ਸਮਾਜ ਉੱਤੇ ਛਡਦਾ ਹੈ।

- ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥ (ਗੁ.ਗ੍ਰੰ.ਸਾ. 508)
- ਨਿੰਦਕ ਕਾ ਮੈਲਾ ਆਚਾਰੁ ॥ (ਗੁ.ਗ੍ਰੰ.ਸਾ. 1151)
- ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ (ਗੁ.ਗ੍ਰੰ.ਸਾ. 1200)

ਕਈ ਵਾਰ ਮਨੁੱਖ ਗੱਲੀਂਬਾਤੀਂ ਬਹੁਤ ਉਚ ਪਾਇ ਦੀਆਂ ਵਿਚਾਰਾਂ ਕਰਦਾ ਹੈ। ਪਰ ਉਸਦਾ ਆਚਰਨ ਉਸਦੇ ਸਿਧਾਤਾਂ ਦੇ ਅਨੁਕੂਲ ਨਹੀਂ ਹੁੰਦਾ। ਅਜਿਹਾ ਇਨਸਾਨ ਜਗ ਵਿਚ ਗਿਆਨੀ ਬਣਦਾ ਹੈ।

- ਗਲੀ ਅਸੀ ਚੰਗੀਆ **ਆਚਾਰੀ** ਬੁਰੀਆਹ॥ (ਗੁ.ਗ੍ਰੰ.ਸਾ. 85)
- ਜਗਿ ਗਿਆਨੀ ਵਿਰਲਾ ਆਚਾਰੀ॥ (ਗੁ.ਗ੍ਰੰ.ਸਾ. 412)

ਗੁਰਬਾਣੀ ਵਿਚ ਆਚਾਰ ਸ਼ਬਦ ਕਰਮ-ਕਾਂਡ ਲਈ ਵੀ ਵਰਤਿਆ ਗਿਆ ਹੈ। ਇਹ ਧਾਰਮਿਕ-ਕਿਰਿਆਵਾਂ ਹੁੰਦੀਆਂ ਹਨ। ਇਨਸਾਨ ਦੁਆਰਾ ਪ੍ਰਮਾਤਮਾਂ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਫੋਕਟ ਆਚਾਰ (ਕਰਮ-ਕਾਂਡ) ਨਿਸਫਲ ਚਲੇ ਜਾਂਦੇ ਹਨ। ਕਈ ਇਨਸਾਨ ਸਮੁੱਚੀ ਜ਼ਿੰਦਗੀ ਇਨ੍ਹਾਂ ਵਿਚ ਵਿਅਰਥ ਗੁਆ ਦਿੰਦੇ ਹਨ। ਕਰਮ-ਕਾਂਡ ਰਾਹੀਂ 'ਪ੍ਰਭੂ-

ਦਰਗਹ' ਤੱਕ ਰਸਾਈ ਨਹੀਂ ਹੋ ਸਕਦੀ। ਇਥੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਧਾਰਮਿਕ ਰੀਤਾਂ-ਰਸਮਾਂ-ਰਿਵਾਜਾਂ ਨਾਲੋਂ ਵਧੇਰੇ ਬਲ ਵਿਅਕਤੀਗਤ ਚਰਿੱਤਰ ਦੀ ਘਾੜਤ ਵੱਲ ਦਿੰਦੀ ਹੈ। ਜਿਵੇਂ:

- ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥ (ਗੁ.ਗ੍ਰੰ.ਸਾ. 162)
- ਤਟਿ ਤੀਰਥਿ ਨਹੀ ਮਨੁ ਪਤੀਆਇ॥ ਚਾਰ ਅਚਾਰ ਰਹੇ ਉਰਝਾਇ॥ (ਗੁ.ਗ੍ਰੰ.ਸਾ. 325)
- ਆਚਾਰੀ ਨਹੀ ਜੀਤਿਆ ਜਾਇ॥ (ਗੁ.ਗ੍ਰੰ.ਸਾ. 355)

### 2.8.2 ਬਿਉਹਾਰ

ਗਿਆਨੀ ਹਜ਼ਾਰਾ ਸਿੰਘ ਅਨੁਸਾਰ ਬਿਉਹਾਰ ਸੰਸਕ੍ਰਿਤ ਦੇ 'ਵਯਵਹਾਰ' ਤੋਂ ਆਇਆ ਹੈ। ਜਿਸਦਾ ਅਰਥ ਹੈ 'ਵਿਹਾਰ'। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕਤਾ ਨੂੰ ਦਰਸਾਉਣ ਲਈ ਬਿਉਹਾਰ ਸ਼ਬਦ ਵਰਤਿਆ ਗਿਆ ਹੈ। ਬਿਉਹਾਰ ਸ਼ਬਦ ਗੁਰਬਾਣੀ ਵਿਚ ਵਧੇਰੇ ਵਾਰ 'ਆਚਾਰ' ਸ਼ਬਦ ਨਾਲ ਆਇਆ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ *''ਕਰਿ ਮਨ ਮੇਰੇ ਸਤਿ ਬਿਉਹਾਰ॥''* ਨਾਲ ਨੈਤਿਕ ਵਿਹਾਰ ਕਰਨ ਲਈ ਸੇਧ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਿਉਹਾਰ' ਸ਼ਬਦ 5 ਵਿਆਕਰਨਕ ਰੂਪਾਂ 53 ਵਾਰ ਆਇਆ ਹੈ। ਬਿਉਹਾਰ ਇਥੇ ਵਿਹਾਰ ਅਤੇ ਵਪਾਰ ਦੇ ਅਰਥਾਂ ਵਿਚ ਆਇਆ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਮਨੁੱਖ ਦਾ ਨਿੰਦਾ ਚੁਗਲੀ ਕਰਨਾ ਉਸਦਾ ਬਿਉਹਾਰ ਬਣ ਜਾਂਦਾ ਹੈ।

- ਕਬਹੂ ਨਿੰਦ ਚਿੰਦ ਬਿਉਹਾਰ ॥ (ਗੁ.ਗ੍ਰੰ.ਸਾ. 277)
- ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ (ਗੁ.ਗ੍ਰੰ.ਸਾ. 726)
- ਸਾਧਸੰਗਿ ਹੋਇ ਤਿਸੁ ਬਿਉਹਾਰੁ ॥ (ਗੁ.ਗ੍ਰੰ.ਸਾ. 1151)

### 2.8.3 ਨੇਕ/ਨੇਕੀ/ ਨੇਕੀਆ

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਨੇਕ ਅਤੇ ਨੇਕੀ ਫਾਰਸੀ ਦੇ ਸ਼ਬਦ ਹਨ, ਨੇਕ ਦਾ ਭਾਵ ਹੈ ''ਹੱਛਾ, ਭਲਾ, ਉਤਮ।'' ਅਤੇ ਨੇਕੀ ਭਾਵ ਭਲਾਈ। ਗੁਰਬਾਣੀ ਵਿਚ ਆਇਆ ਨੇਕ ਸ਼ਬਦ ਨੈਤਿਕ ਵਿਅਕਤੀ ਜਾਂ ਨੈਤਿਕ ਕੰਮਾਂ ਦਾ ਲਖਾਇਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੇਕ ਸ਼ਬਦ ਇਕ ਵਾਰ ਸੱਤੇ ਅਤੇ ਬਲਵੰਡਿ ਦੀ ਵਾਰ ਵਿਚ ਮਾਤਾ ਖੀਵੀ ਜੀ ਲਈ ਵਰਤਿਆ ਗਿਆ ਹੈ। ਜਿਸ ਵਿਚ ਮਾਤਾ ਜੀ ਨੂੰ ਨੇਕ ਔਰਤ ਕਹਿ ਕੇ ਸੰਬੋਧਨ ਹੋਇਆ ਗਿਆ ਹੈ:

- ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ (ਗੁ.ਗ੍ਰੰ.ਸਾ. 966)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੇਕੀ ਅਤੇ ਨੇਕੀਆ ਸ਼ਬਦ ਕ੍ਰਮਵਾਰ ਦੋ-ਦੋ ਵਾਰ ਵਰਤੇ ਗਏ ਹਨ।

ਨੇਕੀ:

- ਮੁਇਆ ਗੰਢੁ ਨੇਕੀ ਸਤੁ ਹੋਇ ॥ (ਗੁ.ਗ੍ਰੰ.ਸਾ. 143)
- ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥ (ਗੁ.ਗ੍ਰੰ.ਸਾ. 721)

ਨੇਕੀਆ:

- ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ (ਗੁ.ਗ੍ਰੰ.ਸਾ. 464)
- ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ (ਗੁ.ਗ੍ਰੰ.ਸਾ. 467)

**2.8.4 ਰਹਿਤ:**

ਰਹਿਤ ਦਾ ਆਮ ਅਰਥ ਹੈ ''ਜੀਵਨ ਜਿਉਂਣ ਦੇ ਨਿਯਮ''। ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ 'ਰਹਤ' 'ਨਾਵ' ਅਤੇ 'ਕਿਰਿਆ' ਦੋਵਾਂ ਸ਼ਬਦ ਰੂਪਾਂ ਵਿਚ ਮਿਲਦਾ ਹੈ। ਗੁਰਬਾਣੀ ਵਿਚ ਇਹ 5 ਵਿਆਕਰਨਕ ਰੂਪਾਂ ਵਿਚ 72 ਵਾਰ ਮਿਲਦਾ ਹੈ। ਵਧੇਰੇ ਵਾਰ ਇਹ ਕਿਰਿਆ ਰੂਪ ਵਿਚ ਵਰਤਿਆ ਗਿਆ ਹੈ। ਪਰ ਇਸ ਤੋਂ ਇਲਾਵਾ ਇਹ ਜੀਵਨ ਢੰਗ, ਰਹਿਤ-ਬਹਿਤ ਦੇ ਅਰਥਾਂ ਵਿਚ ਆਇਆ ਹੈ। ਇਹ ਰਹਿਤ ਨੈਤਿਕ ਜੀਵਨ ਜਿਉਣ ਦੇ ਢੰਗ ਦੇ ਰੂਪ ਵਿਚ ਪੇਸ਼ ਹੋਈ ਹੈ। ਜਿਵੇਂ:

- ਰਹਤ ਅਵਰ ਕਛੁ ਅਵਰ ਕਮਾਵਤ ॥ (ਗੁ.ਗ੍ਰੰ.ਸਾ. 269)
- ਸਭੁ ਕਛੁ ਜਾਨੈ ਆਤਮ ਕੀ ਰਹਤ ॥ (ਗੁ.ਗ੍ਰੰ.ਸਾ. 268)
- ਐਸੀ ਰਹਤ ਰਹਉ ਹਰਿ ਪਾਸਾ ॥ (ਗੁ.ਗ੍ਰੰ.ਸਾ. 327)
- ਸੰਤ ਰਹਤ ਸੁਨਹੁ ਮੇਰੇ ਭਾਈ ॥ (ਗੁ.ਗ੍ਰੰ.ਸਾ. 392)

**2.8.5 ਚਾਲ**

ਚਾਲ ਦਾ ਇਥੇ ਅਰਥ ਜੀਵਨ ਦੀ ਚਾਲ (ਢੰਗ)। ਗੁਰਬਾਣੀ ਵਿਚ ਚਾਲ/ਚਾਲੁ/ਚਾਲਾ/ਚਾਲੀ ਸ਼ਬਦ 24 ਵਾਰ ਆਇਆ ਹੈ। ਗੁਰਬਾਣੀ ਵਿਚ ਭਗਤਾਂ ਦੀ ਚਾਲ, ਗੁਰਸਿਖਾਂ ਦੀ ਚਾਲ, ਗੁਰੂ ਦੀ ਚਾਲ ਦੀ ਗੱਲ ਕੀਤੀ ਗਈ ਹੈ ਗੁਰਬਾਣੀ ਵਿਚ ਚਾਲ ਗੁਰੂ ਪ੍ਰਣਾਈ ਰਹਿਤ/ਨਿਯਮ ਦੇ ਅਰਥਾਂ ਵਿਚ ਆਇਆ ਹੈ। ਇਸ 'ਚਾਲ' ਵਿਲੱਖਣ ਆਖਿਆ ਗਿਆ ਹੈ।

- ਭਗਤਾ ਕੀ ਚਾਲ ਨਿਰਾਲੀ ॥ (ਗੁ.ਗ੍ਰੰ.ਸਾ. 918)
- ਗੁਰਸਿਖ ਮੀਤ ਚਲਹੁ ਗੁਰ ਚਾਲੀ ॥ (ਗੁ.ਗ੍ਰੰ.ਸਾ. 667)
- ਗੁਰ ਕੀ ਚਾਲ ਗੁਰੂ ਤੇ ਜਾਪੈ ॥ (ਗੁ.ਗ੍ਰੰ.ਸਾ. 1045)

**2.8.6 ਕਰਣੀ**

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਰਣੀ ਤੋਂ ਭਾਵ ਹੈ। ਕ੍ਰਿਯਾ, ਕਰਤੂਤ, ਘਾਲ, ਮਿਹਨਤ, ਕਮਾਈ। ਗੁਰਬਾਣੀ ਸਤ, ਸੰਤੋਖ, ਦਇਆ ਦੇ ਗੁਣ ਧਾਰਣ ਕਰਨ ਨੂੰ ਸ੍ਰੇਸਟ 'ਕਰਣੀ' ਆਖਦੀ ਹੈ।

- ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ (ਗੁ.ਗ੍ਰੰ.ਸਾ. 51)

ਗੁਰਬਾਣੀ ਵਿਚ ਸ਼ਬਦ ਦੀ ਵਿਚਾਰ ਨੂੰ ਉੱਤਮ ਕਰਣੀ ਆਖਿਆ ਗਿਆ ਹੈ। ਮਨੁੱਖ ਦੁਆਰਾ ਕਮਾਈ ਇਸ ਚੰਗੀ ਜਾਂ ਮੰਦੀ ਕਰਣੀ ਦੀ ਵਿਚਾਰ/ਲੇਖਾ-ਜੋਖਾ ਹੋਣ ਪ੍ਰਤੀ ਸੁਚੇਤ ਕਰਕੇ, ਇਨਸਾਨ ਨੂੰ ਸ੍ਰੇਸਟ ਕਰਣੀ ਦੇ ਰਾਹ ਤੋਰਿਆ ਗਿਆ ਹੈ।

- ਊਤਮ ਕਰਣੀ ਸਬਦ ਬੀਚਾਰ ॥ (ਗੁ.ਗ੍ਰੰ.ਸਾ. 158)

- ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥ (ਗੁ.ਗ੍ਰੰ.ਸਾ. 464)

**2.8.7 ਸੁਕ੍ਰਿਤ**: ਸੁਕ੍ਰਿਤ ਦਾ ਅਰਥ ਹੈ। 'ਚੰਗੀ ਕਰਨੀ' ਜਾਂ 'ਭਲੀ ਕਿਰਤ'। ਗੁਰਬਾਣੀ ਚੰਗੀ ਕਿਰਤ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦੀ ਹੈ। ਗੁਰਬਾਣੀ ਚੰਗੀ ਕਿਰਤ ਕਰਨ ਲਈ ਕਿਸੇ ਕਿਸਮ ਦੀ ਝਿਜਕ/ਸੰਗ ਨੂੰ ਤੋੜਦੀ ਹੈ। ਜਿਸ ਅਨੁਸਾਰ ਕਿਰਤ ਦਾ ਉੱਚਾ ਜਾਂ ਨੀਵਾਂ ਹੋਣਾ ਕੋਈ ਮੈਟਰ ਨਹੀਂ ਕਰਦਾ ਬਲਕਿ ਕਿਰਤ, ਸੁਕ੍ਰਿਤ ਹੋਣੀ ਜਰੂਰੀ ਹੈ।

- ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ॥ (ਗੁ.ਗ੍ਰੰ.ਸਾ. 1080)

ਅਜਿਹਾ ਇਨਸਾਨ ਦੁਖਾਂ ਦੇ ਨਰਕ ਵਿਚ ਨਹੀਂ ਪੈਂਦਾ ਬਲਕਿ ਸੁਕ੍ਰਿਤ ਕਰਕੇ ਸਰੀਰਕ ਅਤੇ ਮਾਨਿਸਕ ਵਿਕਾਰ ਕਰ ਲੈਂਦਾ ਹੈ। ਮਨੁੱਖ ਦੀ ਵਸਤੂਗਤ ਚਾਹਤ ਨੂੰ ਵੀ ਸੁਕ੍ਰਿਤ ਦੇ ਮਾਧਿਅਮ ਰਾਹੀਂ ਪ੍ਰਾਪਤੀ ਦਾ ਰਾਹ ਚੁਨਣ ਦਾ ਉਪਦੇਸ਼ ਹੈ।

- ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥ (ਗੁ.ਗ੍ਰੰ.ਸਾ. 461)
- ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ (ਗੁ.ਗ੍ਰੰ.ਸਾ. 479)
- ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ (ਗੁ.ਗ੍ਰੰ.ਸਾ. 1134)

**2.8.8 ਗੁਣ**

ਡਾ. ਜੋਗਾ ਸਿੰਘ ਅਨੁਸਾਰ ਗੁਣ ਦਾ ਅਰਥ ਹੈ ਸਿਫਤ, ਖਾਸੀਅਤ, ਵਿਸ਼ੇਸ਼ਤਾ, ਖੂਬੀ, ਵਡਿਆਈ, ਆਦਤ, ਸੁਭਾਅ। ਇਹ ਨੈਤਿਕਤਾ ਦੇ ਸਮਾਨਾਰਥਕ ਸ਼ਬਦ ਹਨ। ਗੁਣ ਨੂੰ ਕੀਮਤ ਵੀ ਆਖਿਆ ਜਾਂਦਾ ਹੈ। ਇਹ ਗੁਣ ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਤੀਪਾਦਤ ਕਰਦੇ ਹਨ। ਇਨ੍ਹਾਂ ਮਾਨਵੀ ਗੁਣਾਂ ਦੀ ਅਹਿਮੀਅਤ ਇਸ ਤੋਂ ਪਤਾ ਲਗਦੀ ਹੈ ਕਿ ਗੁਰਬਾਣੀ ਦਾ ਮੰਨਣਾ ਹੈ ਕਿ ਪ੍ਰਭੂ-ਬੰਦਗੀ ਵੀ ਬਿਨਾ ਗੁਣਾ ਤੋਂ ਨਹੀਂ ਹੋ ਸਕਦੀ। ਇਨ੍ਹਾਂ ਗੁਣਾਂ ਦੀ ਸੋਝੀ ਸਾਧ-ਸੰਗਤਿ ਵਿਚ ਹੁੰਦੀ ਹੈ।

- ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥ (ਗੁ.ਗ੍ਰੰ.ਸਾ. 10)

ਪ੍ਰਮਾਤਮਾ ਦੇ ਵਿਛੋੜੇ ਕਾਰਨ ਇਹ ਗੁਣ ਮਨੁੱਖ ਨਾਲੋਂ ਦੂਰ ਹੋਣੇ ਸ਼ੁਰੂ ਹੋ ਜਾਂਦੇ ਹਨ।

- ਹਰਿ ਬਿਸਰਤ ਤੇਰੇ ਗੁਣ ਗਲਿਆ ॥ (ਗੁ.ਗ੍ਰੰ.ਸਾ. 12)

ਸੰਸਾਰ ਵਿਚ ਵਿਚਰਦਿਆਂ ਹੋਇਆਂ ਚੰਗੇ ਸਮਾਜਕ ਜੀਵਨ ਲਈ ਮਨੁੱਖ ਮਾਤਰ ਨਾਲ ਗੁਣਾਂ ਦੀ ਸਾਂਝ ਪਾਉਂਣ ਦਾ ਉਪਦੇਸ਼ ਦਿੰਦੀ ਹੈ। ਬਿਨਾ ਗੁਣਾਂ ਤੋਂ ਅਹੰਕਾਰ ਕਰਨ ਵਾਲੇ ਨੂੰ ਗਧਾ ਕਿਹਾ ਗਿਆ ਹੈ। ਬਾਬਾ ਫਰੀਦ ਜੀ ਦਾ ਕਹਿਣਾ ਹੈ ਕਿ ਜਿਨ੍ਹਾਂ ਕੰਮਾਂ ਵਿਚ ਕੋਈ ਗੁਣ ਨਹੀਂ ਉਪਜਦਾ ਉਨ੍ਹਾਂ ਕੰਮਾਂ ਨੂੰ ਤਿਲਾਂਜਲੀ ਦੇ ਦੇਣੀ ਚਾਹੀਦੀ ਹੈ।

- ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ (ਗੁ.ਗ੍ਰੰ.ਸਾ. 765)
- ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥ (ਗੁ.ਗ੍ਰੰ.ਸਾ. 1411)
- ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ (ਗੁ.ਗ੍ਰੰ.ਸਾ. 1381)

**2.9 ਸਿਖ ਧਰਮ ਅਨੁਸਾਰ ਨੈਤਿਕ ਕਦਰਾਂ ਕੀਮਤਾਂ**

ਨੈਤਿਕ ਕਦਰਾਂ ਕੀਮਤਾਂ ਨੂੰ ਸਦਗੁਣ ਵੀ ਕਿਹਾ ਜਾਂਦਾ ਹੈ। ਜੇ. ਕ੍ਰਿਸ਼ਨਾਮੂਰਤੀ ਆਪਣੀ ਕਿਤਾਬ Commentaries On Living ਵਿਚ ਲਿਖਦੇ ਹਨ ਕਿ ਸਦਗੁਣਾਂ ਨੂੰ ਕਿਸੇ ਮਨੁੱਖੀ ਮਨ ਦੀ ਅਭਿਆਸ-ਕਿਰਿਆ ਰਾਹੀਂ ਨਹੀਂ ਪਾਇਆ ਜਾ ਸਕਦਾ ਅਤੇ ਨਾ ਹੀ ਡਰ ਵਿਚੋਂ ਸਦਗੁਣ ਪੈਦਾ ਹੋ ਸਕਦੇ ਹਨ। ਸਗੋਂ ਇਹ ਤਾਂ ਇਕ ਸਹਿਜ-ਪ੍ਰਕਿਰਿਆ ਹੈ। ਡਰ ਖੁਦ ਨੂੰ ਕਈ ਰੂਪਾਂ ਵਿਚ ਲੁਕੋਈ ਰਖਦੇ ਹਨ: ਕਿਤੇ ਸਦਗੁਣ, ਇੱਜ਼ਤ-ਮਾਣ, ਮਾਹੌਲ ਮੁਤਾਬਕ ਢਲਣਾ। ਜ਼ਿੰਦਗੀ ਨੂੰ ਮਿਲਦੇ ਹੋਏ ਇਕ ਨਿਮਰਤਾ ਚਾਹੀਦੀ ਹੈ, ਖੁਦੀ ਦੁਆਲੇ ਲਪੇਟੀ ਸਦਗੁਣਾਂ ਦੀ ਇਕ ਕੰਧ ਨਹੀਂ। ਸਿਖ ਧਰਮ ਵਿਚ ਨੈਤਿਕ ਕਦਰਾਂ ਲਈ 'ਗੁਣ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਗੁਰਬਾਣੀ ਅਕਾਲਪੁਰਖ ਦਾ ਚਿਤਰਨ ਗੁਣਾਂ ਦੇ ਰੂਪ ਵਿਚ ਕਰਦੀ ਹੈ। ਮਨੁੱਖ ਦਾ ਇਨ੍ਹਾਂ ਗੁਣਾ ਨੂੰ ਅਪਣਾਉਂਣਾ, ਗੁਣੀ ਵਿਚ ਅਭੇਦ ਹੋਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੈ। ਗੁਰਬਾਣੀ ਬਿਨਾ ਗੁਣਾ/ਸ਼ੁਭ ਅਮਲਾਂ ਵਾਲੇ ਕੰਮਾਂ ਤੋਂ ਵਰਜ਼ਦੀ ਹੈ।

- ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
  ਮਤ ਸਰਮਿੰਦਾ ਥੀਵਹੀ ਸਾਈ ਦੈ ਦਰਬਾਰ॥ (ਗੁ.ਗ੍ਰੰ.ਸਾ. 1380)
- ਕਬੀਰ ਰਸ ਕੋ ਗਾਂਡੋ ਚੂਸੀਐ ਗੁਣ ਕਉ ਮਰੀਐ ਰੋਇ॥ (ਗੁ.ਗ੍ਰੰ.ਸਾ. 1364)

ਡਾ. ਅਵਤਾਰ ਸਿੰਘ ਗੁਰਬਾਣੀ ਕੀਮਤਾਂ ਨੂੰ ਤਿੰਨ ਭਾਗਾਂ ਵਿਚ ਵੰਡਦੇ ਹਨ: 1. ਭੌਤਿਕ ਕੀਮਤਾਂ 2. ਬੌਧਿਕ-ਭਾਵਾਤਮਿਕ-ਕ੍ਰਿਆਤਮਿਕ ਕੀਮਤਾਂ 3. ਅਧਿਆਤਮਿਕ ਕੀਮਤਾਂ

ਡਾ. ਜਸਵਿੰਦਰ ਕੌਰ ਢਿਲੋਂ ਗੁਰਬਾਣੀ ਕੀਮਤਾਂ ਨੂੰ ਆਪਣੀ ਕਿਤਾਬ ''ਗੁਰੂ ਨਾਨਕ ਦੀ ਕੀਮਤ-ਮੀਮਾਂਸਾ'' ਵਿਚ ਜਪੁਜੀ ਵਿਚ ਆਏ ਪੰਜ ਖੰਡਾਂ ਰਾਹੀਂ ਪ੍ਰਤੀਪਾਦਤ ਕਰਦੇ ਹਨ।

**2.9.1 ਸਚਾਈ (Truthfulness):** ਸਿਆਣਿਆਂ ਦੀ ਕਹਾਵਤ ਅਨੁਸਾਰ ਸੂਰਜ, ਚੰਦਰਮਾਂ ਅਤੇ ਸੱਚ ਨੂੰ ਲੰਮੇ ਸਮੇਂ ਤੱਕ ਛੁਪਾਇਆ ਨਹੀਂ ਜਾ ਸਕਦਾ। ਭਾਰਤੀ ਨੀਤੀ-ਸ਼ਾਸ਼ਤਰ ਵਿਚ ਸੱਚ ਨੂੰ ਉੱਤਮ ਕੀਮਤ ਮੰਨਿਆਂ ਗਿਆ ਹੈ। ਭਾਰਤੀ ਦਰਸ਼ਨ ਸਤ, ਚਿਤ ਤੇ ਆਨੰਦ ਦੀ ਧਾਰਨਾ ਉਤੇ ਜ਼ੋਰ ਦਿੰਦਾ ਹੈ। ਗੁਰਬਾਣੀ ਵਿਚ ਸਚ ਨਾਲ ਸੰਬੰਧਿਤ ਸ਼ਬਦਾਵਲੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਣੀਕਾਰ ਮਨੁੱਖ ਲਈ 'ਸਚ' ਪ੍ਰਤੀ ਕਿੰਨੀ ਗੰਭੀਰਤਾ ਅਤੇ ਸੰਜੀਦਗੀ ਆਪਣੇ ਵਿਚਾਰ ਪ੍ਰਸਤੁਤ ਕਰਦੇ ਹਨ। ਸਚ ਲਈ ਮਿਲਦੀ ਸ਼ਬਦਾਵਲੀ: ਸਚ, ਸਚਉ, ਸਚਹ, ਸਚਹੁ, ਸਚੜਾ, ਸਚੜੇ, ਸਚੜੈ, ਸਚਾ, ਸਚਾਵਾ, ਸਚਾਵਾਂ, ਸਚਾਵੀਆ, ਸਚਿ, ਸਚਿਆ, ਸਚਿਆਰ, ਸਚਿਆਰਾ, ਸਚਿਆਰੀ, ਸਚਿਆਰੀਆ, ਸਚਿਆਰੁ, ਸਚਿਆਰੋ, ਸਚਿਆਰੋਵਾ, ਸਚੀ, ਸਚੀਆ, ਸਚੁ, ਸਚੇ, ਸਚੈ, ਸਚੋ, ਸਚੌ, ਸਤ, ਸਤੁ, ਸਤਿ। ਗੁਰਬਾਣੀ ਵਿਚ ਸਚ ਨੈਤਿਕ ਗੁਣ ਅਤੇ ਅੰਤਿਮ ਸਚ ਲਈ ਵੀ ਵਰਤਿਆ ਗਿਆ ਹੈ। ਜਨਮਸਾਖੀਆਂ ਵਿਚੋਂ ਭਾਈ ਭੂਮੀਆ ਜੀ ਦੀ ਸਾਖੀ ਇਸ ਸੰਬੰਧੀ ਵਿਚਾਰੀ ਜਾ ਸਕਦੀ ਹੈ।

**2.9.2 ਸੰਤੋਖ**

ਸੰਤੋਖ ਦਾ ਭਾਵ ਹੈ: ਸਬਰ, ਸੰਤੁਸ਼ਟੀ, ਧੀਰਜ, ਤਸੱਲੀ, ਤ੍ਰਿਪਤੀ ਅਤੇ ਸਿਦਕ। ਗੁਰਬਾਣੀ ਇਨਸਾਨ ਨੂੰ ਸੰਤੋਖ ਧਾਰਣ ਦੀ ਪ੍ਰੇਰਨਾ ਦਿੰਦੀ ਹੈ। ਮਾਇਆ ਅਤੇ ਪਦਾਰਥ ਦੀ ਖਿੱਚ ਅਸੀਮ ਹੈ। ਗੁਰਬਾਣੀ ਅਨੁਸਾਰ ਸੰਤੋਖ ਤੋਂ ਬਿਨਾ ਕੋਈ ਤ੍ਰਿਪਤ ਨਹੀਂ ਹੋ ਸਕਦਾ। ਇਹ ਸੰਤੋਖ ਗੁਰੂ ਦੇ ਬਚਨਾ ਦੀ ਕਮਾਈ ਰਾਹੀਂ ਆਉਂਦਾ ਹੈ।

- ਬਿਨਾ ਸੰਤੋਖ ਨਹੀ ਕੋਊ ਰਾਜੈ ॥ (ਗੁ.ਗ੍ਰੰ.ਸਾ. 279)
- ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥ (ਗੁ.ਗ੍ਰੰ.ਸਾ. 710)
- ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥ (ਗੁ.ਗ੍ਰੰ.ਸਾ. 682)

### 2.9.3 ਦਇਆ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦੂਜੇ ਦੇ ਦੁੱਖ ਨੂੰ ਦੇਖ ਕੇ ਚਿਤ ਦੇ ਦ੍ਰਵਣ ਦਾ ਭਾਵ. ਕਰੁਣਾ. ਰਹਮ, ਦਇਆ ਹਨ। ਦਇਆ ਇਕ ਮਾਨਵੀ ਗੁਣ ਹੈ। ਗੁਰਬਾਣੀ ਅਨੁਸਾਰ ਦਇਆ ਧਰਮ ਦੀ ਮਾਂ ਹੈ।

- ਧੌਲੁ ਧਰਮੁ ਦਇਆ ਕਾ ਪੂਤੁ ॥ (ਗੁ.ਗ੍ਰੰ.ਸਾ. 3)
- ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥ (ਗੁ.ਗ੍ਰੰ.ਸਾ. 822)

### 2.9.4 ਧਰਮ:

ਧਰਮ ਦਾ ਇਥੇ ਅਰਥ ਕਿਸੇ ਸੰਸਥਾਗਤ ਧਰਮ ਤੋਂ ਨਹੀਂ ਹੈ ਬਲਕਿ ਨੈਤਿਕ ਫਰਜ਼ ਤੋਂ ਹੈ। ਜਿਸਨੂੰ ਨਿਯਮ ਵੀ ਕਿਹਾ ਜਾਂਦਾ ਹੈ। ਸੰਸਾਰ ਦੀ ਪ੍ਰਤੇਕ ਵਸਤੂ ਧਰਮ ਕਿਸੇ ਧਰਮ ਵਿਚ ਚੱਲ ਰਹੀ ਹੈ। ਵੇਦਾਂ ਵਿਚ ਜਿਸਨੂੰ 'ਰਿਤ' ਕਿਹਾ ਗਿਆ ਹੈ। ਸੂਰਜ, ਚੰਦਰਮਾ, ਧਰਤੀ ਸਾਰੇ ਕਿਸੇ ਨਿਯਮ ਵਿਚ ਬੱਝੇ ਹੋਏ ਹਨ, ਇਹੀ ਧਰਮ ਹੈ। ਜਪੁਜੀ ਦਾ ਧਰਮ ਖੰਡ ਨੈਤਿਕ ਫਰਜ਼ਾਂ ਅਤੇ ਨਿਯਮਾਂ ਦਾ ਖੰਡ ਹੈ। ਜਿਸ ਵਿਚ ਮਨੁੱਖ ਨੂੰ ਪ੍ਰਕਿਰਤੀ ਦੇ ਦੈਵੀ ਅਤੇ ਅਟੱਲ ਨਿਯਮਾਂ ਦੀ ਸੂਝ ਹੁੰਦੀ ਹੈ।

### 2.9.5 ਖਿਮਾ:

ਖਿਮਾ ਦਾ ਅਰਥ ਹੈ ਮੁਆਫ ਕਰਨਾ। ਇਹ ਇਕ ਮਾਨਵੀ ਗੁਣ ਹੈ। ਦੂਜੇ ਦੇ ਔਗੁਣ ਵਿਸਾਰ ਕੇ ਉਸਨੂੰ ਮੁਆਫ ਕਰਨਾ ਵੀ ਇਕ ਗੁਣ ਹੈ। ਗੁਰੂ ਸਾਹਿਬ ਦੇ ਜੀਵਨ ਵਿਚੋਂ ਅਜਿਹੀਆਂ ਕਈ ਘਟਨਾਵਾਂ ਵੇਖੀਆਂ ਜਾ ਸਕਦੀਆਂ ਹਨ।

- ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ (ਗੁ.ਗ੍ਰੰ.ਸਾ. 1372)
- ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ (ਗੁ.ਗ੍ਰੰ.ਸਾ. 349)

### 2.9.6 ਪਰਾਇਆ ਹੱਕ

ਗੁਰਬਾਣੀ ਸੱਚੀ ਕਿਰਤ ਕਰਕੇ ਆਪਣਾ ਨਿਰਵਾਹ ਕਰਨ ਦਾ ਉਪਦੇਸ਼ ਦਿੰਦੀ ਹੈ। ਪਰ ਇਨਸਾਨੀ ਫਿਤਰਤ ਅਨੁਸਾਰ ਮਨੁੱਖ ਪਰਾਇ ਧਨ, ਤਨ ਉਪਰ ਬੁਰੀ ਨਜ਼ਰ ਰੱਖਦਾ ਹੈ। ਬਾਬਾ ਫਰੀਦ ਜੀ ਨੇ ਪਰਾਏ ਪੈਸੇ ਉਪਰ ਨਜ਼ਰ ਰੱਖਣ ਅਤੇ ਦੂਜਿਆਂ ਨੂੰ ਸ਼ੋਸਣ ਕਰਨ ਵਾਲਿਆਂ ਨੂੰ ਲਹੂ-ਪੀਣੇ ਆਖਿਆ ਹੈ।

- ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ (ਗੁ.ਗ੍ਰੰ.ਸਾ. 140)

- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (ਗੁ.ਗ੍ਰੰ.ਸਾ. 141)
- ਵਢੀ ਲੈ ਕੈ ਹਕੁ ਗਵਾਏ ॥ (ਗੁ.ਗ੍ਰੰ.ਸਾ. 951)

**2.9.7 ਪਿਆਰ:**

ਪਿਆਰ ਇਕ ਸੁਹਜਾਤਮਕ ਕੀਮਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਇਓ' ਆਖ ਕੇ ਪਿਆਰ ਦੀ ਅਹਿਮੀਅਤ ਨੂੰ ਵਧਾ ਦਿੱਤਾ ਹੈ।

- ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ (ਗੁ.ਗ੍ਰੰ.ਸਾ. 2)
- ਗਾਵੀਐ ਸੁਣੀਐ ਮਨਿ ਰਖੀਐ ਭਾਉ ॥ (ਗੁ.ਗ੍ਰੰ.ਸਾ. 2)

**2.9.8 ਨਿਮਰਤਾ:** ਨਿਮਰਤਾ ਮਨੁੱਖ ਦਾ ਗਹਿਣਾ ਹੈ। ਗੁਰਬਾਣੀ ਵਿਚ ਸਿੰਮਲ ਰੁੱਖ ਦੀ ਮਿਸਾਲ ਦੇ ਕੇ ਅਹੰਕਾਰ ਅਤੇ ਨਿਮਰਤਾ ਦਾ ਟਾਕਰਾ ਕਰਵਾਇਆ ਹੈ। ਹੰਕਾਰ ਨੂੰ ਕੋਈ ਫਲ ਨਹੀਂ ਲਗਦਾ ਬਲਕਿ ਫਲ ਵਾਲੇ ਰੁੱਖ ਆਪਣੇ ਆਪ ਧਰਤੀ ਵੱਲ ਨੂੰ ਝੁਕ ਜਾਂਦੇ ਹਨ।

- ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ (ਗੁ.ਗ੍ਰੰ.ਸਾ. 278)
- ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ (ਗੁ.ਗ੍ਰੰ.ਸਾ. 171)

**2.9.9 ਉਦਮ/ਸਾਹਸ (Courage)**

ਗੁਰਬਾਣੀ ਮਨੁੱਖ ਨੂੰ ਉਦਮ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰਬਾਣੀ ਵਿਚ ਆਏ ਸ਼ਬਦ ਨਿਡਰ/ਸੂਰ/ਸੂਰਬੀਰ/ਨਿਰਭਉ ਇਸਦੀ ਗਵਾਹੀ ਭਰਦੇ ਹਨ। ਇਸਨੂੰ ਅਸੀਂ ਨੈਤਿਕ ਗੁਣਾਂ ਵਿਚ ਸੁਮਾਰ ਕਰਦੇ ਹਾਂ। ਉਦਮ ਤੋਂ ਬਿਨਾ ਮਨੁੱਖ ਆਲਸੀ, ਵਿਕਾਰੀ ਅਤੇ ਬੇਬੁੱਧ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ 'ਨਿਸਚੈ ਕਰਿ ਅਪਨੀ ਜੀਤਿ ਕਰਉ' ਆਖ ਕੇ ਨਿਸਚਤ ਤੌਰ ਉਪਰ ਉੱਦਮ ਦਾ ਚਰਾਗ ਜਗਾ ਜਾਂਦੇ ਹਨ।

- ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥ (ਗੁ.ਗ੍ਰੰ.ਸਾ. 705)
- ਉਦਮੁ ਕਰਤ ਮਨੁ ਨਿਰਮਲੁ ਹੋਆ ॥ (ਗੁ.ਗ੍ਰੰ.ਸਾ. 99)
- ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ (ਗੁ.ਗ੍ਰੰ.ਸਾ. 522)

**2.9.10 ਸੇਵਾ:**

ਸੇਵਾ ਦੀ ਪ੍ਰਕਿਰਤੀ ਅਤੇ ਘੇਰਾ ਵਿਸਤ੍ਰਿਤ ਹੈ। ਸਿਖ ਰਹਿਤ ਮਰਯਾਦਾ ਅਨੁਸਾਰ ''ਸੇਵਾ ਸਿਖ ਧਰਮ ਦਾ ਇਕ ਉੱਘਾ ਅੰਗ ਹੈ। ਇਸਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ।'' ਗੁਰਬਾਣੀ ਅਨੁਸਾਰ ਸੇਵਾ ਜਿੱਥੇ ਇਕ ਧਾਰਮਿਕ ਕਾਰਜ ਹੈ। ਉਥੇ ਹੀ ਮਾਨਵੀ ਭਾਈਚਾਰੇ ਦਾ ਵਿਸ਼ਵਵਿਆਪੀ ਗੁਣ ਹੈ। ਜਿਹੜਾ ਮਨੁੱਖ ਮਾਤਰ ਨੂੰ ਸੁਰੱਖਿਆ ਦੀ ਰਾਹਤ ਦਿੰਦਾ ਹੈ। ਮੁਢਲੀਆਂ ਲੋੜਾਂ ਪੱਖੋਂ ਇਸਦੀਆਂ ਜੀਵੰਤ ਮਿਸਾਲਾਂ ਖਾਲਸਾ ਏਡ ਵਰਗੀਆਂ ਸੰਸਥਾਵਾਂ ਹਨ। ਜਿਹੜੀਆਂ ਆਲਮੀ ਪੱਧਰ ਉਪਰ ਕਾਜਸ਼ੀਲ ਹਨ। ਸੇਵਾ ਦੇ ਇਨ੍ਹਾਂ ਕਾਰਜਾਂ ਦੀ ਪ੍ਰੇਰਨਾ ਭਾਈ ਘਨਈਆ ਜੀ ਬਣਦੇ ਹਨ।

- ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ (ਗੁ.ਗ੍ਰੰ.ਸਾ. 27)
- ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ (ਗੁ.ਗ੍ਰੰ.ਸਾ. 423)
- ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥ (ਗੁ.ਗ੍ਰੰ.ਸਾ. 1374)
- ਵਿਚਿ ਦੁਨੀਆ ਸੇਵ ਕਮਾਈਐ ਤ ਦਰਗਹ ਬੈਸਣੁ ਪਾਈਐ॥ (ਗੁ.ਗ੍ਰੰ.ਸਾ. 26)

**2.9.11 ਪਰਉਪਕਾਰ**

ਪਰਉਪਕਾਰ ਦਾ ਭਾਵ ਹੈ 'ਪਰਾਏ ਦੂਜੇ ਉਪਰ ਕੀਤਾ ਉਪਕਾਰ' ਕਿਉਂਕਿ ਮਨੁੱਖ ਆਪਣੇ ਸੁਆਰਥ ਲਈ ਕਰਮ ਕਰਦਾ ਹੈ। ਪਰ ਨੈਤਿਕਤਾ ਮਨੁੱਖ ਨੂੰ ਨਿਰ ਸੁਆਰਥ ਹੋ ਕੇ ਕਾਰਜ ਕਰਨ ਲਈ ਪ੍ਰੇਰਦੀ ਹੈ। ਭਗਤ ਰਤਨਾਵਲੀ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਿਖਾਂ ਨੂੰ ਕਿਹਾ ਸੀ ਕਿ 'ਪਰਉਪਕਾਰ ਦੇ ਸਮਾਨ ਹੋਰ ਕੁਝ ਨਾਹੀਂ'। ਗੁਰਬਾਣੀ ਆਪਣੇ ਅਉਗਣਾਂ ਨੂੰ ਖਤਮ ਕਰਕੇ ਪਰਉਪਕਾਰ ਕਰਨ ਲਈ ਪ੍ਰੇਰਿਤ ਕਰਦੀ ਹੈ। ਬ੍ਰਹਮ ਗਿਆਨੀ ਪਰਉਪਕਾਰ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਗੁਰਬਾਣੀ ਮਿੱਠਾ ਬੋਲਣ ਨੂੰ ਵੀ ਪਰਉਪਾਰ ਮੰਨਦੀ ਹੈ।

- ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਗੁ.ਗ੍ਰੰ.ਸਾ. 273)
- ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥ (ਗੁ.ਗ੍ਰੰ.ਸਾ. 218)

**2.9.12 ਅਨੈਤਿਕਤਾ**:

ਜਿਸ ਤਰਾਂ ਨੈਤਿਕਤਾ ਦਾ ਆਧਾਰ ਗੁਣ ਹਨ। ਇਸੇ ਤਰਾਂ ਅਨੈਤਿਕਤਾ ਦਾ ਆਧਾਰ ਔਗੁਣ/ਵਿਕਾਰ ਹਨ। ਸਿਖ ਧਰਮ ਵਿਚ ਚੁਗਲੀ, ਨਿੰਦਿਆ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਧੋਖਾ, ਠੱਗੀ, ਚੋਰੀ, ਈਰਖਾ, ਦਵੈਸ, ਨਸ਼ਿਆਂ ਦਾ ਸੇਵਨ, ਅਕਿਰਤਘਣਤਾ ਆਦਿ ਨੂੰ ਅਨੈਤਿਕ ਕਾਰਕ ਮੰਨਿਆ ਹੈ। ਭਾਈ ਗੁਰਦਾਸ ਜੀ ਦੀ 35 ਵੀ ਪਾਰ ਨਿੰਦਕ ਵਿਸ਼ੇ ਨਾਲ ਸੰਬੰਧਿਤ ਹੈ। ਗੁਰਬਾਣੀ ਅਨੁਸਾਰ ਮਨੁੱਖ ਨੈਤਿਕ ਕਰਮ ਕਰਨ ਲਈ ਆਲਸ ਕਰਦਾ ਹੈ ਪਰ ਬੁਰਿਆਈ ਸਮੇ ਸ਼ੇਰ ਬਣ ਜਾਂਦਾ ਹੈ।

- ਚੰਗਿਆਈ ਆਲਕ ਕਰੇ ਬੁਰਿਆਈ ਹੋਇ ਸੇਰ॥ (ਗੁ.ਗ੍ਰੰ.ਸਾ. 518)
- ਬੁਰੇ ਕਾਮ ਕਉ ਊਠਿ ਖਲੋਇਆ ਨਾਮ ਕੀ ਵੇਲਾ ਪੈ ਪੈ ਸੋਇਆ॥ (ਗੁ.ਗ੍ਰੰ.ਸਾ. 738)

ਗੁਰਬਾਣੀ ਇਸ ਧਾਰਣਾ ਨੂੰ ਮੰਨਦੀ ਹੈ ਕਿ ਮਨੁੱਖ ਦੀਆਂ ਚੰਗਿਆਈਆਂ ਅਤੇ ਬੁਰਿਆਈਆਂ ਦਾ ਮੁਲੰਕਣ ਇਕ ਦਿਨ ਜਰੂਰ ਹੁੰਦਾ ਹੈ। ਉਸੇ ਹਿਸਾਬ ਨਾਲ ਇਸਨੂੰ ਨਤੀਜਾ ਪ੍ਰਾਪਤ ਹੁੰਦਾ ਹੈ।

- ਚੰਗਿਆਈਆ ਬੁਰਿਆਈਆ ਵਾਚੈ ਧਰਮ ਹਦੂਰਿ॥ (ਗੁ.ਗ੍ਰੰ.ਸਾ. 8)

ਇਸ ਲਈ ਕੋਈ ਇਨਸਾਨ ਕਿੱਕਰ ਦੇ ਬੀਜ ਬੀਜ ਕੇ ਉਸ ਤੋਂ ਸੁੱਕੇ ਮੇਵੇ/ਦਾਖਾਂ ਪ੍ਰਾਪਤ ਕਰਨ ਦੀ ਇੱਛਾ ਰੱਖੇ, ਸਿਰਫ ਮੂਰਖਤਾ ਦੀ ਨਿਸ਼ਾਨੀ ਤੋਂ ਇਲਾਵਾ ਹੋਰ ਕੁਝ ਨਹੀਂ ਹੋਵੇਗਾ।

- ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰ ਬੀਜੈ ਜਟ॥ (ਗੁ.ਗ੍ਰੰ.ਸਾ. 1379)

ਕਰਿ ਅਉਗਣ ਪਛੋਤਾਵਣਾ ਅਨੁਸਾਰ ਬੁਰਿਆਈ ਕਰਕੇ ਹਮੇਸ਼ਾ ਮਨੁੱਖ ਨੂੰ ਪਛਤਾਉਣਾ ਪੈਂਦਾ ਹੈ। ਪਰ ਮਨੁੱਖ ਦਾ ਇਹ ਸੁਭਾਅ ਹੈ ਕਿ ਉਹ ਅਉਗਣਾ ਦੀਆਂ ਗੰਠੜੀਆਂ ਬੰਨਦਾ ਹੈ ਪਰ ਚੰਗਿਆਈ ਇਕ ਵੀ ਇਕੱਠੀ ਨਹੀਂ ਕਰਦਾ।

### 2.10 ਕਿੱਤਾ-ਮੁਖੀ ਨੈਤਿਕਤਾ:

ਮਨੁੱਖ ਆਪਣੇ ਜੀਵਨ ਨਿਰਵਾਹ/ਰੋਜ਼ੀ-ਰੋਟੀ ਦੇ ਸਾਧਨ ਲਈ ਵੱਖ-ਵੱਖ ਕਿੱਤੇ ਅਪਣਾਉਂਦਾ ਹੈ। ਇਨ੍ਹਾਂ ਕਿੱਤਿਆਂ ਵਿਚੋਂ ਵਪਾਰ, ਨੌਕਰੀ, ਦੁਕਾਨ, ਡਾਕਟਰੀ, ਅਧਿਆਪਨ, ਕਾਨੂੰਨੀ, ਪ੍ਰਸ਼ਾਸਨਿਕ ਕਿੱਤੇ ਆਦਿ ਹਨ। ਹਰ ਕਿੱਤੇ ਦਾ ਸੰਬੰਧ ਲੋਕਾਂ ਨਾਲ ਜੁੜਿਆ ਹੋਇਆ ਹੈ। ਨੈਤਿਕਤਾ ਵਿਚ ਕਿੱਤਾਮੁਖੀ ਨੈਤਿਕਤਾ ਅਜਿਹਾ ਖੇਤਰ ਹੈ ਜਿਸ ਦਾ ਉਦੇਸ਼ ਕਿੱਤੇ ਦੇ ਕੰਮ ਨੂੰ ਨਿਸ਼ਚਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਨੈਤਿਕ ਆਦਰਸ਼ ਸਥਾਪਿਤ ਕਰਨਾ ਹੈ। ਹਰ ਕਿੱਤਾਕਾਰ ਸਮਾਜ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਸਦੇ ਇਵਜ਼ ਵਜੋਂ ਉਸਨੂੰ ਜੀਵਨ-ਨਿਰਵਾਹ ਲਈ ਪੂੰਜੀ ਪ੍ਰਾਪਤ ਹੁੰਦੀ ਹੈ। ਜਿਆਦਾ ਪੂੰਜੀ ਇਕੱਠੀ ਕਰਨ ਦੀ ਦੌੜ ਵਿਚ ਇਨਸਾਨ ਹਰ ਜਾਇਜ ਨਜ਼ਾਇਜ਼ ਜਾਂ ਅਨੈਤਿਕ ਢੰਗ ਵਰਤਦਾ ਹੈ। ਗੁਰਬਾਣੀ ਕਿਰਤ ਨੂੰ ਮਨੁੱਖੀ ਲਈ ਅਨਿਵਾਰਯ ਕਰਾਰ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਤਿੰਨ ਵੱਖ-ਵੱਖ ਵਿਆਕਰਨਕ ਰੂਪਾਂ (ਕਿਰਤ, ਕਿਰਤੁ, ਕਿਰਤਿ) ਵਿਚ 83 ਵਾਰ ਵਰਤਿਆ ਗਿਆ ਹੈ। ਕਿਰਤ ਕਰੋ ਸਿਖ ਧਰਮ ਦੇ ਮੁਢਲੇ ਤਿੰਨ ਅਸੂਲਾਂ ਵਿਚੋਂ ਪ੍ਰਥਮ ਹੈ। ਸਿਖ ਧਰਮ ਅਨੁਸਾਰ ਪ੍ਰਮਾਤਮਾ ਲਈ ਵਰਤਿਆ ਨਾਮ ਕਰਤ-ਪੁਰਖ ਉਸਦੇ ਕਿਰਤੀ ਹੋਣ ਦਾ ਲਖਾਇਕ ਹੈ। ਗੁਰਬਾਣੀ ਵਿਚ ਅਕਾਲ-ਪੁਰਖ ਨੂੰ ਸ੍ਰਿਸਟੀ ਰਚਨਾ ਕਰਨ ਦੇ ਪੱਖ ਤੋਂ ਕਿਰਤੀ ਆਖਿਆ ਗਿਆ ਹੈ।

> ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥ (ਸ੍ਰੀ.ਗੁ.ਗ੍ਰੰ. 816)
>
> ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
>
> ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ (ਸ੍ਰੀ.ਗੁ.ਗ੍ਰੰ. 816)

ਇਨਸਾਨ ਜਦੋਂ ਸਿਰਫ ਕੰਮਾ-ਕਾਰਾ ਨੂੰ ਅੰਤਿਮ ਮੰਜ਼ਿਲ ਸਮਝ ਕੇ ਧਨ/ਪੂੰਜੀ ਇਕੱਠੀ ਕਰਨ ਦੀ ਦੌੜ ਵਿਚ ਸ਼ਾਮਿਲ ਹੋ ਜਾਂਦਾ ਹੈ। ਤਾਂ ਫਿਰ ਆਪਣੇ ਕਾਰੋਬਾਰ ਦੇ ਵਾਧੇ ਲਈ ਪਾਪ ਕਰਨੇ ਸ਼ੁਰੂ ਕਰ ਦਿੰਦਾ ਹੈ। ਨਜ਼ਾਇਕ ਤਰੀਕਿਆਂ ਰਾਹੀਂ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੰਦਾ ਹੈ। ਲਾਲਚ ਵਸ ਵਧੇਰੇ ਪੂੰਜੀ ਇੱਕਠੀ ਕਰਨ ਦੀ ਦੌੜ ਵਿਚ ਫਸੇ ਇਨਸਾਨ ਨੂੰ ਲੋਭੀ ਕੁੱਤੇ ਨਾਲ ਤੁਲਨਾ ਕਰਦੀ ਹੈ।

> ਕਿਰਤ ਕੇ ਬਾਧੇ ਪਾਪ ਕਮਾਵਹਿ ॥ (ਸ੍ਰੀ.ਗੁ.ਗ੍ਰੰ. 1029)

**2.10.1 ਵਪਾਰ:** ਵਪਾਰ ਵਿਚ ਵਪਾਰਕ ਨੈਤਿਕਤਾ ਦਾ ਹੋਣਾ ਜਰੂਰੀ ਹੋ ਜਾਂਦਾ ਹੈ। ਵਪਾਰਕ ਨੈਤਿਕਤਾ ਵਿਹਾਰਕ ਨੈਤਿਕਤਾ ਜਾਂ ਪੇਸ਼ੇਵਰ ਨੈਤਿਕਤਾ ਦਾ ਇੱਕ ਰੂਪ ਹੈ, ਜੋ ਨੈਤਿਕ ਸਿਧਾਂਤਾਂ ਅਤੇ ਨੈਤਿਕ ਸਮੱਸਿਆਵਾਂ ਦਾ ਮੁਆਇਨਾ ਕਰਦੀ ਹੈ। ਜੋ ਵਪਾਰਕ ਵਾਤਾਵਰਣ ਵਿੱਚ ਪੈਦਾ ਹੋ ਸਕਦੀਆਂ ਹਨ। ਇਸ ਨੈਤਿਕਤਾ ਦੇ ਅੰਤਰਗਤ ਵਿਅਕਤੀਗਤ ਅਤੇ ਸੰਸਥਾਗਤ ਅਸੂਲਾਂ ਨੂੰ ਵਿਚਾਰਿਆ ਜਾਂਦਾ ਹੈ। ਗੁਰਬਾਣੀ ਵਿਚ ਵਪਾਰ, ਵਣਜ, ਦਲਾਲ, ਸ਼ਾਹ, ਗਾਹਕ, ਮੋਲ, ਅਮੁਲ, ਵਸਤੁ, ਸਉਦਾ ਇਸ ਪ੍ਰਸੰਗ ਵਿਚ ਵਰਤੇ ਗਏ ਹਨ। ਗੁਰਬਾਣੀ ਨੇ ਸੰਸਾਰ ਨੂੰ ਵਣਜਾਰਾ ਮੰਨ ਕੇ ਨਾਮ ਨੂੰ

ਪੂੰਜੀ ਮੰਨਿਆ ਹੈ। ਜਿਸੁ ਵਖਰ ਕਉ ਲੈਨਿ ਤੂ ਆਇਆ ॥ ਖੇਤੀ ਵਣਜੁ ਨਾਵੈ ਕੀ ਓਟ ॥ ਗੁਰੂ ਨਾਨਕ ਦੇਵ ਜੀ ਦਾ ਜਪੁ ਜੀ ਵਿਚ ''ਅਮੁਲ ਗੁਣ ਅਮੁਲ ਵਾਪਾਰ ॥'' ਆਖਣਾ ਵਾਪਾਰ ਦੇ ਅਣਗਿਣਤ ਤਰੀਕਿਆਂ ਵੱਲ ਇਸ਼ਾਰਾ ਹੈ। ਗੁਰਬਾਣੀ ''ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥'' ਦੀ ਧਾਰਨਾ ਰਾਹੀਂ ਮਨੁੱਖੀ ਜੀਵਨ ਦੇ ਮਨੋਰਥ ਦਾ ਪੈਮਾਨਾ ਨਿਸ਼ਚਤ ਕਰਦੀ ਹੈ। ਗੁਰਬਾਣੀ ਦਾ ਅਧਿਆਤਮਕ ਪਾਸਾਰ ਵਾਪਾਰ ਦੇ ਦੈਵੀ ਗੁਣਾ ਨੂੰ ਪ੍ਰਤੀਪਾਦਤ ਕਰਦਾ ਹੈ। ''ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥'' ਤੁਕ ਸਚੇ ਵਾਪਾਰ ਵੱਲ ਪ੍ਰੇਰਿਤ ਕਰਦੀ ਹੈ। ਨਾਮ ਵੱਖਰ ਨੂੰ ਆਦਰਸ਼ਕ ਵਾਪਰ ਮੰਨ ਕੇ ਵਾਪਾਰ ਦੇ ਆਦਰਸ਼ ਨੂੰ ਨਿਸ਼ਚਿਤ ਕੀਤਾ ਗਿਆ ਹੈ। ਵਸਤੂਆਂ ਦੀ ਲੈਣ ਦੇਣ ਵਿਚ ਹੇਰਾਫੇਰੀ ਤੋਂ ਬਚਾਅ ਲਈ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਵਾਪਾਰ ਕਰਨ ਤੋਂ ਪਹਿਲਾਂ ਵਸਤੂ ਦੀ ਚੰਗੀ ਤਰਾਂ ਜਾਂਚ-ਪੜਤਾਲ ਕਰ ਲੈਣੀ ਚਾਹੀਦੀ ਹੈ।

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ (ਸ੍ਰੀ.ਗੁ.ਗ੍ਰੰ. 1410)

**2.10.2 ਚਿਕਿਤਸਾ:** ਜੀਵਨ ਇਕ ਅਮੋਲ ਵਸਤੂ ਹੈ, ਚਿਕਿਤਸਾ ਦਾ ਸੰਬੰਧ ਇਸਦੇ ਸਵਾਸਥ/ਸਿਹਤ ਰਹਿਣ ਨਾਲ ਹੈ। ਮਨੁੱਖ ਦੀਆਂ ਬੁਰੀਆਂ ਆਦਤਾਂ ਜਾਂ ਬੇਤਰਤੀਬੇ ਜੀਵਨ-ਢੰਗ ਕਾਰਨ ਜਾਂ ਪ੍ਰਕਿਰਤਕ ਆਫਤਾਂ ਕਾਰਨ ਮਨੁੱਖ ਨੂੰ ਰੋਗ ਲੱਗਦੇ ਹਨ। ਇਸ ਲਈ ਡਾਕਟਰ, ਹਸਪਤਾਲ, ਦਵਾਈ ਦੀ ਤਿਕੋਣ ਮਨੁੱਖ ਦੇ ਜੀਵਨ ਵਿਚ ਅਹਿਮ ਰੋਲ ਅਦਾ ਕਰਦੀ ਹੈ। ਮੱਧਕਾਲ ਵਿਚ ਇਸਨੂੰ ਵੈਦ, ਦਵਾਖਾਨਾ ਅਤੇ ਅਉਖਧੁ ਸ਼ਬਦਾਂ ਨਾਲ ਸੰਬੋਧਿਤ ਹੋਇਆ ਜਾਂਦਾ ਸੀ। ਗੁਰਬਾਣੀ ਵਿਚ ਇਸ ਕਿੱਤੇ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਬਾਣੀ ਵਿਚ ਪ੍ਰਮਾਤਮਾ ਨੂੰ ਵੈਦ ਬਨਵਾਰੀ ਦੇ ਰੂਪ ਵਿਚ ਪੇਸ਼ ਕਰਕੇ ਨਾਮ ਨੂੰ ਅਉਖਧ ਕਿਹਾ ਗਿਆ ਹੈ। ਗੁਰਬਾਣੀ ਅਨੁਸਾਰ ਸਹੀ ਵੈਦ (ਡਾਕਟਰ) ਓਹੀ ਹੈ ਜਿਹੜਾ ਦਵਾਈ ਦੇਣ ਤੋਂ ਪਹਿਲਾਂ ਸਹੀ ਤਰੀਕੇ ਰਾਹੀਂ ਰੋਗ ਦੀ ਪਛਾਣ ਕਰ ਲਵੇ।

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ (ਸ੍ਰੀ.ਗੁ.ਗ੍ਰੰ. 1279)

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ (ਸ੍ਰੀ.ਗੁ.ਗ੍ਰੰ. 148)

ਪੂੰਜੀਵਾਦੀ ਦੌਰ ਵਿਚ ਚਿਕਿਤਸਾ ਇਕ ਪ੍ਰਬਲ ਧੰਧਾ ਬਣ ਗਈ ਹੈ। ਹਸਪਤਾਲਾਂ ਵਿਚ ਬਿਮਾਰ ਨਾਲ ਬਿਮਾਰੀ ਲਈ ਸੌਦੇਬਾਜੀ ਕੀਤੀ ਜਾਂਦੀ ਹੈ। ਧੋਖੇ ਮਨੁੱਖੀ ਅੰਗ ਕੱਢ ਕੇ ਵੇਚਣ ਦੀਆਂ ਘਟਨਾਵਾਂ ਅਖਬਾਰਾਂ ਦੀ ਸੁਰਖੀਆਂ ਆਮ ਹੀ ਬਣਦੀਆਂ ਹਨ। ਦਵਾਈਆਂ ਵਿਚ ਕਾਲਾ-ਬਜਾਰੀ ਸਰਗਰਮ ਹੈ। ਅਜਿਹੇ ਵਿਚ ਚਕਿਤਸਕ ਨੈਤਿਕਤਾ ਨੂੰ ਪ੍ਰਣਾਈ ਵਿਵਸਥਾ ਦੀ ਲੋੜ ਸਮਾਜ ਦੀ ਮੁੱਖ ਲੋੜ ਬਣ ਗਈ ਹੈ।

**2.10.3 ਅਧਿਆਪਨ:** ਭਾਰਤੀ ਸੰਸਕ੍ਰਿਤੀ ਵਿਚ ਅਧਿਆਪਨ ਨੂੰ ਪਵਿੱਤਰ ਕਿੱਤਾ ਮੰਨਿਆ ਗਿਆ ਹੈ। ਵਰਤਮਾਨ ਪੂੰਜੀਵਾਦੀ ਦੌਰ ਵਿਚ ਸਿਖਿਆ ਤੰਤਰ ਦੇ ਨਿੱਜੀਕਰਨ ਅਤੇ ਵਪਾਰੀਕਰਨ ਨੇ, ਇਸਦੇ ਨੈਤਿਕ ਅਮਲ ਨੂੰ ਵਧੇਰੇ ਨੁਕਸਾਨ ਪਹੁੰਚਾਇਆ ਹੈ। ਭਾਵੇਂ ਕਿ ਵਿਧਾਨਕ ਤੌਰ 'ਤੇ ਵਿਦਿਅਕ ਅਦਾਰਾ ਇਕ ਗੈਰ-ਮੁਨਾਫਾ ਸੰਗਠਨ ਹੁੰਦਾ ਹੈ। ਫਰਜੀ ਵਿਦਿਅਕ ਅਦਾਰਿਆਂ, ਫਰਜ਼ੀ ਡਿਗਰੀਆਂ ਨੇ ਸਿਖਿਆ ਦੇ ਮੁੱਲਾਂ ਨੂੰ ਆਪਣੇ ਮੂਲ ਤੋਂ ਤੋੜ ਦਿੱਤਾ ਹੈ। ਇਸ 'ਅੰਧ ਵਰਤਾਰੇ' ਨੂੰ ਗੁਰਬਾਣੀ ਦੇ ਚਾਨਣ ਵਿਚੋਂ ਪਰਖਦਿਆਂ ਆਦਰਸ਼ਕ ਬਿਰਤਾਂਤ ਸਿਰਜਣ ਦੀ ਲੋੜ ਭਾਸਦੀ ਹੈ।

ਗੁਰਬਾਣੀ ਵਿਦਿਆ/ਸਿਖਿਆ ਨੂੰ ਲੋਕ-ਭਲਾਈ ਦਾ ਕਾਰਜ ਆਖ ਕੇ, ਇਸਦੇ ਵਪਾਰੀਕਰਨ ਤੋਂ ਮੁਕਤ ਕਰਦੀ ਹੈ। ਇਸਨੂੰ ਸਮਾਜ ਦੇ ਪਰਉਪਕਾਰ ਨਾਲ ਜੋੜਦੀ ਹੈ।

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ (ਸ੍ਰੀ.ਗੁ.ਗ੍ਰੰ. 356)

ਦੂਜੇ ਪਾਸੇ ਪੂੰਜੀ ਇਕੱਤਰੀਕਰਨ ਦੀ ਧਾਰਨਾ ਤਹਿਤ ਵਿਦਿਆ/ਸਿਖਿਆ ਮਹਿਜ਼ ਵਪਾਰ ਬਣ ਜਾਂਦੀ ਹੈ। ਜਿਸਨੂੰ ਗੁਰੂ ਸਾਹਿਬ ਨੇ ਜਨਮ-ਬਿਰਥਾ ਗਵਾਉਣ ਦੇ ਸਮਾਨ ਦਰਜ਼ਾ ਦਿੱਤਾ ਹੈ।

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥ (ਸ੍ਰੀ.ਗੁ.ਗ੍ਰੰ. 1103)

**2.10.4 ਕਾਨੂੰਨ:** ਕਾਨੂੰਨ, ਸਮਾਜਕ ਨੈਤਿਕ ਵਿਧਾਨ ਦਾ ਰੱਖਿਅਕ ਸਮਝਿਆ ਜਾਂਦਾ ਹੈ। ਪ੍ਰਸ਼ਾਸ਼ਨ, ਪੁਲਸ ਪ੍ਰਸ਼ਾਸਨ, ਜੱਜ, ਵਕੀਲ, ਕਚਹਿਰੀ, ਥਾਣਾ, ਕਾਨੂੰਨ ਘਾੜੇ, ਨੇਤਾ ਆਦਿ ਅਜਿਹੇ ਬਿੰਬ ਹਨ। ਜਿਹੜੇ ਆਮ ਇਨਸਾਨ ਨੂੰ ਸਮਾਜਕ ਸੁਰੱਖਿਆ ਦੇਣ ਲਈ ਵਚਨਵੱਧ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਕਹਿਣ ਅਨੁਸਾਰ ਜਦੋਂ ਰਾਜੇ ਕਸਾਈ ਬਣ ਜਾਣ ਤਦ ਧਰਮ ਖੰਭ ਲਗਾ ਕੇ ਉੱਡ ਜਾਂਦਾ ਹੈ। ਅਮਾਵਸ ਦੀ ਰਾਤ ਦੇ ਅੰਧੇਰੇ ਵਾਂਗਰ ਝੂਠ ਫੈਲ ਜਾਂਦਾ ਹੈ। ਅਜਿਹੇ ਵਿਚ ਨਿਆਂ ਦੀ ਆਸ ਰੱਖਣੀ ਵਿਅਰਥ ਹੁੰਦੀ ਹੈ। ਇਸ ਲਈ ਕਾਨੂੰਨ ਵਿਵਸਥਾ ਵਿਚ ਨੈਤਿਕਤਾ ਦਾ ਹੋਣਾ ਸਮਾਜਕ ਪ੍ਰਬੰਧ ਲਈ ਜਰੂਰੀ ਹੋ ਜਾਂਦਾ ਹੈ। ਲਾਲਚ, ਰਿਸ਼ਵਤ, ਭ੍ਰਿਸ਼ਟਾਚਾਰੀ ਵਿਚ ਅੰਨੇ ਹੋਏ ਅਧਿਕਾਰੀ ਆਪਣਾ ਨੈਤਿਕ ਫਰਜ਼ ਭੁੱਲ ਕੇ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਲਈ ਅਨੈਤਿਕ ਕਾਰਜ ਕਰਦੇ ਹਨ। ਜਿਸ ਨਾਲ ਸਮਾਜ ਵਿਚ ਅਸੰਤੁਲਨ ਫੈਲ ਜਾਂਦਾ ਹੈ। ਗੁਰਬਾਣੀ ''ਪੂਰਾ ਨਿਆਉ ਕਰੇ ਕਰਤਾਰੁ ॥'' ਅਤੇ ''ਤੇਰੈ ਘਰਿ ਸਦਾ ਸਦਾ ਹੈ ਨਿਆਉ॥'' ਦੀ ਧਾਰਨਾ ਸਥਾਪਿਤ ਕਰਦੀ ਹੈ। ਜਿਸ ਨਾਲ ਆਸਾਮੁਖੀ ਸੋਚ ਨੂੰ ਬਲ ਮਿਲਦਾ ਹੈ।

**2.10.5 ਖੇਤੀਬਾੜੀ**: ਬਾਣੀ ਦਾ ਉਚਾਰਨ ਅਤੇ ਉਪਦੇਸ਼ ਸਥਾਨ ਜ਼ਿਆਦਾਤਰ ਪੰਜਾਬ (1947 ਤੋਂ ਪਹਿਲਾਂ ਦਾ) ਰਿਹਾ ਹੈ। ਪੰਜਾਬ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ। ਬਾਣੀਕਾਰਾਂ ਦਾ ਸੰਬੋਧਨ ਵਧੇਰੇ ਲੋਕ-ਪੱਖੀ ਹੈ। ਇਸ ਲਈ ਬਾਣੀ ਵਿਚ ਕਿਰਸਾਨੀ ਨਾਲ ਸਬੰਧਿਤ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਖੇਤੀ ਨੇ ਹੁਣ ਤੱਕ ਕਈ ਰੂਪ ਬਦਲੇ ਹਨ। ਭਾਵੇਂ ਕਿ ਅੱਜ ਇਸਨੂੰ ਆਰਥਕ ਮਾਹਰਾਂ ਵੱਲੋਂ ਇਕ ਘਾਟੇ ਵਾਲਾ ਸੌਦਾ ਕਿਹਾ ਜਾ ਰਿਹਾ ਹੈ। ਪਰ ਇਕ ਸਮਾਂ ਸੀ ਜਦੋਂ ਖੇਤੀ ਸੌਦਾ ਹੀ ਨਹੀਂ ਸੀ। ਇਹ ਤਾਂ ਇਕ ਸਾਧਨਾ ਵਾਂਗ ਪਵਿੱਤਰ ਕਿੱਤਾ ਸੀ। ਗੁਰੂ ਨਾਨਕ ਪਾਤਸ਼ਾਹ ਦੁਆਰਾ ਖੇਤਾਂ ਵਿਚ ਚਲਾਇਆ ਹਲ੍ਹ ਖੇਤੀ ਦੇ ਕਿੱਤੇ ਨੂੰ ਹੋਰ ਮਹਾਨ ਕਰਦਾ ਹੈ। ਪਰ ਪੂੰਜੀਵਾਦ ਦੇ ਦੌਰ ਵਿਚ ਮਨੁੱਖ ਹਰ ਵਸਤੂ ਵਿਚੋਂ ਧਨ ਨੂੰ ਦੇਖਦਾ ਹੈ। ਜ਼ਮੀਨ, ਕਿਸਾਨ ਲਈ ਮਾਂ ਨਹੀਂ ਰਹੀ। ਸਗੋਂ ਵਸਤੂ ਪੈਦਾ ਕਰਨ ਵਾਲੀ ਫੈਕਟਰੀ ਹੈ। ਹਰੀ ਕ੍ਰਾਂਤੀ ਤੋਂ ਬਾਅਦ ਭਾਵੇਂ ਖੇਤੀ ਵਿਚ ਮਸ਼ੀਨੀ ਅਤੇ ਮੰਡੀਕਰਨ ਦੇ ਸੁਧਾਰ ਹੋਏ ਪਰ ਤਰਾਂ-ਤਰਾਂ ਦੀਆਂ ਰਸਾਇਣਿਕ ਖਾਦਾਂ ਨੇ ਖੇਤਾਂ ਦੀ ਮਿੱਟੀ ਨੂੰ ਵੀ ਜਹਿਰੀਲਾ ਕਰ ਦਿੱਤਾ। ਜਿਸ ਨਾਲ ਇਸ ਕਿੱਤੇ ਵਿਚ ਅਨੈਤਿਕਤਾ ਦਾ ਪਾਸਾਰ ਸ਼ੁਰੂ ਹੋਇਆ। ਗੁਰਬਾਣੀ ਵਿਚ ਖੇਤੀ ਲਈ ਵਧੇਰੇ ਵਾਰ *ਕਿਰਸਾਣੀ* ਸ਼ਬਦ ਦੀ ਵਰਤੋਂ ਹੋਈ ਹੈ। ਗੁਰੂ ਨਾਨਕ ਦੇਵ ਜੀ ਰਾਗ ਸੋਰਠਿ ਵਿਚ ਮਨ ਦੀ ਖੇਤੀ ਕਰਨ ਲਈ ਸੰਕੇਤ ਕਰਦੇ ਹਨ: *ਮਨ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ,595)* ਖੇਤਬਾੜੀ ਦੇ ਦੋ ਮੁੱਖ ਹਿੱਸੇ ਹਨ। ਪਹਿਲਾ ਕਿਸਾਨ ਤੇ ਦੂਜੀ ਜ਼ਮੀਨ।

ਗੁਰਬਾਣੀ ਵਿਚ ਖੇਤੀ ਕਰਨ ਵਾਲੇ ਲਈ ਕਿਰਸਾਨ, ਕ੍ਰਿਸਾਨਵਾ, ਜਟ, ਜਾਟਰੋ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਰਾਮਦਾਸ ਜੀ ਆਖਦੇ ਹਨ ਕਿ ਜਿਵੇਂ ਕਿਸਾਨ ਖੇਤ ਦੀ ਵਾਢੀ ਕਰਦਾ ਹੈ ਤਿਵੇਂ ਨਾਮ ਮਨੁੱਖ ਅੰਦਰੋਂ ਪਾਪਾਂ ਦੀ ਕਟਾਈ ਕਰ ਦਿੰਦਾ ਹੈ। ਕਿਸਾਨ ਨੂੰ ਸਮੇਂ ਦੀ ਸਹੀ ਵਰਤੋਂ ਕਰਨ ਵਾਲਾ ਸੁਜਾਣ (*ਆਪਿ ਸੁਜਾਣੁ ਨ ਭੁਲਈ...*), ਗਰੀਬੀ ਵੇਸ ਵਾਲ (*ਰਖ ਗਰੀਬੀ ਵੇਸ...*) ਤੇ ਫੱਕਰ-ਫਕੀਰ (*ਇਹ ਬਿਧਿ ਸੁਨਿ ਕੈ ਜਾਟਰੋ*) ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਦੂਜੇ ਪਾਸੇ ਜਦੋਂ ਕਿਰਸਾਨ ਖੇਤੀ ਕਰਨ ਵਾਲਾ ਨਹੀਂ, ਸਗੋਂ ਜਗੀਰਦਾਰ ਦੇ ਤੌਰ ਤੇ ਵਿਚਰਦਾ ਹੈ, ਉਸ ਪੱਖ ਨੂੰ ਭਗਤ ਕਬੀਰ ਜੀ ਨੇ ਅਪਣੀ ਬਾਣੀ ਵਿਚ ਪੰਜ ਅੜੀਅਲ ਇੰਦਰਿਆਂ ਨੂੰ ਪ੍ਰਤੀਪਾਦਿਤ ਕਰਨ ਲਈ ਵਰਤਿਆ ਹੈ: *ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1104)।* ਗੁਰਬਾਣੀ ਵਿਚ ਇਸ ਕਿੱਤੇ ਲਈ ਸਿਰਜਿਆ ਬਿਰਤਾਂਤ ਖੇਤੀਬਾੜੀ ਨੈਤਿਕਤਾ ਦਾ ਆਧਾਰ ਬਣਦਾ ਹੈ।

**2.10.6 ਨੈਤਿਕ ਮਨੁੱਖ:** ਗੁਰੂ ਨਾਨਕ ਦੇਵ ਜੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ ਨੈਤਿਕ ਮਨੁੱਖ ਲਈ 'ਸਚਿਆਰਾ' ਸ਼ਬਦ ਵਰਤਦੇ ਹਨ। ਸਚਿਆਰ ਉਸਨੂੰ ਕਿਹਾ ਜਾ ਸਕਦਾ ਹੈ ਜਿਸਦੀ ਸਚ ਨਾਲ ਪ੍ਰੀਤ ਹੋਵੇ। 'ਸਚ' ਨੈਤਿਕਤਾ ਦਾ ਆਧਾਰ ਪਹਿਲੂ ਹੈ। ਇਸ ਤੋਂ ਇਲਾਵਾ ਸਿਧ ਗੋਸਟਿ ਬਾਣੀ ਵਿਚ ਗੁਰਮੁਖ ਸ਼ਬਦ ਆਇਆ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਵਿਚ ਸੰਤ, ਸਾਧੂ, ਭਗਤ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਸਲ ਇਹ ਸਾਰੇ ਨੈਤਿਕ ਮਨੁੱਖ ਦੇ ਚਿਹਨ ਹਨ। ਇਨ੍ਹਾਂ ਵਿਚ ਮਾਨਵੀ ਗੁਣਾ ਦੇ ਨਾਲ-ਨਾਲ ਅਧਿਆਤਮਕ ਗੁਣ ਸ਼ਾਮਿਲ ਹਨ।

**2.11 ਸਾਰ :** ਅਸੀਂ ਉਕਤ ਪਾਠ ਵਿਚ 'ਨੈਤਿਕਤਾ ਅਤੇ ਸਿਖ ਧਰਮ ਵਿਚ ਨੈਤਿਕਤਾ' ਨੂੰ ਸਮਝਣ ਦਾ ਯਤਨ ਕੀਤਾ ਹੈ। ਸਿਖ ਧਰਮ ਵਿਚ ਨੈਤਿਕਤਾ ਦਾ ਮੂਲ-ਆਧਾਰ ਗੁਰਬਾਣੀ ਹੈ। ਬਾਕੀ ਸਾਹਿਤ ਇਸਦੀ ਪ੍ਰੋੜਤਾ ਕਰਦਾ ਹੈ। ਜਿਵੇਂ ਗੁਰਬਾਣੀ ਸੰਕਲਪਾਤਮਕ ਪੱਧਰ ਉੱਤੇ ਉਕਤ ਸੰਕਲਪ ਨੂੰ ਪੇਸ਼ ਕਰਦੀ ਹੈ। ਸਾਖੀ-ਸਾਹਿਤ ਵਿਚੋਂ ਸਾਨੂੰ ਵਿਹਾਰਕ ਨੈਤਿਕਤਾ ਦੀਆਂ ਉਦਾਹਰਨਾ ਮਿਲੀਆਂ ਹਨ। ਸਿਖ ਧਰਮ ਦਾ ਨੈਤਿਕ ਆਧਾਰ ਇਸ ਤੱਥ ਤੋਂ ਮਜਬੂਤ ਹੁੰਦਾ ਹੈ ਕਿ ਇਸ ਵਿਚ ਜੀਵਨ-ਮੁਕਤ ਦੇ ਸੰਕਲਪ ਨੂੰ ਵਿਅਕਤ ਕੀਤਾ ਗਿਆ ਹੈ। ਕਿਸੇ ਓਪਰੇ ਸੰਸਾਰ ਅਤੇ ਸੁਖ ਸੁਵਿਧਾਵਾਂ ਦੇ ਲਾਲਚ ਦੀ ਥਾਂ ਆਪਣੇ ਸਮਕਾਲ ਦੀਆਂ ਪ੍ਰਸਥਿਤੀਆਂ ਨਾਂਲ ਜੂਝਣ ਦੀ ਵਕਾਲਤ ਕੀਤੀ ਗਈ ਹੈ। ਜਿਸ ਕਰਕੇ ਬਾਣੀ-ਪ੍ਰਵਾਹ ਦਾ ਬਹੁਤ ਹਿੱਸਾ ਨੈਤਿਕ-ਅਸੂਲਾਂ ਦੇ ਪ੍ਰਵਚਨ ਨੂੰ ਉਸਾਰਦਾ ਹੈ। ਇਹ ਧਿਆਨ ਰਹੇ ਕਿ ਗੁਰਮਤਿ ਦੀ ਨੈਤਿਕਤਾ ਵਿਚ ਅਸੀਂ ਮਾਨਵੀ ਗੁਣਾ ਅਤੇ ਰੂਹਾਨੀ ਗੁਣਾ ਨੂੰ ਨਿਖੇੜ ਕੇ ਨਹੀਂ ਦੇਖ ਸਕਦੇ। ਇਹ ਦੋਵੇਂ ਪਹਿਲੂ ਇਕੱਠੇ ਹੀ ਆਉਂਦੇ ਹਨ। ਇਸਨੂੰ ਸਿਖ ਧਰਮ ਵਿਚ ਮੀਰੀ-ਪੀਰੀ, ਸੰਤ-ਸਿਪਾਹੀ ਜਾਂ ਸ਼ਕਤੀ ਅਤੇ ਭਗਤੀ ਦੇ ਸੰਕਲਪਾਂ ਰਾਹੀਂ ਵੀ ਰੂਪਮਾਨ ਕੀਤਾ ਹੋਇਆ ਹੈ।

**2.12 ਹਵਾਲਾ ਪੁਸਤਕਾਂ**


1. ਜਗਬੀਰ ਸਿੰਘ (ਡਾ.), *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ, ਪੰਜਾਬ.
2. ਜੇ. ਕ੍ਰਿਸ਼ਨਾਮੂਰਤੀ, *ਜੀਉਣ ਬਾਰੇ ਗੱਲਬਾਤ,* ਔਟਮ ਆਰਟ, ਸੰਗਰੂਰ.
3. ਢਿੱਲੋਂ, ਜਸਵਿੰਦਰ ਕੌਰ, ਗੁਰੂ ਨਾਨਕ ਦੀ ਕੀਮਤ-ਮੀਮਾਂਸਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

4. ਧਾਲੀਵਾਲ, ਤੇਜਿੰਦਰ ਕੌਰ, *ਸਿੱਖ ਅਤੇ ਇਸਾਈ ਨੈਤਿਕ ਨਿਯਮ (ਇੱਕ ਤੁਲਨਾਤਮਕ ਅਧਿਐਨ),* ਗਰੇਸ਼ੀਅਸ ਬੁਕਸ, ਪਟਿਆਲਾ.
5. ਨਾਭਾ, ਭਾਈ ਕਾਨ੍ਹ ਸਿੰਘ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.
6. ਪੂਰਨ ਸਿੰਘ, *ਨੈਤਿਕਤਾ,* ਸਾਤਵਿਕ ਬੁੱਕਸ, ਅੰਮ੍ਰਿਤਸਰ
7. ਬਲਕਾਰ ਸਿੰਘ (ਡਾ.)(ਸੰਪਾ.), *ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ.
8. ਰਾਜਨਰਜਵੰਤ ਕੌਰ (ਖੋਜਾਰਥਣ) ਸਰਬਜਿੰਦਰ ਸਿੰਘ (ਡਾ.) (ਨਿਗਰਾਨ), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੱਤਾਮੁਖੀ ਨੈਤਿਕਤਾ: ਸਿਧਾਂਤਕ ਤੇ ਵਿਹਾਰਕ ਵਿਸ਼ਲੇਸ਼ਣ,* ਪੀਐਚ.ਡੀ (ਥੀਸਿਸ), ਪੰਜਾਬੀ ਯੂਨੀਵਰਸਿਟੀ, ਪਟਿਆਲਾ.
9. ਵੀਰ ਸਿੰਘ ਭਾਈ, *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ.
10. ਵਜੀਰ ਸਿੰਘ (ਡਾ.), *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ.

## 2.13 ਹੋਰ ਪੜਣ ਲਈ ਪੁਸਤਕਾਂ

**ਪੰਜਾਬੀ**

1. ਡਾ. ਵਜੀਰ ਸਿੰਘ, ਨੈਤਿਕ ਨਿਯਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਡਾ. ਮਨਮੋਹਨ ਸਿੰਘ, ਭਾਰਤੀ ਧਰਮ ਅਤੇ ਨੈਤਿਕਤਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**English**

1. Dr. Avtar Singh, Ethics of the Sikhs, Punjabi University, Patiala.
2. Surinder Singh Kohli, Sikh Ethics, Munshiram Manoharlal, Delhi.

# ONE YEAR DIPLOMA IN SIKH THEOLOGY

## SEMESTER-II

## COURSE: THEOLOGY AND SIKH THEOLOGY: NATURE AND SCOPE

## UNIT-3 - HUMAN FREEDOM

**STRUCTURE**

3.0 ਉਦੇਸ਼

3.1 ਪ੍ਰਸਤਾਵਨਾ

3.2 ਆਜਾਦੀ

3.3 ਮਾਨਵਵਾਦ

3.4 ਮਨੁੱਖੀ ਅਧਿਕਾਰ

3.5 ਗੁਰਬਾਣੀ ਦੇ ਮਨੁੱਖੀ ਸਰੋਕਾਰ

3.6 ਸਿਖ ਸਿਧਾਂਤ ਵਿਚ ਮਨੁੱਖੀ ਆਜਾਦੀ ਦੇ ਮਸਲੇ

3.7 ਧਾਰਮਿਕ ਆਜਾਦੀ

3.8 ਬੋਲਣ ਦੀ ਆਜਾਦੀ

3.9 ਸਭਿਆਚਾਰਕ ਆਜਾਦੀ

3.10 ਆਜਾਦੀ ਲਈ ਸੰਘਰਸ਼

3.11 ਆਜਾਦੀ ਦੀਆਂ ਸੀਮਾਵਾਂ

3.12 ਸਾਰ

3.13 ਹਵਾਲਾ ਪੁਸਤਕਾਂ

**3.0 ਉਦੇਸ਼**

ਇਸ ਪਾਠ ਦਾ ਉਦੇਸ਼ ਮਾਨਵ ਆਜਾਦੀ ਦੇ ਸੰਕਲਪ ਨੂੰ ਸਪਸ਼ਟ ਰੂਪ ਵਿਚ ਸਮਝਣਾ, ਸਮਝਾਉਂਣਾ ਹੈ। ਮੂਲ ਰੂਪ ਵਿਚ ਸਿਖੀ ਸਿਧਾਂਤਾਂ ਅਤੇ ਇਤਿਹਾਸ ਦੇ ਜ਼ਾਵੀਏ ਤੋਂ ਇਸ ਸੰਕਲਪ ਬਾਰੇ ਵਿਚਾਰ ਕੀਤੀ ਗਈ ਹੈ। ਇਸ ਪਾਠ ਰਾਹੀਂ ਅਸੀਂ ਸਿਖੀ ਫਲਸਫੇ ਵਿਚ ਪਏ ਮਨੁੱਖੀ ਆਜਾਦੀ ਦੇ ਪਰਿਪੇਖ ਨੂੰ ਵੱਖ-ਵੱਖ ਸਰੋਕਾਰਾਂ ਰਾਹੀਂ ਸਮਝਣ ਦਾ ਯਤਨ ਕਰਾਂਗੇ। ਸਿਖੀ ਦਾ ਮਾਨਵ ਆਜਾਦੀ ਦਾ ਸੰਕਲਪ ਵਿਸ਼ਵ ਕਲਿਆਣ ਦੇ ਸੰਦਰਭ ਵਿਚ ਕਾਰਜਸ਼ੀਲ ਹੈ। ਇਸ ਲਈ ਇਸ ਸੰਕਲਪ ਨੂੰ ਅਸੀਂ ਵਿਸ਼ਵ ਦੇ ਸੰਦਰਭ ਵਿਚ ਸਮਝਾਉਣ ਦਾ ਯਤਨ ਕਰਾਂਗੇ। ਮਨੁੱਖੀ ਆਜਾਦੀ ਦਾ ਵਿਸ਼ਾ ਸਮਾਜ, ਰਾਜਨੀਤੀ, ਧਰਮ ਨਾਲ ਜੁੜਦਾ ਹੈ।

**3.1 ਪ੍ਰਸਤਾਵਨਾ**

ਮਨੁੱਖ ਨੂੰ ਧਰਤੀ ਦੀ ਸ੍ਰੇਸ਼ਟ ਕਿਰਤ ਮੰਨਿਆ ਗਿਆ ਹੈ। ਕੁਦਰਤ ਦਾ ਹਰ ਪ੍ਰਾਣੀ ਆਪਣੀ ਹੋਂਦ ਲਈ ਸੰਘਰਸ਼ ਕਰਦਾ ਹੈ। ਚਾਰਲਸ ਡਾਰਵਿਨ ਦੇ ਸਿਧਾਂਤ ਅਨੁਸਾਰ ਉਹੀ ਪ੍ਰਜਾਤੀ ਧਰਤੀ ਉੱਪਰ ਜੀਵਤ ਰਹੀ ਹੈ ਜਾਂ ਰਹਿ ਸਕਦੀ ਹੈ, ਜਿਹੜੀ ਆਪਣੀ ਹੋਂਦ ਲਈ ਸੰਘਰਸ਼ ਕਰਦੀ ਹੈ। ਸਮਾਜ ਮਨੁੱਖ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਜਿਥੇ ਮਨੁੱਖ ਸਮੂਹ ਵਿਚ ਰਹਿ ਕੇ ਆਪਣੇ ਵਿਅਕਤੀਤਵ ਨੂੰ ਅਭਿਅਕਤ ਕਰ ਸਕਦਾ ਹੈ। ਪਰ ਲੋਭ ਦੇ ਅਧੀਨ ਮਨੁੱਖ ਗਲਬੇ ਦੀ ਰਾਜਨੀਤੀ ਵਿਚ ਗਲਤਾਨ ਹੋ ਜਾਂਦਾ ਹੈ। ਜਿਸਦੇ ਪ੍ਰਭਾਵ ਵਜੋਂ ਵਿਅਕਤੀ, ਵਿਅਕਤੀ ਵਿਚ ਪਾੜਾ ਵਧਦਾ ਹੈ। ਅਤੇ ਕੁਝ ਖਾਸ ਚਿੰਨ੍ਹਾਂ ਦੇ ਆਧਾਰ ਉੱਪਰ ਸਮਾਜ ਦੀ ਵੰਡ ਹੁੰਦੀ ਹੈ। ਇਹ ਵੰਡ ਦਾ ਆਧਾਰ ਜਾਤ, ਧਰਮ, ਫਿਰਕਾ, ਭਾਸ਼ਾ, ਸਭਿਆਚਾਰ ਆਦਿ ਬਣਦੇ ਹਨ। ਵੱਧ ਗਿਣਤੀ ਵੱਲੋਂ ਘੱਟ ਗਿਣਤੀ ਸਮੂਹ ਨੂੰ ਹਾਸ਼ੀਆਕ੍ਰਿਤ ਕਰ ਦਿੱਤਾ ਜਾਂਦਾ ਹੈ ਜਾਂ ਜ਼ਜ਼ਬ ਕਰ ਲਿਆ ਜਾਂਦਾ ਹੈ। ਅਜਿਹੇ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋਣਾ ਸੁਭਾਵਿਕ ਗੱਲ ਹੈ। ਮਨੁੱਖੀ ਅਧਿਕਾਰਾਂ ਦੀ ਬਹਾਲੀ ਦਾ ਕੰਮ ਹੀ ਮਨੁੱਖੀ ਆਜਾਦੀ ਦੇ ਸੰਕਲਪ ਅਧੀਨ ਆਉਂਦਾ ਹੈ। ਆਧੁਨਿਕ ਸਮਾਜਾਂ ਵਿਚ ਇਹ ਸੰਕਲਪ ਰਾਜਾਸ਼ਾਹੀ ਜਾਂ ਸਾਮਰਾਜਵਾਦ ਤੋਂ ਲੋਕਤੰਤਰਿਕ ਸਮਾਜਾਂ ਰਾਹੀਂ ਆਇਆ। ਗੁਰਬਾਣੀ ਮਨੁੱਖ ਦੀ ਆਜਾਦੀ ਦੇ ਪ੍ਰਗਟਾਵੇ ਦੀ ਹਾਮੀ ਭਰਦੀ ਹੈ। ਗੁਰਬਾਣੀ ਹਾਸ਼ੀਆਕ੍ਰਿਤ ਧਿਰਾਂ ਦੇ ਮੁਢਲੇ ਅਧਿਕਾਰਾਂ ਦਾ ਪ੍ਰਵਚਨ ਸਿਰਜਦੀ ਹੈ। ਇਸ ਵਿਚ ਨੀਚ-ਨਿਮਾਣੇ ਦੇ ਹੱਕ ਵਿਚ ਖੜ ਕੇ ਧੱਕੇਸ਼ਾਹੀ ਵਾਲੀ ਜਮਾਤ ਨੂੰ ਫਿਟਕਾਰ ਪਾਈ ਗਈ ਹੈ। ਜਿਥੇ ਗੁਰਬਾਣੀ ਮਨੁੱਖੀ ਅਧਿਕਾਰਾਂ ਦੇ ਲੁਟੇਰਿਆਂ ਨੂੰ ਜ਼ਾਬਰ ਅਤੇ 'ਪਾਪ ਦੇ ਜਾਂਞੀ' ਆਖਦੀ ਹੈ। ਉਥੇ ਨਿਰਭਉ ਅਤੇ ਨਿਰਵੈਰ ਰਾਹੀਂ ਜ਼ੁਲਮ ਸਹਿਣ ਕਰਨ ਵਾਲੇ ਵਿਚ ਸਾਹਸ ਭਰਦੀ ਹੈ। ਸਿਖ ਇਤਿਹਾਸ ਮਨੁੱਖੀ ਆਜਾਦੀ ਦੇ ਸੰਕਲਪ ਨੂੰ ਵਿਹਾਰਕ ਰੂਪ ਵਿਚ ਪੇਸ਼ ਕਰਦਾ ਹੈ। ਇਸ ਪਾਠ ਰਾਹੀਂ ਅਸੀਂ ਇਸ ਵਿਚਾਰ ਨੂੰ ਸਮਝਣ ਦਾ ਯਤਨ ਕਰਾਂਗੇ।

**3.2 ਆਜਾਦੀ**

ਅੰਗਰੇਜੀ ਭਾਸ਼ਾ ਦੇ ਸ਼ਬਦ ਫਰੀਡਮ (Freedom) ਨੂੰ ਪੰਜਾਬੀ ਵਿਚ ਆਜਾਦੀ ਜਾਂ ਸੁਤੰਤਰਤਾ ਆਖਦੇ ਹਾਂ। ਮਨੁੱਖੀ ਆਜਾਦੀ ਤੋਂ ਭਾਵ ਵਿਅਕਤੀ ਨੂੰ ਸਮਾਜ ਵਿਚ ਰਹਿਣ ਅਤੇ ਵਿਕਾਸ ਕਰਨ ਦੇ ਸਹੀ ਅਤੇ ਬਰਾਬਰ ਮੌਕੇ ਪ੍ਰਦਾਨ ਕਰਨਾ ਹੈ। ਨਿਆਂ, ਸਮਾਨਤਾ, ਪ੍ਰਗਟਾਵਾ, ਅਧਿਕਾਰ ਇਸ ਦੇ ਸਰੋਕਾਰ ਹਨ। ਇਸ ਨੂੰ ਕੋਸ਼ਾਂ ਵਿਚ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਗਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ ਗੁਰਸ਼ਬਦ ਰਤਨਾਕਰ ਮਹਾਨਕੋਸ਼ ਅਨੁਸਾਰ ਆਜ਼ਾਦੀ ਫਾਰਸੀ ਦਾ ਸ਼ਬਦ ਹੈ, ਜਿਸਦਾ ਭਾਵ ਹੈ, ਸਵਤੰਤਰਤਾ, ਖੁੱਲ, ਬੰਧਨ ਦਾ ਆਭਾਵ।

ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਵਿਚ ਇਸਨੂੰ ਸੁਤੰਤਰਤਾ ਦੇ ਅੰਦਰਾਜ਼ ਹੇਠ ਲਿਖਿਆ ਗਿਆ ਹੈ। ਜਿਥੇ ਸੁਤੰਤਰਤਾ ਤੋਂ ਭਾਵ, ਆਜ਼ਾਦੀ, ਸਵੈ-ਅਧੀਨਤਾ, ਖੁਦਮੁਖਤਿਆਰੀ, ਪ੍ਰਭੁਤਾ ਲਿਖਿਆ ਗਿਆ ਹੈ।

ਸਿੰਪਸਨ ਅਨੁਸਾਰ ਰੂਸੋ ਨੇ ਨੈਤਿਕ ਅਜ਼ਾਦੀ ਨੂੰ ਖੁਦਮੁਖਤਿਆਰੀ ਜਾਂ 'ਉਸ ਕਾਨੂੰਨ ਦੀ ਪਾਲਣਾ, ਜੋ ਆਪਣੇ ਆਪ ਨਿਰਧਾਰਤ ਕੀਤੀ ਹੈ' ਵਜੋਂ ਪਰਿਭਾਸ਼ਤ ਕੀਤਾ ਹੈ। ਰੂਸੋ ਆਖਦਾ ਹੈ ਕਿ ਵਿਅਕਤੀ ਜਨਮ ਵੇਲੇ ਸੁਤੰਤਰ ਹੁੰਦਾ ਹੈ ਪਰ ਬਾਅਦ ਵਿਚ ਸਮਾਜਕ ਜਾਂ ਹੋਰ ਵੱਖ-ਵੱਖ ਕਿਸਮ ਦੇ ਬੰਧਨਾਂ ਵਿਚ ਜਕੜ ਜਾਂਦਾ ਹੈ।

ਪ੍ਰੋ. ਲਾਸਕੀ ਸੁਤੰਤਰਤਾ ਦੀਆਂ ਤਿੰਨ ਕਿਸਮਾਂ ਮੰਨਦੇ ਹਨ: ਨਿੱਜੀ ਸੁਤੰਤਰਤਾ, ਰਾਜਨੀਤਕ ਸੁਤੰਤਰਤਾ ਅਤੇ ਆਰਥਿਕ ਸੁਤੰਤਰਤਾ।

ਸੁਤੰਤਰਤਾ ਅਸਲ ਵਿਚ ਵਿਅਕਤੀ ਨੂੰ ਜਿੰਦਗੀ ਜਿਉਣ ਦੇ ਅਧਿਕਾਰ ਨਾਲ ਸੰਬੰਧਿਤ ਹੈ। ਜਿਸਨੂੰ ਨੈਲਸਨ ਮੰਡੇਲਾ ਦੀ ਧਾਰਾਨਾ ਸਪਸ਼ਟ ਕਰਦੀ ਹੈ। ਮੰਡੇਲਾ ਅਨੁਸਾਰ ''When a man is denied the right to live the life he believes in, he has no choice but to become an outlaw.'' ਭਾਵ ''ਜਦੋਂ ਮਨੁੱਖ ਤੋਂ ਉਸਦੇ ਆਪਣੇ ਵਿਸ਼ਵਾਸਾਂ ਅਨੁਸਾਰ ਜਿੰਦਗੀ ਜਿਉਣ ਦੇ ਅਧਿਕਾਰ ਨੂੰ ਖੋਹ ਲਿਆ ਜਾਂਦਾ ਹੈ, ਤਾਂ ਉਸ ਕੋਲ ਗੈਰਕਾਨੂੰਨੀ ਹੋਣ ਤੋਂ ਬਿਨਾ ਕੋਈ ਰਾਹ ਨਹੀਂ ਬਚਦਾ।''

Collins Dictionary ਵਿਚ Freedom ਸੰਬੰਧੀ ਵੱਖ-ਵੱਖ ਨੁਕਤਿਆਂ ਬਾਰੇ ਜਾਣਕਾਰੀ ਮਿਲਦੀ ਹੈ। ਆਜਾਦੀ ਨੂੰ ਹੋਰ ਸਪਸ਼ਟ ਰੂਪ ਵਿਚ ਸਮਝਣ ਲਈ ਇਥੇ ਅਸੀਂ ਇਨ੍ਹਾਂ ਨੂੰ ਵਿਚਾਰਾਂਗੇ।

Freedom

1. Personal liberty, as from slavery, bondage, serfdom, etc.

2. Liberation or deliverance, as from confinement or bondage.

3. The quality or state of being free, especially to enjoy political and civil liberties

4. the state of being without something unpleasant or bad; exemption or immunity freedom from taxation

5. The right or privilege of unrestricted use or access the freedom of a city

6. Autonomy, self-government, or independence

7. The power or liberty to order one's own actions

8. Philosophy the quality, esp of the will or the individual, of not being totally constrained; able to choose between alternative actions in identical circumstances

9. Ease or frankness of manner; candour she talked with complete freedom

10. Excessive familiarity of manner; boldness

11. Ease and grace, as of movement; lack of effort

ਉਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਆਜਾਦੀ ਦਾ ਸੰਬੰਧ ਨਿੱਜੀ, ਸਮਾਜਿਕ, ਆਰਥਿਕ, ਰਾਜਨੀਤਿਕ ਕਾਰਕਾਂ ਨਾਲ ਹੈ। ਮਨੁੱਖੀ ਆਜਾਦੀ ਦਾ ਸੰਕਲਪ ਮਨੁੱਖ ਦੀ ਵਿਅਕਤੀਗਤ ਅਤੇ ਸਮੂਹਿਕ ਆਜਾਦੀ ਨੂੰ ਸੰਬੋਧਿਤ ਹੁੰਦਾ ਹੈ। ਇਹ ਮਨੁੱਖੀ ਆਜਾਦੀ ਤੇ ਮਨੁੱਖੀ ਹੱਕਾਂ ਨੂੰ ਸਪਸ਼ਟ ਕਰਦਾ ਹੈ।

ਵਿਸ਼ਵ ਪੱਧਰ ਉਪਰ ਆਜਾਦੀ ਨੂੰ ਕਈ ਕਿਸਮਾਂ ਵਿਚ ਵੰਡਿਆ ਗਿਆ ਹੈ। ਜਿਵੇਂ:

- ਇਕੱਠ ਦੀ ਆਜ਼ਾਦੀ
- ਵਿਸ਼ਵਾਸ ਦੀ ਆਜ਼ਾਦੀ
- ਬੋਲਣ ਦੀ ਆਜ਼ਾਦੀ
- ਪ੍ਰਗਟਾਵੇ ਦੀ ਆਜ਼ਾਦੀ
- ਪ੍ਰੈਸ ਦੀ ਆਜ਼ਾਦੀ
- ਰਾਜ ਨੂੰ ਚੁਨਣ ਦੀ ਆਜ਼ਾਦੀ
- ਧਰਮ ਦੀ ਆਜ਼ਾਦੀ
- ਗੁਲਾਮੀ ਤੋਂ ਆਜ਼ਾਦੀ
- ਸਿੱਖਿਆ ਦੀ ਆਜ਼ਾਦੀ

ਵਿਸ਼ਵ ਇਤਿਹਾਸ ਵਿਚ ਮਨੁੱਖੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਵਿਚੋਂ ਨੈਲਸਨ ਮੰਡੇਲਾ ਅਤੇ ਮਾਰਟਿਨ ਲੂਥਰ ਕਿੰਗ (ਜੂ) ਦਾ ਨਾਮ ਸਤਿਕਾਰ ਨਾਲ ਲਿਆ ਜਾਂਦਾ ਹੈ। ਨੈਲਸਨ ਮੰਡੇਲਾ ਦੱਖਣੀ ਅਫਰੀਕਾ ਵਿਚ ਪੂਰਨ ਲੋਕਰਾਜ ਸਥਾਪਤੀ ਤੋਂ ਬਾਅਦ ਪਹਿਲੇ ਰਾਸ਼ਟਰਪਤੀ ਬਣੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਨਸਲਵਾਦ ਅਤੇ ਰੰਗਭੇਦ ਨੀਤੀ ਦੇ ਖਿਲਾਫ ਆਵਾਜ਼ ਉਠਾਈ। ਇਸੇ ਕਰਕੇ ਉਨ੍ਹਾਂ ਆਪਣੀ ਜ਼ਿੰਦਗੀ ਦੇ 27 ਸਾਲ ਰਾਬੇਨ ਟਾਪੂ ਉੱਤੇ ਜੇਲ ਵਿਚ ਰਹਿ ਕੇ ਬਤੀਤ ਕੀਤੇ। ਮਾਰਟਿਨ ਲੂਥਰ ਕਿੰਗ (ਜੂ) ਨੇ ਅਮਰੀਕਾ ਵਿਚ ਸਿਆਹਫਾਮ(ਕਾਲੇ) ਲੋਕਾਂ ਨਾਲ ਹੁੰਦੇ ਨਸਲੀ ਵਿਤਕਰੇ ਵਿਰੁੱਧ ਆਵਾਜ਼ ਉਠਾਈ।

**3.3 ਮਾਨਵਵਾਦ**

ਮਨੁੱਖੀ ਆਜਾਦੀ ਨੂੰ ਸਮਝਣ ਲਈ ਮਾਨਵਵਾਦ ਨੂੰ ਜਾਣ ਲੈਣਾ ਜਰੂਰੀ ਹੈ। ਇਸ ਤੋਂ ਇਲਾਵਾ ਇਸੇ ਪ੍ਰਕਿਰਤੀ ਦਾ ਹੋਰ ਸੰਕਲਪ ਅਸਤਿਤਵਵਾਦ ਹੈ। ਪਰ ਇਥੇ ਅਸੀਂ ਮਾਨਵਵਾਦ ਦਾ ਜ਼ਿਕਰ ਕਰਾਂਗੇ। ਮਾਨਵਵਾਦ ਮਨੁੱਖ ਨੂੰ ਕੇਂਦਰ ਵਿਚ ਰੱਖਦਾ ਹੈ। ਇਸ ਅਨੁਸਾਰ ਮਨੁੱਖੀ ਸਮੱਸਿਆਵਾਂ ਦੇ ਹੱਲ ਕਿਸੇ ਬਾਹਰੀ ਤਾਕਤ ਰਾਹੀਂ ਨਹੀਂ ਹੱਲ ਹੋਣੇ ਸਗੋਂ ਮਨੁੱਖ ਇਨ੍ਹਾਂ ਨੂੰ ਖੁਦ ਹੱਲ ਕਰ ਸਕਦਾ ਹੈ। ਮਾਨਵਵਾਦ ਮਨੁੱਖ ਨੂੰ ਮਨੁੱਖ ਦੇ ਰੂਪ ਵਿਚ ਸਮਝਣ ਦਾ ਸਿਧਾਂਤ ਦਿੰਦਾ ਹੈ। ਇਸ ਅਨੁਸਾਰ ਪਸ਼ੂ, ਮਨੁੱਖ ਅਤੇ ਦੇਵਤੇ ਵਿਚੋਂ ਮਨੁੱਖ ਨਾਲ ਪਸ਼ੂ ਅਤੇ ਦੇਵਤੇ ਦੋਹਾਂ ਦੀ ਥਾਂ ਮਨੁੱਖ ਵਾਂਗ ਵਤੀਰਾ ਕਰਨਾ ਬਣਦਾ ਹੈ। ਇਸ ਵਿਚਾਰਧਾਰਾ ਦਾ ਜਨਮ ਪੱਛਮ ਵਿਚੋਂ ਹੁੰਦਾ ਹੈ। ਭਾਰਤੀ ਖਾਸਕਾਰ ਗੁਰਮਤਿ ਦੇ

ਪ੍ਰਸੰਗ ਵਿਚ ਇਸਦਾ ਪ੍ਰਚਲਨ ਵੱਖਰੇ ਤਰੀਕੇ ਰਾਹੀਂ ਹੋਇਆ ਹੈ। ਸਿਖੀ ਦਾ ਮਾਨਵਵਾਦੀ ਨਜ਼ਰੀਆ ਗੁਰਬਾਣੀ ਅਤੇ ਇਤਿਹਾਸ ਵਿਚ ਪ੍ਰਭਾਵਸ਼ਾਲੀ ਤਰੀਕੇ ਰਾਹੀਂ ਪ੍ਰਦਰਸ਼ਿਤ ਹੁੰਦਾ ਹੈ, ਪਰ ਇਹ ਰਹੱਸ ਨੂੰ ਨਾਲ ਲੈ ਕੇ ਤੁਰਦਾ ਹੈ। ਇਸਨੂੰ ਅਸੀਂ ਰਹੱਸਕ ਮਾਨਵਵਾਦ ਵੀ ਆਖ ਸਕਦੇ ਹਾਂ। ਗੁਰਬਾਣੀ ਵਿਚ ਮਨੁੱਖ ਨੂੰ ਸ੍ਰੇਸ਼ਟ ਆਖ ਕੇ ਮਾਨਵਵਾਦੀ ਨਜ਼ਰੀਏ ਨੂੰ ਪ੍ਰਗਟਾਇਆ ਗਿਆ ਹੈ। ਗੁਰਬਾਣੀ ਮਨੁੱਖ ਦੇ ਵੱਖ-ਵੱਖ ਸਰੋਕਾਰਾਂ ਨੂੰ ਸੰਬੋਧਿਤ ਹੁੰਦੀ ਹੋਈ, ਮਾਨਵ ਕਲਿਆਣ ਨੂੰ ਰੇਖਾਂਕਿਤ ਕਰਦੀ ਹੈ।

## 3.4 ਮਨੁੱਖੀ ਅਧਿਕਾਰ

ਮਨੁੱਖੀ ਆਜਾਦੀ ਦਾ ਸਿੱਧਾ ਸੰਬੰਧ ਮਨੁੱਖੀ ਅਧਿਕਾਰਾਂ ਨਾਲ ਜੁੜਦਾ ਹੈ, ਇਸ ਲਈ ਸਾਡਾ ਮਨੁੱਖੀ ਅਧਿਕਾਰਾਂ ਬਾਰੇ ਜਾਣ ਲੈਣਾ ਜਰੂਰੀ ਹੋ ਜਾਂਦਾ ਹੈ। ਮਨੁੱਖੀ ਅਧਿਕਾਰ ਵਿਸ਼ਵ ਪੱਧਰ ਉੱਪਰ ਮਨੁੱਖ ਲਈ ਬੁਨਿਆਦੀ ਅਧਿਕਾਰ ਮਿਥੇ ਗਏ ਹਨ। ਜਿਹੜੇ ਕਿ ਹਰ ਮਨੁੱਖ ਲਈ ਜਰੂਰੀ ਸਮਝੇ ਜਾਂਦੇ ਹਨ।

ਭਾਰਤੀ ਸੰਵਿਧਾਨ ਵਿਚ ਇਨ੍ਹਾਂ ਨੂੰ ਮੌਲਿਕ ਅਧਿਕਾਰ (Fundamental Rights) ਕਿਹਾ ਗਿਆ ਹੈ। ਇਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਅਨੁਛੇਦ 12 ਤੋਂ 35 ਵਿਚ ਦਰਜ਼ ਕੀਤਾ ਗਿਆ ਹੈ। ਇਨ੍ਹਾਂ ਅਧਿਕਾਰਾਂ ਨੂੰ ਹੇਠ ਅੰਕਿਤ ਕਰਦੇ ਹਾਂ:

ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰ

- ਸਮਾਨਤਾ ਦਾ ਅਧਿਕਾਰ
- ਸੁਤੰਤਰਤਾ ਦਾ ਅਧਿਕਾਰ
- ਸੋਸ਼ਣ ਦੇ ਵਿਰੁੱਧ ਅਧਿਕਾਰ
- ਧਰਮ ਦੀ ਆਜ਼ਾਦੀ ਦਾ ਅਧਿਕਾਰ
- ਜੀਵਨ ਦਾ ਅਧਿਕਾਰ
- ਸਿੱਖਿਆ ਦਾ ਅਧਿਕਾਰ
- ਸੂਚਨਾ ਦਾ ਅਧਿਕਾਰ

## 3.5 ਗੁਰਬਾਣੀ ਦੇ ਮਨੁੱਖੀ ਸਰੋਕਾਰ

ਮਨੁੱਖੀ ਆਜ਼ਾਦੀ ਨੂੰ ਸਮਝਣ ਲਈ ਜਰੂਰੀ ਹੈ ਕਿ ਅਸੀਂ ਮਨੁੱਖ ਬਾਰੇ ਜਾਣੀਏ। ਗੁਰਬਾਣੀ ਸਿਖ ਧਰਮ ਦੇ ਮੁਢਲੇ ਅਸੂਲਾਂ ਦੀ ਬੁਨਿਆਦ ਹੈ। ਗੁਰਬਾਣੀ ਪ੍ਰਵਚਨ ਸਿੱਧੇ ਰੂਪ ਵਿਚ ਮਨੁੱਖ ਨੂੰ ਸੰਬੋਧਿਤ ਹੈ। ਗੁਰਬਾਣੀ ਮਨੁੱਖੀ ਪ੍ਰਵਚਨ ਨੂੰ ਵਿਭਿੰਨ ਪਰਤਾਂ ਵਿਚ ਬਿਆਨਦੀ ਹੈ। ਇਸ ਵਿਚ ਮਨੁੱਖੀ ਪੈਦਾਇਸ਼ ਤੋਂ ਮੁਕਤੀ ਤੱਕ ਦੇ ਸਫਰ ਨੂੰ ਬਿਆਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਣੀ ਲਈ ਮਾਨੁਖ, ਬੰਦਾ, ਆਦਮੀ, ਔਰਤ, ਨਾਰ, ਨਰ, ਨਾਰੀ, ਭੰਡੁ ਆਦਿ ਸ਼ਬਦ ਵਰਤੇ ਗਏ ਹਨ। ਗੁਰਬਾਣੀ ਵਿਚ ਮਨੁੱਖ ਨਾਲ ਸੰਬੰਧਿਤ ਹੇਠ ਲਿਖੇ ਸਵਾਲ ਉਭਰਦੇ ਹਨ:

- ਮਨੁੱਖ ਦਾ ਮੂਲ ਕੀ ਹੈ?
- ਮਨੁੱਖ ਕਿਥੋਂ ਆਇਆ ਹੈ?
- ਧਰਤੀ ਉੱਤੇ ਮਨੁੱਖ ਦਾ ਉਦੇਸ਼ ਕੀ ਹੈ?

- ਆਦਰਸ਼ਕ ਮਨੁੱਖ ਕੌਣ ਹੁੰਦਾ ਹੈ?
- ਮਨੁੱਖ ਦੀ ਮੁਕਤੀ ਦਾ ਵਸੀਲਾ ਕੀ ਹੈ?

➢ **ਮੂਲ:** ਗੁਰਬਾਣੀ ਵਿਚ ਸਵਾਲ ਉਠਾਇਆ ਗਿਆ ਹੈ ਕਿ ਮਨੁੱਖ ਕਿਥੋਂ ਆਇਆ ਹੈ? ਇਸਦੇ ਮਾਂ ਬਾਪ ਕਦੋਂ ਤੋਂ ਹਨ? ਗੁਰਬਾਣੀ ਰਾਹੀਂ ਸਮਝ ਬਣਦੀ ਹੈ ਕਿ ਮਨੁੱਖ ਕਿਸੇ ਖਾਸ ਮਕਸਦ ਲਈ ਦੁਨੀਆ ਉੱਪਰ ਆਇਆ ਹੈ।

ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥੧॥ ਰਹਾਉ ॥ (ਗੁ.ਗ੍ਰੰ.ਸਾ. 1220)

ਗਉੜੀ ਚੇਤੀ ਮਹਲਾ ੧ ॥

ਕਵਨ ਕਾਜ ਸਿਰਜੇ ਜਗ ਭੀਤਰਿ

ਜਨਮਿ ਕਵਨ ਫਲੁ ਪਾਇਆ ॥ (ਗੁ.ਗ੍ਰੰ.ਸਾ. 970)

ਗੁਰਬਾਣੀ ਮਨੁੱਖ ਦਾ ਮੂਲ ਪ੍ਰਮਾਤਮਾ ਨੂੰ ਮੰਨਦੀ ਹੈ। ਭਾਵੇਂ ਕਿ ਇਹ ਵਿਕਾਸ ਕਰਦਾ ਕਰਦਾ ਅੱਜ ਦੇ ਰੂਪ ਵਿਚ ਪਹੁੰਚਿਆ ਹੈ। ਇਸ ਵਿਕਾਸਵਾਦੀ ਨਜ਼ਰੀਏ ਦੀ ਝਲਕ ਸਾਨੂੰ ਗੁਰਬਾਣੀ ਦੀਆਂ ਹੇਠਾਂ ਦਰਜ਼ ਪੰਕਤੀਆਂ ਤੋਂ ਮਿਲਦੀ ਹੈ।

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ (ਗੁ.ਗ੍ਰੰ.ਸਾ. 156)

ਅਤੇ

ਗਉੜੀ ਗੁਆਰੇਰੀ ਮਹਲਾ ੫ ॥

ਕਈ ਜਨਮ ਭਏ ਕੀਟ ਪਤੰਗਾ ॥

ਕਈ ਜਨਮ ਗਜ ਮੀਨ ਕੁਰੰਗਾ ॥

ਕਈ ਜਨਮ ਪੰਖੀ ਸਰਪ ਹੋਇਓ ॥

ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥ (ਗੁ.ਗ੍ਰੰ.ਸਾ. 176)

ਗੁਰਬਾਣੀ ਅਨੁਸਾਰ ਮਨੁੱਖਾ ਦੇਹੀ ਦੀ ਪੈਦਾਇਸ਼ ਮਾਂ ਅਤੇ ਬਾਪ ਦੇ ਸੰਬੰਧਾਂ ਵਿਚੋਂ ਹੁੰਦੀ ਹੈ।

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥

ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ (ਗੁ.ਗ੍ਰੰ.ਸਾ. 156)

ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥

ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥੧॥

ਪਉੜੀ ॥

ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥

ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥ (ਗੁ.ਗ੍ਰੰ.ਸਾ. 706)

- **ਉਦੇਸ਼**: ਗੁਰਬਾਣੀ ਅਨੁਸਾਰ ਮਨੁੱਖਾ ਜਨਮ ਕਿਸੇ ਕੰਮ/ਕਾਜ ਵਾਸਤੇ ਮਿਲਿਆ ਹੈ। ਜਿਸਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ। ਇਸਦਾ ਪਰਮ ਮਨੋਰਥ ਪ੍ਰਮਾਤਮ ਦੀ ਪ੍ਰਾਪਤੀ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਗੁ.ਗ੍ਰੰ.ਸਾ. 12)

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥ (ਗੁ.ਗ੍ਰੰ.ਸਾ. 207)

ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥ (ਗੁ.ਗ੍ਰੰ.ਸਾ. 359)

### 3.6 ਸਿਖ ਸਿਧਾਂਤ ਵਿਚ ਮਨੁੱਖੀ ਆਜਾਦੀ ਦੇ ਮਸਲੇ

ਸਿਖ ਧਰਮ ਸ਼ਾਸ਼ਤਰ ਦਾ ਬੁਨਿਆਦੀ ਮਸਲਾ ਮਨੁੱਖ ਦੀ ਆਜਾਦੀ ਹੈ। ਭਾਵੇਂ ਕਿ ਇਹ ਆਜਾਦੀ ਇਕੱਲੀ ਦੇਹੀ ਦੀ ਨਹੀਂ ਬਲਕਿ ਮਾਨਸਿਕ ਤੋਂ ਰੂਹਾਨੀ ਪੱਧਰ ਤੱਕ ਰਸਾਈ ਕਰਦੀ ਹੈ। ਗੁਰਬਾਣੀ ਦਾ ਜੀਵਨ ਮੁਕਤੀ ਸਿਧਾਂਤ ਇਸਦਾ ਪ੍ਰਤੀਪਾਦਨ ਕਰਦਾ ਹੈ। ਮਾਇਆ ਦਾ ਗਲਬਾ ਮਨੁੱਖ ਦੀ ਸੁਰਤ ਨੂੰ ਗੁਲਾਮ ਬਣਾ ਲੈਂਦਾ ਹੈ। ਸ਼ਬਦ ਦੇ ਚਾਨਣ ਵਿਚ ਬਖਸ਼ਿਸ਼ ਦੀ ਓਟ ਨਾਲ ਮਾਨਵੀ ਆਜਾਦੀ ਦੇ ਰਾਹ ਖੁੱਲਦੇ ਹਨ। ਇਹ ਰਸਤਾ ਨਿਰਭਉ ਅਤੇ ਨਿਰਵੈਰ ਰਾਹੀਂ ਸਿੱਧ ਹੁੰਦਾ ਹੈ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਮਨੁੱਖਾਂ ਨੂੰ ਮਾਨਸਿਕ ਅਤੇ ਸਰੀਰਿਕ ਗੁਲਾਮੀ ਤੋਂ ਸੁਚੇਤ ਵੀ ਕੀਤਾ ਅਤੇ ਲੋੜ ਅਨੁਸਾਰ ਮਨੁੱਖੀ ਆਜਾਦੀ ਲਈ ਆਪਣਾ ਆਪਾ ਕੁਰਬਾਨ ਵੀ ਕੀਤਾ। ਗੁਰੂਆਂ ਦੁਆਰਾ ਪ੍ਰਗਟਾਇਆ ਇਹ ਸੰਘਰਸ਼ ਦਾ ਮਾਰਗ ਸਮੁੱਚੀ ਮਨੁੱਖਤਾ ਲਈ ਰਾਹ ਦਸੇਰਾ ਬਣਿਆ। ਹੁਣ ਅਸੀਂ ਸਿਖ ਪਰੰਪਰਾ ਅਤੇ ਸਿਧਾਂਤ ਵਿਚੋਂ ਇਸ ਸੰਕਲਪ ਨੂੰ ਸਮਝਣ ਦਾ ਯਤਨ ਕਰਾਂਗੇ।

- **ਸਮੱਸਿਆ**: ਮਨੁੱਖੀ ਆਜਾਦੀ ਨੂੰ ਸਿਖ ਪਰੰਪਰਾ ਵਿਚੋਂ ਸਮਝਣ ਤੋਂ ਪਹਿਲਾਂ ਸਾਨੂੰ ਮੂਲ ਸਮੱਸਿਆ ਨੂੰ ਜਾਣ ਲੈਣਾ ਜਰੂਰੀ ਹੋਵੇਗਾ। ਸਿਖੀ ਦਾ ਮੌਲਿਕ ਸਰੂਪ ਮੱਧਕਾਲ ਵਿਚ ਉਭਰਿਆ। ਇਹ ਸਮਾਂ ਅੱਜ ਦੇ ਮੁਕਾਬਲੇ ਮਨੁੱਖੀ ਆਜਾਦੀ ਲਈ ਵਧੇਰੇ ਵੰਗਾਰ ਰੂਪ ਵਿਚ ਸਾਹਮਣੇ ਆਉਂਦਾ ਹੈ। ਰਾਜਾਸ਼ਾਹੀ ਦੁਆਰਾ ਸੀਹ ਬਣ ਕੇ ਆਪਣੇ ਅਹਿਲਕਾਰਾਂ ਦੁਆਰਾ ਆਮ ਲੋਕਾਈ ਦਾ ਖੂਨ ਚੂਸਿਆ ਜਾ ਰਿਹਾ ਸੀ। ਭਾਰਤ ਤੋਂ ਬਾਹਰਲੇ ਹਮਲਾਵਰਾਂ ਦੇ ਕਾਰਨ ਡਰੀ ਹੋਈ ਮਾਨਸਿਕਤਾ ਤੇ ਨਿਰਬਲ ਸਮਾਜ ਆਪਣੀ ਹੋਣੀ ਹੰਢਾ ਰਿਹਾ ਸੀ। ਬੁਝੀਆਂ ਅਤੇ ਮਰੀਆਂ ਹੋਈਆਂ ਰੀਤਾਂ, ਰਸਮਾਂ ਅਤੇ ਕਰਮਕਾਡਾਂ ਦੇ ਦੁਹਰਾਉ ਨੇ ਮਨੁੱਖੀ ਸਮਝ ਨੂੰ ਰਸਾਤਲ ਵਿਚ ਡੇਗ ਦਿੱਤਾ ਹੋਇਆ ਸੀ। ਸਮਾਜ ਬੌਧਿਕ ਕੰਗਾਲੀ ਦੀ ਜੂਨ ਹੰਢਾ ਰਿਹਾ ਸੀ। ਗੁਰੂ ਸਾਹਿਬਾਨ ਦੁਆਰਾ ਸਮਾਜ ਨੂੰ ਉਸਦੀ ਅਸਲੀਅਤ ਤੋਂ ਜਾਣੂ ਕਰਵਾਇਆ ਗਿਆ। ਜਿਸ ਨਾਲ ਸਦੀਆਂ ਤੋਂ ਗਹਿਰੀ ਨੀਂਦ ਵਿਚ ਮਸਤ ਸਮਾਜ ਜਾਗ੍ਰਿਤ ਹੋਇਆ। ਭਾਰਤ ਉੱਪਰ ਬਾਬਰ ਦਾ ਪਹਿਲਾ ਹਮਲਾ ਅਤੇ ਉਸਦੇ ਹਮਲੇ ਪ੍ਰਤੀ ਗੁਰੂ ਨਾਨਕ ਦੇਵ ਜੀ ਦਾ ਪ੍ਰਤੀਕਰਮ ਭਾਰਤੀ ਉਪ-ਮਹਾਂਦੀਪ ਦੀ 16ਵੀਂ ਸਦੀ ਦੇ ਪਹਿਲੇ ਦਹਾਕਿਆਂ ਦੀ ਵੱਡੀ ਘਟਨਾ ਸੀ। ਜਿਸ ਨੂੰ ਗੁਰਬਾਣੀ ਵਿਚੋਂ 'ਮਾਸਪੁਰੀ' ਅਤੇ 'ਕਾਇਆ ਕਪੜੁ ਟੁਕੁ

ਟੁਕੁ ਹੋਸੀ' ਰਾਹੀਂ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦਾਂ ਰਾਹੀਂ ਨਾ ਕੇਵਲ ਬਾਬਰ ਪ੍ਰਤੀ ਰੋਹ ਪ੍ਰਗਟ ਕੀਤਾ ਸਗੋਂ ਸਮਾਜ ਦੀ ਆਪਣੇ ਫਰਜ਼ਾਂ ਤੋਂ ਅਣਗਹਿਲੀ ਨੂੰ ਵੀ ਬਿਆਨਿਆ। ਇਸ ਘਟਨਾ ਨੂੰ ਸਮਝਣ ਲਈ ਸਾਨੂੰ ਬਾਬਰ ਦੇ ਹਮਲੇ ਨਾਲ ਸੰਬੰਧਿਤ ਗੁਰੂ ਨਾਨਕ ਦੇਵ ਜੀ ਦੇ ਚਾਰੇ ਸ਼ਬਦਾਂ ਨੂੰ ਸਮਝਣ ਹੋਵੇਗਾ। ਇਹ ਸ਼ਬਦ ਹਨ:

- ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਗੁ.ਗ੍ਰੰ.ਸਾ. 722)
- ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥(ਗੁ.ਗ੍ਰੰ.ਸਾ. 360)
- ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥(ਗੁ.ਗ੍ਰੰ.ਸਾ. 417)
- ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥ (ਗੁ.ਗ੍ਰੰ.ਸਾ. 417)

ਗੁਰੂ ਸਾਹਿਬ ਦੇ ਇਨ੍ਹਾਂ ਸ਼ਬਦਾਂ ਨੂੰ ਸਮਝ ਕੇ ਸਾਨੂੰ ਮੱਧਕਾਲੀ ਦੌਰ ਦੇ ਸਮਾਜ ਦੀ ਸਮਝ ਪੈਂਦੀ ਹੈ। ਇਨ੍ਹਾਂ ਸ਼ਬਦਾਂ ਵਿਚਲੇ ਕੁਝ ਪ੍ਰਤੀਕ ਇਸ ਵਿਚਾਰ ਨੂੰ ਸਮਝਣ ਵਿਚ ਸਹਾਇਕ ਸਿੱਧ ਹੁੰਦੇ ਹਨ। ਜਿਵੇਂ: ਸ਼ਰਮ ਅਤੇ ਧਰਮ ਦਾ ਛਿਪ ਜਾਣਾ, ਸ਼ੈਤਾਨ ਦਾ ਨਿਕਾਹ ਪੜਣਾ, ਸਕਤਾ ਸਕਤੇ ਕਉ, ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ, ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ, ਪਾਪਾ ਬਾਝਹੁ ਹੋਵੈ ਨਾਹੀ।

### <u>3.7 ਧਾਰਮਿਕ ਆਜਾਦੀ:</u>

ਸਿਖ ਧਰਮ ਦੀ ਧਾਰਮਿਕ ਆਜ਼ਾਦੀ ਪ੍ਰਤੀ ਅਮੀਰ ਪਰੰਪਰਾ ਹੈ। ਸਿਖੀ ਸੰਵਾਦ ਰਾਹੀਂ ਅੰਤਰ ਧਰਮ ਸਮੱਸਿਆਵਾਂ ਦੇ ਹੱਲ ਪ੍ਰਤੀ ਸੇਧ ਦਿੰਦੀ ਹੈ। ਸਿਖ ਧਰਮ ਦਾ ''ਗੁਣ ਕਉ ਮਰੀਐ ਰੋਇ'' ਸਿਧਾਂਤ ਵਿਸ਼ਵ ਪਰੰਪਰਾਵਾਂ ਤੋਂ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦਾ ਹੈ। ਸਿਖੀ, ਸਭਿਆਚਾਰ ਜਾਂ ਧਰਮ ਦੇ ਆਧਾਰ ਉੱਪਰ ਮਨੁੱਖੀ ਭਲਾਈ ਵਾਲੇ ਵਿਚਾਰਾਂ ਨਾਲੋਂ ਪਿੱਠ ਕਰਕੇ ਖੜਣ ਵੱਲ ਨਹੀਂ ਆਖਦੀ ਬਲਕਿ ਪ੍ਰੇਰਿਤ ਕਰਦੀ ਹੈ ਕਿ ਮਨੁੱਖੀ ਗੁਣਾਂ ਨਾਲ ਸਾਂਝ ਪਾਈ ਜਾਵੇ। ਸਿਖੀ ਮਨੁੱਖ ਉਪਰ ਕਿਸੇ ਖਾਸ ਵਿਚਾਰਾਂ ਨੂੰ ਬਿਨਾ ਮਨੁੱਖ ਦੀ ਇੱਛਾ ਦੇ ਲੱਦੇ ਜਾਣ ਦਾ ਵਿਰੋਧ ਕਰਦੀ ਹੈ। ਇਸ ਵਿਚਾਰ ਨੂੰ ਸਪਸ਼ਟ ਕਰਨ ਲਈ ਅਸੀਂ ਭਗਤ ਨਾਮਦੇਵ ਜੀ ਦੇ ਜੀਵਨ ਅਤੇ ਬਾਣੀ ਦਾ ਹਵਾਲਾ ਵਰਤਾਂਗੇ। ਜਿਸ ਸਮੇਂ ਭਗਤ ਨਾਮਦੇਵ ਜੀ ਨੂੰ ਮੁਹੰਮਦ-ਬਿਨ-ਤੁਗਲਕ ਨੇ ਆਪਣੇ ਅਹਿਲਕਾਰਾਂ ਦੁਆਰਾ ਗ੍ਰਿਫਤਾਰ ਕਰਵਾ ਲਿਆ। ਉਸ ਸਮੇਂ ਉਨ੍ਹਾਂ ਦੀ ਮਾਤਾ ਨੇ ਸਲਾਹ ਦਿੱਤੀ ਕਿ ''ਨਾਮਦੇਵ ਤੂੰ ਆਪਣੀ ਜਾਨ ਬਚਾਉਣ ਲਈ 'ਰਾਮ' ਦੀ ਥਾਂ 'ਅੱਲਾ' ਆਖ ਲੈ। ਭਗਤ ਨਾਮਦੇਵ ਜੀ ਨੇ ਇਸਦੇ ਉੱਤਰ ਵਜੋਂ ਆਖਿਆ ਕਿ ਹੇ ਮਾਂ ਜੇਕਰ ਤੂੰ ਮੈਨੂੰ ਇਸ ਤਰੀਕੇ ਰਾਹੀਂ ਆਪਣਾ ਵਿਸ਼ਵਾਸ ਬਦਲਣ ਲਈ ਆਖਦੀ ਹੈਂ, ਤਾਂ ਤੂੰ ਮੇਰੀ ਮਾਂ ਹੀ ਨਹੀਂ।''

ਰੁਦਨੁ ਕਰੈ ਨਾਮੇ ਕੀ ਮਾਇ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥
ਪਿੰਡ ਪੜੈ ਤਉ ਹਰਿ ਗੁਨ ਗਾਇ॥ (ਗੁ.ਗ੍ਰੰ.ਸਾ. 1165)

ਭਗਤ ਨਾਮਦੇਵ ਜੀ ਦੀ ਉਕਤ ਮਿਸਾਲ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਗੁਰਬਾਣੀ ਮਨੁੱਖੀ ਧਾਰਮਿਕ ਆਜ਼ਾਦੀ ਲਈ ਮਨੁੱਖ ਸਾਹਮਣੇ ਉਚ ਆਦਰਸ਼ ਦੀ ਸਥਾਪਨਾ ਕਰਦੀ ਹੈ। ਧਰਮ ਵਿਅਕਤੀ ਦੀ ਆਪਣੀ ਪਸੰਦ ਉਪਰ ਆਧਾਰਿਤ ਹੈ। ਇਨਸਾਨ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਅਪਣਾ ਸਕੇ। ਔਰੰਗਜੇਬ ਦੀ ਤੁਅੱਸਬੀ ਨੀਤੀ ਨੂੰ ਗੁਰੂ ਸਾਹਿਬ ਨੇ ਆਪਣੇ ਸਰੀਰ ਰੂਪੀ ਢਾਲ ਨਾਲ ਰੋਕਿਆ। ਇਸੇ ਲਈ ਕਵੀਰਾਜ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਭਾਰਤ ਵਿਚ ਵੰਨ-ਸੁਵੰਨਤਾ ਖਤਮ ਹੋ ਜਾਣੀ ਸੀ।

ਛਾਈ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ॥
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ॥
ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ॥
ਵਰਨ ਗਰਕ ਜਾਤੇ ਸਾਹਿਤ ਬਿਧਾਨ ਕੀ॥
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ॥
ਰੀਤਿ ਮਿਟ ਜਾਤੀ ਸਭ ਬੇਦਨ ਪੁਰਾਨ ਕੀ॥
ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ॥
ਮੂਰਤਿ ਨ ਹੋਤੀ ਜਉਪੈ ਕਰੁਣਾ ਨਿਧਾਨ ਕੀ॥ (ਸ੍ਰੀ ਗੁਰ ਪ੍ਰਤਾਪ ਸੂਰਜ)

ਧਾਰਮਿਕ ਆਜਾਦੀ ਦੇ ਸੰਦਰਭ ਵਿਚ ਸਿਖ ਧਰਮ ਦੀ ਵਿਲੱਖਤਾ ਇਸ ਵਿਚਾਰ ਵਿਚ ਵੀ ਹੈ ਕਿ ਜਿਸ ਜਨੇਊ ਨੂੰ ਪਾਉਣ ਲਈ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਮਨ੍ਹਾ ਕਰ ਦਿੱਤਾ ਸੀ। ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੇ ਉਸੇ ਜਨੇਊ ਨੂੰ ਬਚਾਉਂਣ ਲਈ ਆਪਣੀ ਸ਼ਹਾਦਤ ਦੇ ਦਿੱਤੀ। ਇਹ ਵਿਚਾਰ ਹਮੇਸ਼ਾ ਲਈ ਵਿਸ਼ਵ ਪੱਧਰ ਉੱਪਰ ਧਾਰਮਿਕ ਆਜਾਦੀ ਦੇ ਸੰਬੰਧ ਵਿਚ ਆਦਰਸ਼ ਬਣ ਗਿਆ ਹੈ।

**3.8 ਬੋਲਣ ਦੀ ਆਜਾਦੀ:**

ਬੋਲਣ ਦੀ ਆਜਾਦੀ ਤੋਂ ਭਾਵ ਹੈ: ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ। ਸਿਖ ਧਰਮ ਵਿਚ ਵਿਚਾਰਾਂ ਦੇ ਪ੍ਰਗਟਾਵੇ ਦਾ ਆਧਾਰ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ ਬਣਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਕੁਝ ਕਹਿਣ ਅਤੇ ਸੁਣਨ ਦੋਵਾਂ ਪੱਖਾਂ ਨੂੰ ਤਰਜ਼ੀਹ ਦੇਣ ਲਈ ਕਿਹਾ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਗੁ.ਗ੍ਰੰ.ਸਾ. 660)
ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ ॥ (ਗੁ.ਗ੍ਰੰ.ਸਾ. 547)

ਵਿਚਾਰਾਂ ਦੇ ਪ੍ਰਗਟਾਵੇ ਲਈ ਰਲ ਮਿਲ ਕੇ ਬੈਠਣਾ ਅਤੇ ਮਸਲੇ ਬਾਰੇ ਵਿਚਾਰਾਂ ਕਰਨ ਦੀ ਧਾਰਨਾ ਨੂੰ ਅਪਣਾਇਆ ਗਿਆ ਹੈ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੈ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥ (ਗੁ.ਗ੍ਰੰ.ਸਾ. 1185)

ਗੁਰਬਾਣੀ ਮਨੁੱਖ ਵਿਚ ਸੱਚ ਨੂੰ ਬੋਲਣ ਅਤੇ ਸੱਚ ਅਨੁਸਾਰ ਜੀਵਨ ਜਿਉਣ ਦਾ ਸਾਹਸ ਭਰਦੀ ਹੈ। ਸਚ ਹਮੇਸ਼ਾਂ ਨਵਾਂ ਅਤੇ ਨਰੋਆ ਰਹਿੰਦਾ ਹੈ। ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ।

ਬੋਲਹੁ ਸਚੁ ਨਾਮੁ ਕਰਤਾਰ ॥ (ਗੁ.ਗ੍ਰੰ.ਸਾ. 1329)

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ (ਗੁ.ਗ੍ਰੰ.ਸਾ. 488)

### 3.9 **ਸਭਿਆਚਾਰਕ ਆਜਾਦੀ**:

ਸਭਿਆਚਾਰ ਦਾ ਸੰਬੰਧ ਮਨੁੱਖ ਦੇ ਰਹਿਣ-ਸਹਿਣ, ਖਾਣ-ਪੀਣ, ਪਹਿਰਾਵੇ, ਬੋਲੀ, ਰੀਤਾਂ, ਰਸਮਾਂ ਆਦਿ ਨਾਲ ਹੁੰਦਾ ਹੈ। ਸਿਖ ਧਰਮ-ਸ਼ਾਸ਼ਤਰ ਵਿਚੋਂ ਜਿਸ ਸਭਿਆਚਾਰ ਦੀ ਉਤਪਤੀ ਹੋਈ ਹੈ, ਉਹ ਸਭਿਆਚਰਕ ਕੀਮਤਾਂ ਕਿਸੇ ਸੌੜੀ ਸੋਚ ਦਾ ਪ੍ਰਗਟਾਵਾ ਨਹੀਂ ਕਰਦੀਆਂ, ਮਨੁੱਖ ਨੂੰ ਕਿਸੇ ਖਾਸ ਲਿਬਾਸ, ਖਾਣੇ ਜਾਂ ਰਹਿਤਲ ਵਿਚ ਨਹੀਂ ਬਝਦੀਆਂ। ਸਗੋਂ ਕੁਦਰਤੀ ਜਾਂ ਮਾਨਵੀ ਲੋੜਾਂ ਅਨੁਸਾਰ ਮਨੁੱਖ ਨੂੰ ਤ੍ਰਿਪਤ ਕਰਦੀਆਂ ਹਨ। ਸਿਰੀ ਰਾਗ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਸ ਸੰਬੰਧੀ ਵਿਚਾਰਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਖਾਣ, ਪਹਿਣਨ, ਸਵਾਰੀ, ਘਰ, ਸੌਂਣ ਬਾਰੇ ਇਸ ਸ਼ਬਦ ਵਿਚ ਵਿਚਾਰ ਦਿੱਤੇ ਹਨ। ਗੁਰੂ ਸਾਹਿਬ ਕਿਤੇ ਵੀ ਕਿਸੇ ਖਾਸ ਕਿਸਮ ਦੇ ਖਾਣੇ ਜਾਂ ਪਹਿਰਾਵੇ ਦਾ ਨਾਮ ਦੇ ਕੇ ਬੱਝਵਾਂ ਨਿਯਮ ਨਹੀਂ ਬਣਾਉਂਦੇ ਸਗੋਂ ਸਰੀਰ ਅਤੇ ਰੂਹ ਦੀਆਂ ਲੋੜਾਂ ਦੇ ਅਨੁਸਾਰੀ ਰਹਿਣ ਸਹਿਣ ਨੂੰ ਤਰਜ਼ੀਹ ਦਿੰਦੇ ਹਨ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥  
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥  
ਬਾਬਾ ਹੋਰ ਪੈਨਣੁ ਖੁਸੀ ਖੁਆਰੁ॥  
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥  
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥  
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥  
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥  
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਰਹਾਉ॥ (ਗੁ.ਗ੍ਰੰ.ਸਾ. 16)

ਸਭਿਆਚਾਰ ਦਾ ਸੰਬੰਧ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਨਾਲ ਹੁੰਦਾ ਹੈ। ਭਾਰਤ ਵਿਚ ਮੁਗਲਾਂ ਦੀ ਹਕੂਮਤ ਆਉਂਣ ਨਾਲ ਭਾਰਤ ਦੇ ਲੋਕਾਂ ਨੇ ਆਪਣਾ ਪਹਿਰਾਵਾ, ਭਾਸ਼ਾ, ਰੀਤਾਂ ਬਦਲਣੀਆਂ ਸ਼ੁਰੂ ਕਰ ਦਿੱਤੀਆਂ। ਇਹ ਗੁਲਾਮੀ ਦਾ ਪ੍ਰਤੀਕ ਸਨ। ਗੁਰੂ ਸਾਹਿਬ ਨੇ ਸੁਚੇਤ ਕਰਵਾਉਂਦਿਆਂ ਹੋਇਆਂ ਆਖਿਆ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।  
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ।। (ਗੁ.ਗ੍ਰੰ.ਸਾ. 663)

### 3.10 **ਆਜਾਦੀ ਲਈ ਸੰਘਰਸ਼ (Struggle for Freedom):**

ਸਿਖ ਧਰਮ ਮਨੁੱਖ ਨੂੰ ਆਪਣੇ ਵਿਚਾਰਾਂ, ਧਰਮ ਜਾਂ ਮਾਨਵੀ ਆਜਾਦੀ ਲਈ ਜੂਝਣ ਵਾਸਤੇ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੁਆਰਾ ਦਿੱਤੀਆਂ ਗਈਆਂ ਸ਼ਹਾਦਤਾਂ ਨੇ ਮਾਨਵੀ ਆਜਾਦੀ ਲਈ ਜੂਝਣ ਲਈ ਹਮੇਸ਼ਾ ਉਤਸ਼ਾਹ ਦਿੱਤਾ ਹੈ। ਇਸ ਸੰਘਰਸ਼ ਦੇ ਬੀਜ ਸਿਧਾਂਤ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵੇਖਣ ਨੂੰ ਮਿਲਦੇ ਹਨ, ਇਨ੍ਹਾਂ ਦਾ ਪ੍ਰਗਟ ਰੂਪ ਸਿਖ ਇਤਿਹਾਸ ਦੀ ਬਿਆਨਕਾਰੀ ਰਾਹੀਂ ਸਾਹਮਣੇ ਆਉਂਦਾ ਹੈ। ਬਾਬਾ ਫਰੀਦ ਜੀ ਅਕਾਲ ਪੁਰਖ ਨੂੰ ਸੰਬੋਧਿਤ ਹੋ ਕੇ ਆਖਦੇ ਹਨ, ਕਿ ਹੇ ਪ੍ਰਮਾਤਮਾ ਮੈਨੂੰ ਕਿਸੇ ਪਰਾਏ ਬਾਰ (ਭਾਵ ਪਰ ਅਧੀਨ) ਬੈਠਣਾ ਨਾ ਪਵੇ, ਜੇ ਅਜਿਹਾ ਹੁੰਦਾ ਹੈ ਤਾਂ ਇਸ ਤੋਂ ਬਿਹਤਰ ਤਾਂ ਮੌਤ ਹੋਵੇਗੀ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ (ਗੁ.ਗ੍ਰੰ.ਸਾ. 1378)

ਗੁਰੂ ਨਾਨਕ ਦੇਵ ਜੀ ਮਾਝ ਰਾਗ ਦੀ ਵਾਰ ਵਿਚ ਲਿਖਦੇ ਹਨ ਕਿ ਇੱਜਤ ਗਵਾ ਕੇ ਜਿਉਂਣਾ ਧਿਰਕਾਰਯੋਗ ਹੈ, ਇੱਜਤ ਗਵਾ ਕੇ ਤਰ੍ਹਾਂ ਤਰ੍ਹਾਂ ਦੇ ਭੋਜਣ ਖਾਣੇ ਵੀ ਹਰਾਮ ਹਨ।

ਜੇ ਜੀਵੈ ਪਤ ਲਥੀ ਜਾਇ ਸਭ ਹਰਾਮ ਜੇਤਾ ਕਿਛੁ ਖਾਇ॥ (ਗੁ.ਗ੍ਰੰ.ਸਾ. 142)

ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ, ਸਾਹਿਬਯਾਦਿਆਂ ਦੀਆਂ ਸ਼ਹਾਦਤਾਂ, ਅਠਾਰਵੀਂ ਸਦੀ ਦਾ ਸਿੱਖ ਸੰਘਰਸ਼, ਭਾਰਤੀ ਸੁਤੰਤਰਤਾ ਦੀ ਲੜਾਈ ਵਿਚ ਸਿੱਖਾਂ ਦੇ ਯੋਗਦਾਨ, ਨੂੰ ਇਸੇ ਸੰਦਰਭ ਵਿਚ ਵੇਖਿਆ ਜਾਣਾ ਚਾਹੀਦਾ ਹੈ। ਕਿਉਂਕਿ ਇਨ੍ਹਾਂ ਸਮਿਆਂ ਵਿਚ ਲੱਖਾਂ ਦੀ ਗਿਣਤੀ ਵਿਚ ਸਿਖ ਸ਼ਹੀਦ ਹੋਏ ਹਨ, ਮਾਨਵੀ ਭਲਾਈ ਲਈ ਆਪਾ ਵਾਰਨ ਦੀ ਪ੍ਰੇਰਨਾ ਸਿਖਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ।

### 3.11 ਆਜਾਦੀ ਦੀਆਂ ਸੀਮਾਵਾਂ:

ਜਿਥੇ ਉਪਰ ਅਸੀਂ ਆਜਾਦੀ ਦੇ ਮਹੱਤਵ ਅਤੇ ਆਜਾਦੀ ਦੇ ਵੱਖ ਵੱਖ ਪੱਖਾਂ ਬਾਰੇ ਜਾਣਿਆਂ ਹੈ, ਉੱਥੇ ਇਸਦੀਆਂ ਕੁਝ ਸੀਮਾਵਾਂ ਵੀ ਹਨ, ਜਾਂ ਆਜਾਦੀ ਉੱਪਰ ਨਿਯੰਤਰਨ ਦੀਆਂ ਸੰਭਾਵਨਾਵਾਂ ਵੀ ਬਣਦੀਆਂ ਹਨ। ਕਿਉਂਕਿ ਇਕ ਇਨਸਾਨ ਦੀ ਆਜਾਦੀ ਦੂਜੇ ਲਈ ਗੁਲਾਮੀ ਨਹੀਂ ਬਣਨੀ ਚਾਹੀਦੀ। ਇਨਸਾਨ ਨੂੰ ਕੁਝ ਵੀ ਕਰਨ ਦੀ ਆਜਾਦੀ ਨਹੀਂ ਹੋਣੀ ਚਾਹੀਦੀ। ਕਿਉਂਕਿ ਐਕਸਟਰੀਮ ਆਜਾਦੀ ਮਨੁੱਖੀ ਤਬਾਹੀ ਦਾ ਕਾਰਨ ਵੀ ਬਣਦੀ ਹੈ। ਇਸ ਲਈ ਸਮਾਜ, ਸੰਸਥਾ ਜਾਂ ਰਾਜ ਦੇ ਕੁਝ ਨਿਯਮ ਹੁੰਦੇ ਹਨ। ਮਨੁੱਖ ਨੂੰ ਇਨ੍ਹਾਂ ਨਿਯਮਾਂ ਅਨੁਸਾਰ ਚੱਲਣਾ ਬਣਦਾ ਹੈ।

### 3.12 ਸਾਰ

ਹਥਲੇ ਪਾਠ ਵਿਚ ਅਸੀਂ ਮਨੁੱਖੀ ਆਜਾਦੀ ਦੇ ਮਹੱਤਵ ਨੂੰ ਸਮਝਣ ਦਾ ਯਤਨ ਕੀਤਾ ਹੈ। ਮਨੁੱਖ ਨੂੰ ਧਰਤੀ ਦਾ ਸ਼੍ਰੇਸ਼ਟ ਪ੍ਰਾਣੀ ਮੰਨਿਆ ਗਿਆ ਹੈ। ਧਰਤੀ ਉੱਤੇ ਜੀਵਨ ਦੇ ਵਿਕਾਸ ਵਿਚ ਮਨੁੱਖ ਦਾ ਅਹਿਮ ਯੋਗਦਾਨ ਹੈ। ਮਾਨਵ ਵਿਰੋਧੀ ਕੀਮਤਾਂ ਰਾਹੀਂ ਮਨੁੱਖੀ ਵਸੀਲਿਆਂ ਨੂੰ ਕੁਝ ਖਾਸ ਵਰਗ ਦੇ ਅਧਿਕਾਰ ਵਿਚ ਚਲੇ ਜਾਣ ਕਾਰਨ, ਮਨੁੱਖ ਦੇ ਬੁਨਿਆਦੀ ਅਧਿਕਾਰ ਖੋਹੇ ਜਾਂਦੇ ਹਨ। ਇਸ ਲਈ ਮਨੁੱਖ ਆਜਾਦੀ ਤੋਂ ਵਿਰਵਾ ਹੋ ਜਾਂਦਾ ਹੈ। ਉਕਤ ਪਾਠ ਵਿਚ

ਅਸੀਂ ਦੇਖਿਆ ਸਿਖ ਧਰਮ ਮਨੁੱਖੀ ਆਜਾਦੀ ਦੇ ਮਹੱਤਵ ਨੂੰ ਵਿਸ਼ੇਸ਼ ਤਰਜ਼ੀਹ ਦਿੰਦਾ ਹੈ। ਇਤਿਹਾਸਕ ਅਤੇ ਸਿਧਾਂਤਕ ਪੱਖ ਇਸ ਵਿਚਾਰ ਦੀ ਸਾਖੀ ਭਰਦੇ ਹਨ।

### 3.13 ਹਵਾਲਾ ਪੁਸਤਕਾਂ (Reference Books)


- ਤੇਜਾ ਸਿੰਘ (ਪ੍ਰਿੰ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
- Collins Dictionary

# ONE YEAR DIPLOMA IN SIKH THEOLOGY

## SEMESTER-II

## COURSE: THEOLOGY AND SIKH THEOLOGY: NATURE AND SCOPE

## UNIT-4 EQUALITY

**STRUCTURE**

4.0 ਉਦੇਸ਼

4.1 ਪ੍ਰਸਤਾਵਨਾ

4.2 ਸਮਾਨਤਾ: ਅਰਥ ਅਤੇ ਪਰਿਭਾਸ਼ਾਵਾਂ

4.3 ਸਮਾਨਤਾ ਦੀਆਂ ਕਿਸਮਾਂ

4.4 ਭਾਰਤੀ ਸੰਵਿਧਾਨ ਵਿਚ ਸਮਾਨਤਾ

4.5 ਅਸਮਾਨਤਾ

4.6 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਨਤਾ

4.7 ਸਿਖ ਧਰਮ ਅਨੁਸਾਰ ਸਮਾਨਤਾ

4.7.1 ਲਿੰਗਕ ਸਮਾਨਤਾ

4.7.2 ਧਾਰਮਿਕ ਸਮਾਨਤਾ

4.7.3 ਜਾਤੀਗਤ ਸਮਾਨਤਾ

4.7.4 ਆਰਥਿਕ ਸਮਾਨਤਾ

1.7.5 ਨਿਆਂ ਲਈ ਸਮਾਨਤਾ

4.8 ਸਾਰ

4.9 ਹਵਾਲਾ ਪੁਸਤਕਾਂ

4.10 ਹੋਰ ਪੜਣ ਲਈ ਪੁਸਤਕਾਂ

**4.0 ਉਦੇਸ਼**

ਇਸ ਪਾਠ ਦਾ ਉਦੇਸ਼ ਸਿਖ ਧਰਮ ਵਿਚ ਮਿਲਦੇ 'ਸਮਾਨਤਾ' ਦੇ ਸਿਧਾਂਤ ਨੂੰ ਸਮਝਾਉਣਾ ਹੈ। ਇਸ ਸਿਧਾਂਤ ਨੂੰ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿਖ ਪਰੰਪਰਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਜਿਨ੍ਹਾਂ ਰਾਹੀਂ ਸਮਾਨਤਾ ਨੂੰ ਸਮਝਣ ਵਿਚ ਸੌਖ ਹੋਵੇਗੀ। ਸਮਾਨਤਾ ਦਾ ਸਮਾਜ ਵਿਚ ਲਾਗੂ ਹੋਣਾ ਮਾਨਵੀ ਮੁੱਲਾਂ ਵਿਚ ਵਾਧਾ ਕਰਦਾ ਹੈ। ਇਸ ਲਈ ਇਸ ਪਾਠ ਰਾਹੀਂ ਵਿਦਿਆਰਥੀਆਂ ਵਿਚ ਵਿਵਹਾਰਕ ਤੌਰ ਉਪਰ ਸਮਾਨਤਾ ਦੇ ਮਹੱਤਵ ਨੂੰ ਦ੍ਰਿੜ ਕਰਨਾ, ਵੀ ਇਸ ਪਾਠ ਦਾ ਉਦੇਸ਼ ਹੈ।

**4.1 ਪ੍ਰਸਤਾਵਨਾ**

ਮਨੁੱਖ, ਪ੍ਰਕਿਰਤੀ ਦੀਆਂ ਸਮੁੱਚੀਆਂ ਕਿਰਤਾਂ ਵਿਚੋਂ ਵਿਲੱਖਣ ਹੈ। ਹਰ ਮਨੁੱਖ ਇਕ ਦੂਜੇ ਨਾਲੋਂ ਭਿੰਨ ਹੈ। ਇਹ ਭਿੰਨਤਾ ਲਿੰਗ, ਅਨੁਵੰਸ਼ਿਕ, ਰੰਗ, ਨਸਲ, ਸਥਾਨਗਤ, ਭਾਸ਼ਾਗਤ ਜਾਂ ਸਭਿਆਚਾਰਕ ਹੋ ਸਕਦੀ ਹੈ। ਇਨ੍ਹਾਂ ਭਿੰਨਤਾਵਾਂ ਦੇ ਆਧਾਰ ਉੱਪਰ ਕੋਈ ਨੀਵਾਂ ਜਾਂ ਉਚਾ ਨਹੀਂ ਹੋ ਜਾਂਦਾ। ਜਦੋਂ ਮਾਨਵੀ ਗੁਣਾਂ ਜਾਂ ਖੂਬੀਆਂ ਦੀ ਥਾਂ, ਜਾਤਪਾਤ/ਲਿੰਗ ਜਾਂ ਨਸਲ ਵਰਗੀਆਂ ਭਿੰਨਤਾਵਾਂ ਨੂੰ ਵਿਭਿੰਨ ਮੌਕਿਆਂ ਲਈ ਆਧਾਰ ਬਣਾਇਆ ਜਾਂਦਾ ਹੈ, ਤਾਂ ਸਮਾਜ ਵਿਚ ਅਸਮਾਨਤਾਵਾਂ ਪੈਦਾ ਹੁੰਦੀਆਂ ਹਨ। ਇਸ ਵਿਚਾਰ ਨੂੰ ਇਕ ਉਦਾਹਰਨ ਰਾਹੀਂ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਤੁਸੀਂ ਅਤੇ ਤੁਹਾਡਾ ਦੋਸਤ ਕਿਸੇ ਹੋਟਲ ਵਿਚ ਚਾਹ ਪੀਣ ਜਾਂਦੇ ਹੋਂ। ਤੁਹਾਨੂੰ ਦੋਨਾਂ ਨੂੰ ਤੁਹਾਡੀ ਜਾਤ ਪੁੱਛੀ ਜਾਂਦੀ ਹੈ। ਤੁਹਾਡੇ ਦੋਸਤ ਦੀ ਅਖੌਤੀ (ਕਹੀ ਜਾਂਦੀ) ਨੀਵੀਂ ਜਾਤ ਹੈ। ਤੁਹਾਡੀ ਉੱਚੀ। ਫਿਰ ਹੋਟਲ ਵਾਲੇ ਤੁਹਾਡੇ ਦੋਸਤ ਨੂੰ ਬਿਲਕੁਲ ਬੇਕਾਰ ਜਿਹੇ ਗਲਾਸ ਵਿਚ ਚਾਹ ਦੇ ਦੇਣ ਅਤੇ ਹੋਟਲ ਤੋਂ ਬਾਹਰ ਜਾ ਕੇ ਚਾਹ ਪੀਣ ਲਈ ਕਹਿਣ ਅਤੇ ਤੁਹਾਨੂੰ ਵਧੀਆ ਗਿਲਾਸ ਵਿਚ ਕੁਰਸੀ ਉੱਪਰ ਬੈਠ ਕੇ ਚਾਹ ਪੀਣ ਲਈ ਦੇਣ, ਅਤੇ ਅਜਿਹਾ ਕਿਉਂ ਕੀਤਾ ਗਿਆ, ਪੁੱਛਣ ਉੱਤੇ ਦੱਸਣ ਕਿ ਤੁਹਾਡੇ ਦੋਸਤ ਦੀ ਨੀਵੀਂ ਜਾਤ ਹੈ, ਤਾਂ ਕਰਕੇ ਉਸ ਨਾਲ ਇਹ ਸਲੂਕ ਕੀਤਾ ਗਿਆ, ਤਾਂ ਅਜਿਹਾ ਵਿਵਹਾਰ ਜਾਤੀਗਤ ਅਸਮਾਨਤਾ ਕਹਾਵੇਗਾ। ਇਸ ਲਈ ਸਮਾਨਤਾ ਦਾ ਸਿਧਾਂਤ ਭੇਦ-ਭਾਵ (Discrimination) ਮਿਟਾਉਂਣ ਲਈ ਕਾਰਜਸ਼ੀਲ ਹੁੰਦਾ ਹੈ। ਇਸ ਪਾਠ ਵਿਚ ਅਸੀਂ ਸਮਾਨਤਾ ਸੰਬੰਧੀ ਮਿਲਦੀਆਂ ਵੱਖ-ਵੱਖ ਧਾਰਨਾਵਾਂ ਨੂੰ ਜਾਣਾਗੇ। ਸਮਾਨਤਾ ਦੀਆਂ ਕਿਸਮਾਂ ਰਾਹੀਂ ਸਮਾਨਤਾ ਦਾ ਵੱਖ-ਵੱਖ ਖੇਤਰਾਂ ਵਿਚ ਮਹੱਤਵ ਸਾਹਮਣੇ ਆਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿਖ ਧਰਮ ਦੇ ਸ਼ਾਸ਼ਤਰ (Theology) ਦਾ ਆਧਾਰ ਹੈ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਮਾਨਤਾ ਨਾਲ ਮਿਲਦੇ ਵਿਚਾਰਾਂ ਨੂੰ ਜਾਣਿਆ ਜਾਵੇਗਾ। ਸਮਾਜ ਵਿਚ ਲਿੰਗ, ਧਰਮ, ਜਾਤੀ, ਧਨ ਦੇ ਆਧਾਰ ਤੇ ਵਿਤਕਰੇਬਾਜੀ ਹੁੰਦੀ ਹੈ। ਸਿਖ ਧਰਮ ਵਿਚ ਅਸਮਾਨਤਾਵਾਂ ਨੂੰ ਕਿਵੇਂ ਨਜਿੱਠਿਆ ਗਿਆ, ਨੂੰ ਗੁਰਬਾਣੀ ਅਤੇ ਪਰੰਪਰਾ ਦੇ ਆਧਾਰ ਉਪਰ ਸਮਝਿਆ ਜਾਵੇਗਾ।

**4.2 ਸਮਾਨਤਾ: ਅਰਥ ਅਤੇ ਪਰਿਭਾਸ਼ਾਵਾਂ**

ਸਮਾਨਤਾ ਲਈ ਅੰਗਰੇਜੀ ਵਿਚ ਸ਼ਬਦ **Equality** ਵਰਤਿਆ ਜਾਂਦਾ ਹੈ। **Equality** ਫਰੈਂਚ ਤੇ ਲਾਤੀਨੀ ਭਾਸ਼ਾ ਦੇ ਸ਼ਬਦ aequalis, aequus and aequalitas ਤੋਂ ਆਇਆ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਹੈ: ਸਮ, ਪੱਧਰ ਜਾਂ ਸਮਾਨ। ਆਮ ਸ਼ਬਦਾਂ ਵਿਚ ਸਮਾਨਤਾ ਤੋਂ ਭਾਵ ਸਾਰਿਆਂ ਨਾਲ ਇਕ ਸਮਾਨ ਵਿਵਹਾਰ ਕਰਨ ਤੋਂ ਹੈ। ਸਮਾਨਤਾ

ਮਨੁੱਖ ਦੇ ਬੁਨਿਆਦੀ ਅਧਿਕਾਰਾਂ ਵਿਚੋਂ ਇਕ ਹੈ। ਕੁਦਰਤ ਵੱਲੋਂ ਹਰ ਇਕ ਜੀਵੰਤ ਪ੍ਰਾਣੀ ਲਈ ਹਰ ਖੇਤਰ ਵਿਚ ਇਕ ਸਮਾਨ ਮੌਕੇ ਦਿੱਤੇ ਗਏ ਹਨ। ਇਨ੍ਹਾਂ ਮੌਕਿਆਂ ਲਈ ਬਿਨਾ ਜਾਤ, ਨਸਲ, ਲਿੰਗ, ਰੰਗ ਦੇ ਭੇਦਭਾਵ ਤੋਂ, ਬਰਾਬਰਤਾ ਕਾਇਮ ਰੱਖਣੀ ਹੀ, ਸਮਾਨਤਾ ਹੈ। ਵਿਅਕਤੀਆਂ ਵਿਚ ਸਭਿਆਚਾਰਕ ਜਾਂ ਇਲਾਕਾਈ ਆਧਾਰ 'ਤੇ ਕੁਦਰਤੀ ਭਿੰਨਤਾ ਹੋਣੀ ਸੁਭਾਵਿਕ ਹੈ। ਕਿਸੇ ਖਾਸ ਆਧਾਰ ਉਪਰ ਮਨੁੱਖ ਨੂੰ ਮੌਕਿਆਂ ਤੋਂ ਵਾਂਝਾ ਰੱਖਣਾ, ਅਸਮਾਨਤਾ ਅਖਵਾਉਂਦਾ ਹੈ। ਫਰਾਂਸ ਦੀ ਕ੍ਰਾਂਤੀ ਸਮੇਂ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀਭਾਵ ਦਾ ਨਾਅਰਾ ਲਗਾਇਆ ਗਿਆ। ਇਹ ਫਰਾਂਸ ਦੀ ਕ੍ਰਾਂਤੀ ਦਾ ਮਾਟੋ(Motto) ਸੀ। (**Liberté égalité fraternité** is the motto of the French revolution meaning freedom, equality, and fraternity) ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preambles of Constitution) ਵਿਚ ਵੀ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀਭਾਵ ਨੂੰ ਦਰਜ਼ ਕੀਤਾ ਗਿਆ ਹੈ।

**ਕੈਂਬਰਿਜ਼ ਡਿਕਸ਼ਨਰੀ (Cambridge Dictionary)** ਅਨੁਸਾਰ ਸਮਾਨਤਾ: ''the right of different groups of people to have a similar social position and receive the same treatment.

- Equality between the sexes
- Racial equality
- The government department responsible for equalities.''

ਅਰਥਾਤ: ''ਵਿਭਿੰਨ ਸਮੂਹਾਂ ਦੇ ਲੋਕਾਂ ਦਾ ਇਕ ਸਮਾਨ ਸਮਾਜਿਕ ਰੁਤਬਾ ਅਤੇ ਇਕਸਮਾਨ ਵਰਤਾਵ ਮਿਲਣ ਦਾ ਅਧਿਕਾਰ।

- ਲਿੰਗਕ ਸਮਾਨਤਾ
- ਨਸਲੀ ਸਮਾਨਤਾ
- ਸਮਾਨਤਾ ਲਈ ਸਰਕਾਰੀ ਸੰਸਥਾਨ ਜ਼ਿੰਮੇਵਾਰ।''

**ਔਕਸਫੋਰਡ ਲਰਨਰਜ਼ ਡਿਕਸ਼ਨਰੀ (Oxford learners Dictionaries)** ਅਨੁਸਾਰ ਸਮਾਨਤਾ: ''the fact of being equal in rights, status, advantages, etc.

- racial/social/gender equality
- We need to ensure equality of opportunity in all areas of work.
- the principle of equality before the law (= the law treats everyone the same)
- Don't you believe in equality between men and women?''

ਅਰਥਾਤ ''ਅਧਿਕਾਰ, ਰੁਤਬਾ, ਲਾਭ, ਆਦਿ ਵਿਚ ਸਮਾਨ ਹੋਣ ਦਾ ਤੱਥ।

- ਨਸਲੀ/ਸਮਾਜਿਕ/ਲਿੰਗਕ ਸਮਾਨਤਾ।
- ਸਾਨੂੰ ਕੰਮਕਾਜ ਦੇ ਸਾਰੇ ਖੇਤਰਾਂ ਵਿੱਚ ਮੌਕੇ ਦੀ ਸਮਾਨਤਾ ਨੂੰ ਯਕੀਨੀ ਬਣਾਉਣ ਦੀ ਲੋੜ ਹੈ।
- ਕਾਨੂੰਨ ਦੇ ਸਨਮੁਖ ਸਮਾਨਤਾ ਦਾ ਸਿਧਾਂਤ (=ਕਾਨੂੰਨ ਸਾਰਿਆਂ ਨਾਲ ਇਕੋ ਜਿਹਾ ਵਰਤਾਉ ਕਰਦਾ ਹੈ)

- ਕੀ ਤੁਸੀਂ ਪੁਰਸ਼ਾਂ ਅਤੇ ਇਸਤਰੀਆਂ ਵਿਚਾਲੇ ਬਰਾਬਰੀ ਵਿਚ ਵਿਸ਼ਵਾਸ ਨਹੀਂ ਕਰਦੇ?''

ਕੋਲਿੰਸ ਡਿਕਸ਼ਨਰੀ (Collins Dictionary) ਅਨੁਸਾਰ ਸਮਾਨਤਾ: ''Equality is the same status, rights, and responsibilities for all the members of a society, group, or family.''

ਅਰਥਾਤ: ''ਸਮਾਨਤਾ ਤੋਂ ਭਾਵ ਸਮਾਜ, ਸਮੂਹ ਜਾਂ ਪਰਿਵਾਰ ਦੇ ਸਾਰੇ ਮੈਂਬਰਾਂ ਲਈ ਇਕ ਸਮਾਨ ਦਰਜ਼ਾ, ਅਧਿਕਾਰ ਅਤੇ ਜ਼ਿੰਮੇਵਾਰੀਆਂ ਤੋਂ ਹੈ।''

ਉਕਤ ਪਰਿਭਾਸ਼ਾਵਾਂ 'ਸਮਾਨਤਾ' ਨੂੰ ਸਮਾਜ ਤੇ ਸਮਾਜ ਦੇ ਸਾਰੇ ਵਰਗਾਂ ਵਿਚ ਮੌਕਿਆਂ ਨੂੰ ਇਕ ਸਮਾਨ ਮੁਹੱਈਆ ਕਰਵਾਉਣ ਵੱਲ ਰੁਚਿਤ ਹਨ। ਨਸਲ ਅਤੇ ਲਿੰਗਕ ਸਮਾਨਤਾ ਇਨ੍ਹਾਂ ਪਰਿਭਾਸ਼ਾਵਾਂ ਵਿਚ ਸਾਂਝੀ ਹੈ। ਇਹ ਪਰਿਭਾਸ਼ਾਵਾਂ ਮਨੁੱਖੀ ਸਮਾਨਤਾ ਦੀ ਥਾਂ ਮਨੁੱਖ ਦੇ ਅਧਿਕਾਰਾਂ, ਮੌਕਿਆਂ ਨੂੰ ਇਕਸਾਰ ਰੂਪ ਵਿਚ ਦਿਤੇ ਜਾਣ ਉਪਰ ਜ਼ੋਰ ਦਿੰਦੀਆਂ ਹਨ। ਪ੍ਰੋ. ਲਾਸਕੀ ਸਮਾਨਤਾ ਨੂੰ ਵਿਚਾਰਾਂ ਦੀ ਇਕਸਾਰਤਾ (Coherence of Ideas) ਵੀ ਆਖਦਾ ਹੈ। ਹੁਣ ਅਸੀਂ ਇਸ ਵਿਸ਼ੇ ਦੇ ਪ੍ਰਸਿੱਧ ਵਿਦਵਾਨ ਡੀ.ਡੀ. ਰਾਫੇਲ, ਲਾਸਕੀ ਅਤੇ ਬਾਰਕਰ ਦੀਆਂ ਪਰਿਭਾਸ਼ਾਵਾਂ ਦੇਖਦੇ ਹਾਂ।

ਡੀ.ਡੀ. ਰਾਫੇਲ ਅਨੁਸਾਰ "The Right to Equality proper is a right of equal satisfaction of basic human needs, including the need to develop and use capacities which are specifically human." ਭਾਵ: ''ਸਮਾਨਤਾ ਦਾ ਅਧਿਕਾਰ ਮੁਢਲੀਆਂ ਮਨੁੱਖੀ ਜ਼ਰੂਰਤਾਂ ਦੀ ਇਕਸਮਾਨ ਸੰਤੁਸ਼ਟੀ ਦਾ ਅਧਿਕਾਰ ਹੈ, ਜਿਸ ਵਿੱਚ ਸਮੱਰਥਾਵਾਂ ਨੂੰ ਵਿਕਸਿਤ ਕਰਨ ਅਤੇ ਇਸਦੀ ਵਰਤੋਂ ਕਰਨ ਦੀ ਜ਼ਰੂਰਤ ਵੀ ਸ਼ਾਮਲ ਹੈ ਜੋ ਵਿਸ਼ੇਸ਼ ਤੌਰ ਤੇ ਮਨੁੱਖੀ ਹਨ।'' ਡੀ.ਡੀ. ਰਾਫੇਲ ਸਮਾਨਤਾ ਨੂੰ ਤਿੰਨ ਅਰਥਾਂ ਵਿਚ ਵੰਡਦਾ ਹੈ: 1. ਵਿਚਾਰਾਂ ਦੀ ਸਮਾਨਤਾ 2. ਮੌਕਿਆਂ ਦੀ ਸਮਾਨਤਾ 3. ਮੁਢਲੀਆਂ ਲੋੜਾਂ।

ਲਾਸਕੀ ਅਨੁਸਾਰ "Equality means that no man shall be so placed in society that he can over-reach his neighbour to the extent which constitutes a denial of latter's citizenship.

ਬਾਰਕਰ ਅਨੁਸਾਰ "Equality means equal rights for all the people and the abolition of all special rights and privileges". ਅਰਥਾਤ: "ਸਮਾਨਤਾ ਦਾ ਭਾਵ ਸਾਰੇ ਲੋਕਾਂ ਦੇ ਬਰਾਬਰ ਅਧਿਕਾਰਾਂ ਤੋਂ ਹੈ ਅਤੇ ਸਾਰੇ ਵਿਸ਼ੇਸ਼ ਅਧਿਕਾਰਾਂ ਨੂੰ ਖਤਮ ਕਰਨਾ ਹੈ।''

ਸਮਾਨਤਾ ਨੂੰ ਹੋਰ ਸਪਸ਼ਟ ਰੂਪ ਵਿਚ ਸਮਝਣ ਲਈ ਅਸੀਂ ਇਥੇ ਕੁਝ ਹੋਰ ਧਾਰਨਾਵਾਂ ਵਿਚਾਰਦੇ ਹਾਂ:

ਅਮਰੀਕਾ ਦੀ ਆਜਾਦੀ ਦੀ ਘੋਸ਼ਣਾ ਵਿਚ ਥਾਮਸ ਜੈਫਰਸਨ ਨੇ ਇਹ ਵਿਚਾਰ ਦਿੱਤੇ: ''We hold these truths to be self-evident, that all men are created equal, that they are endowed by their Creator with certain unalienable rights, that among these are life, liberty, and the pursuit of happiness.''


(THOMAS JEFFERSON, THE DECLARATION OF INDEPENDENCE)

ਭਾਵ: ''ਅਸੀਂ ਇਨ੍ਹਾਂ ਸੱਚਾਈਆਂ ਨੂੰ ਆਪਣੇ ਆਪ ਨੂੰ ਸਪੱਸ਼ਟ ਤੌਰ 'ਤੇ ਸਮਝਣ ਲਈ ਰੱਖਦੇ ਹਾਂ, ਕਿ ਸਾਰੇ ਮਨੁੱਖ ਬਰਾਬਰ ਬਣ ਗਏ ਹਨ, ਉਨ੍ਹਾਂ ਨੂੰ ਸਿਰਜਣਹਾਰ ਦੁਆਰਾ ਕੁਝ ਨਾ ਬਦਲਣ ਵਾਲੇ ਹੱਕਾਂ ਨਾਲ ਨਿਵਾਜਿਆ ਗਿਆ ਹੈ, ਜਿਨ੍ਹਾਂ ਵਿਚੋਂ ਉਹ ਜ਼ਿੰਦਗੀ, ਆਜ਼ਾਦੀ ਅਤੇ ਖੁਸ਼ੀ ਲੱਭਦੇ ਹਨ।''

ਸਿਵਲ ਅਧਿਕਾਰਾਂ ਦੇ ਜਲੂਸ ਵਿਚ ਮਰਾਟਿਨ ਲੂਥਰ ਕਿੰਗ ਜੂਨੀਅਰ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ''I have a dream that my four little children will one day live in a nation where they will not be judged by the color of their skin but by the content of their character.'' (Martin Luther King Jr. speech at civil rights march)

ਭਾਵ: ''ਮੇਰਾ ਇਕ ਸੁਪਨਾ ਹੈ ਕਿ ਮੇਰੇ ਚਾਰ ਛੋਟੇ ਬੱਚੇ, ਇਕ ਦਿਨ ਇਕ ਅਜਿਹੇ ਰਾਸ਼ਟਰ ਵਿਚ ਰਹਿਣਗੇ, ਜਿੱਥੇ ਉਨ੍ਹਾਂ ਨੂੰ ਉਨ੍ਹਾਂ ਦੀ ਚਮੜੀ ਦੇ ਰੰਗ ਨਾਲ ਨਹੀਂ ਬਲਕਿ ਉਨ੍ਹਾਂ ਦੇ ਚਰਿੱਤਰ ਦੇ ਸਰੋਕਾਰਾਂ ਨਾਲ ਪਛਾਣਿਆ ਜਾਵੇਗਾ।''

**4.3 ਸਮਾਨਤਾ ਦੀਆਂ ਕਿਸਮਾਂ:**




**4.3.1 ਸਿਵਲ ਸਮਾਨਤਾ**: ਇਹ ਸਾਰੇ ਲੋਕਾਂ ਅਤੇ ਸਮਾਜਿਕ ਸਮੂਹਾਂ ਨੂੰ ਬਰਾਬਰ ਅਧਿਕਾਰ ਅਤੇ ਅਜ਼ਾਦੀ ਦੇਣ ਲਈ ਹੈ। ਇਸ ਅਨੁਸਾਰ ਸਾਰੇ ਲੋਕਾਂ ਨਾਲ ਕਾਨੂੰਨ ਸੰਬੰਧੀ ਬਰਾਬਰ ਵਰਤਾਓ ਕੀਤਾ ਜਾਣਾ ਚਾਹੀਦਾ ਹੈ। ਨਾਗਰਿਕ ਸਮਾਨਤਾ ਵਿਚ ਲੋਕਾਂ ਦੇ ਸਾਂਝੇ ਹਿਤਾਂ ਨੂੰ ਵਿਚਾਰਿਆ ਜਾਂਦਾ ਹੈ। ਜਿਸ ਅਨੁਸਾਰ ਸਮਾਜ ਦਾ ਹਰ ਨਾਗਰਿਕ ਇਕ ਸਮਾਨ ਅਧਿਕਾਰਾਂ ਦਾ ਪਾਤਰ ਹੈ।

**4.3.2 ਰਾਜਨੀਤਿਕ ਸਮਾਨਤਾ**: ਰਾਜਨੀਤਿਕ ਸਮਾਨਤਾ ਅਨੁਸਾਰ ਰਾਜਨੀਤਿਕ ਪ੍ਰਕ੍ਰਿਆ ਵਿਚ ਸਾਰਿਆਂ ਦੀ ਭਾਗੀਦਾਰੀ (Participation) ਦੇ ਬਰਾਬਰ ਮੌਕੇ ਹੋਣੇ ਚਾਹੀਦੇ ਹਨ। ਇਸ ਅਨੁਸਾਰ ਸਮਾਜ ਦੇ ਸਾਰੇ ਮੈਂਬਰ ਰਾਜਨੀਤਿਕ ਤੌਰ ਉਪਰ ਇਕਸਮਾਨ ਹਨ। ਇਸ ਵਿਚ ਸਾਰੇ ਨਾਗਰਿਕਾਂ ਲਈ ਕੁਝ ਇਕਸਾਰ ਯੋਗਤਾ ਦੇ ਬਰਾਬਰ ਰਾਜਨੀਤਿਕ ਅਧਿਕਾਰ ਦੇਣ ਦੀ ਧਾਰਨਾ ਸ਼ਾਮਲ ਹੈ।

**4.3.3 ਸਮਾਜਿਕ ਸਮਾਨਤਾ**: ਇਹ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਵਰਗਾਂ ਦੇ ਲੋਕਾਂ ਦੇ ਬਰਾਬਰ ਅਧਿਕਾਰਾਂ ਅਤੇ ਸਾਰੇ ਸਮਾਜ ਦੇ ਲੋਕਾਂ ਨੂੰ ਬਿਨਾ ਕਿਸੇ ਭੇਦ-ਭਾਵ ਤੋਂ ਵਿਕਾਸ ਦੇ ਮੌਕਿਆਂ ਨੂੰ ਪ੍ਰਦਾਨ ਕਰਨ ਦੀ ਗੱਲ ਕਰਦੀ ਹੈ। ਸਮਾਜਿਕ ਸਮਾਨਤਾ ਕਿਸੇ ਵੀ ਜਾਤ, ਧਰਮ ਜਾਂ ਵਰਗ ਦੇ ਲੋਕਾਂ ਨੂੰ ਇਕ ਸਮਾਨ ਰੱਖਦੀ ਹੈ। ਕਿਸੇ ਖਾਸ ਵਰਗ/ਜਾਤੀ/ਧਰਮ/ਸਮੂਹ ਜਾਂ ਨਸਲੀ ਸਮੂਹ ਲਈ ਵਿਸ਼ੇਸ਼ ਅਧਿਕਾਰ ਦੇਣ ਲਈ ਮਨਾਹੀ ਹੁੰਦੀ ਹੈ। ਸਾਰੇ ਲੋਕਾਂ ਲਈ ਜਨਤਕ ਥਾਵਾਂ 'ਤੇ ਆਜਾਦ ਪਹੁੰਚ ਹੋਣੀ ਚਾਹੀਦੀ ਹੈ। ਭਾਵ ਕਿ ਸਮਾਜਕ ਵੱਖਰਤਾ ਲਈ ਕੋਈ ਥਾਂ ਨਹੀਂ ਹੁੰਦੀ। ਸਾਰੇ ਲੋਕਾਂ ਲਈ ਮੌਕਿਆਂ ਦੀ ਸਮਾਨਤਾ ਹੁੰਦੀ ਹੈ। ਹਾਲਾਂਕਿ ਸਮਾਜਕ ਸਮਾਨਤਾ ਸਮਾਜ ਦੇ ਹਾਸ਼ੀਆਕ੍ਰਿਤ ਲੋਕਾਂ ਦੀ

ਸੁਰੱਖਿਆ ਅਤੇ ਵਿਕਾਸ ਲਈ ਕੁਝ ਵਿਸ਼ੇਸ਼ ਅਧਿਕਾਰ ਜਾਂ ਰਾਖਵੇਂਕਰਨ ਨੂੰ ਵੀ ਸਵੀਕਾਰਦਾ ਹੈ। ਸਮਾਜਿਕ ਬਰਾਬਰੀ ਵਿਚ ਲਿੰਗ ਅਸਮਾਨਤਾ ਨੂੰ ਖਤਮ ਕਰਨਾ, ਔਰਤਾਂ ਨੂੰ ਬਰਾਬਰ ਰੁਤਬਾ ਅਤੇ ਅਵਸਰ ਪ੍ਰਦਾਨ ਕਰਨਾ ਅਤੇ ਲੜਕੇ ਅਤੇ ਲੜਕੀ ਦੇ ਰਹਿਣ ਅਤੇ ਵਿਕਾਸ ਦੇ ਬਰਾਬਰ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਵੀ ਸ਼ਾਮਿਲ ਹੈ।

**4.3.4 ਕੁਦਰਤੀ ਸਮਾਨਤਾ:** ਇਸ ਤੱਥ ਦੇ ਬਾਵਜੂਦ ਕਿ ਆਦਮੀ ਆਪਣੀਆਂ ਸਰੀਰਕ ਵਿਸ਼ੇਸ਼ਤਾਵਾਂ, ਮਨੋਵਿਗਿਆਨਕ ਗੁਣਾਂ, ਮਾਨਸਿਕ ਯੋਗਤਾਵਾਂ ਅਤੇ ਸਮੱਰਥਾਵਾਂ ਦੇ ਸੰਬੰਧ ਵਿੱਚ ਵੱਖਰੇ ਹਨ, ਸਾਰੇ ਮਨੁੱਖਾਂ ਨੂੰ ਬਰਾਬਰ ਮਨੁੱਖ ਮੰਨਿਆ ਜਾਣਾ ਚਾਹੀਦਾ ਹੈ। ਸਾਰਿਆਂ ਨੂੰ ਸਾਰੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਅਨੰਦ ਲੈਣ ਦੇ ਯੋਗ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

**4.3.5 ਆਰਥਿਕ ਸਮਾਨਤਾ:** ਆਮ ਤੌਰ ਉਪਰ ਪੂੰਜੀ ਸਮਾਜ ਵਿਚ ਕੁਝ ਬੰਦਿਆਂ ਦੇ ਹੱਥ ਵਿਚ ਆ ਜਾਂਦੀ ਹੈ। ਪੂੰਜੀਵਾਦ ਵਿਚ ਇਹ ਆਮ ਵਾਪਰਦਾ ਹੈ। ਆਰਥਿਕ ਸਮਾਨਤਾ ਪੂੰਜੀ/ਅਰਥ ਦੇ ਕੇਂਦਰੀਕਰਨ ਦੇ ਉਲਟ ਧਾਰਨਾ ਹੈ। ਆਰਥਿਕ ਬਰਾਬਰੀ ਦਾ ਅਰਥ, ਬਰਾਬਰ ਦਾ ਵਿਵਹਾਰ/ਬਰਾਬਰ ਦਾ ਇਨਾਮ ਜਾਂ ਸਾਰਿਆਂ ਲਈ ਬਰਾਬਰ ਤਨਖਾਹ ਨਹੀਂ ਹੁੰਦਾ। ਬਲਕਿ ਕੰਮ ਲਈ ਅਤੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਸਾਰਿਆਂ ਨੂੰ ਨਿਰਪੱਖ ਅਤੇ ਉੱਚਿਤ ਅਵਸਰ ਪ੍ਰਦਾਨ ਕਰਨਾ ਹੈ। ਇਸਦਾ ਅਰਥ ਇਹ ਵੀ ਹੈ ਕਿ ਕੁਝ ਲੋਕਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਪੂਰੀਆਂ ਹੋਣ ਤੋਂ ਪਹਿਲਾਂ ਸਾਰਿਆਂ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਅਮੀਰ ਅਤੇ ਗਰੀਬ ਵਿਚਕਾਰ ਪਾੜਾ ਘੱਟੋ ਘੱਟ ਹੋਣਾ ਚਾਹੀਦਾ ਹੈ। ਸਮਾਜ ਵਿਚ ਧਨ/ਪੈਸਾ ਅਤੇ ਸਰੋਤਾਂ ਦੀ ਇਕਸਾਰ ਵੰਡ ਹੋਣੀ ਚਾਹੀਦੀ ਹੈ।

**4.3.6 ਕਾਨੂੰਨੀ ਸਮਾਨਤਾ:** ਕਾਨੂੰਨੀ ਸਮਾਨਤਾ ਹੈ: ਕਾਨੂੰਨ ਲਈ ਸਮਾਨਤਾ। ਭਾਵ ਕਾਨੂੰਨ ਦੀ ਨਜ਼ਰ ਵਿਚ ਸਾਰੇ ਵਿਅਕਤੀ ਬਰਾਬਰ ਹਨ। ਸਭ ਨੂੰ ਅਧਿਕਾਰ ਹੈ ਕਿ ਉਨ੍ਹਾਂ ਨੂੰ ਕਾਨੂੰਨ, ਸਮਾਜਿਕ ਸੁਰੱਖਿਆ ਮੁਹੱਈਆ ਕਰਵਾਏ। ਕਾਨੂੰਨ ਸਭ ਲਈ ਬਰਾਬਰ ਹੈ। ਬਿਨਾ ਕਿਸੇ ਭੇਦਭਾਵ ਦੇ ਸੁਰੱਖਿਆ ਅਤੇ ਅਧਿਕਾਰਾਂ ਦਾ ਹੋਣਾ ਕਾਨੂੰਨੀ ਸਮਾਨਤਾ ਹੈ।

**4.4 ਭਾਰਤੀ ਸੰਵਿਧਾਨ ਵਿਚ ਸਮਾਨਤਾ:**

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preambles of Constitutions) ਵਿਚ ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਰਾਤਰੀਭਾਵ ਨੂੰ ਦਰਜ਼ ਕੀਤਾ ਗਿਆ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਮਾਨਤਾ ਬਾਰੇ ਇਸ ਤਰਾਂ ਲਿਖਿਆ ਗਿਆ ਹੈ: EQUALITY of Status and of opportunity, and to promote among them all'' ਸਮਾਨਤਾ ਦਾ ਅਧਿਕਾਰ ਭਾਰਤੀ ਸੰਵਿਧਾਨ ਦੁਆਰਾ ਦਿੱਤਾ ਗਿਆ ਮੌਲਿਕ ਅਧਿਕਾਰ (Fundamental Right) ਹੈ। ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 14, 15, 16, 17 ਅਤੇ 18 ਅਧੀਨ ਦਿੱਤਾ ਗਿਆ ਹੈ। ਸਮਾਨਤਾ ਦਾ ਅਧਿਕਾਰ ਮੁੱਖ ਰੂਪ ਵਿਚ ਆਰਟੀਕਲ 14 ਵਿਚ ਦਰਜ਼ ਹੈ। ਇਹ ਬਾਕੀ ਦੇ ਅਧਿਕਾਰਾਂ ਲਈ ਵੀ ਪ੍ਰਮੁੱਖ ਬੁਨਿਆਦ ਹੈ। ਅਨੁਛੇਦ 14 ਅਨੁਸਾਰ ਭਾਰਤ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਇੱਕ ਬਰਾਬਰੀ ਨਾਲ ਕਾਨੂੰਨ ਦੀ ਰੱਖਿਆ ਪ੍ਰਦਾਨ ਕਰਦਾ ਹੈ। ਭਾਵ ਕੀ ਰਾਜ ਇੱਕੋ ਜਿਹੇ ਹਲਾਤਾਂ ਵਿੱਚ ਸਭ ਨਾਗਰਿਕਾਂ ਨਾਲ ਇੱਕੋ ਜਿਹਾ ਸਲੂਕ ਕਰੇਗਾ। ਅਨੁਛੇਦ-15

ਅਨੁਸਾਰ ਧਰਮ, ਨਸਲ, ਜਾਤ, ਰੰਗ, ਲਿੰਗ ਜਾਂ ਜਨਮ ਸਥਾਨ ਦੇ ਅਧਾਰ ਤੇ ਵਿਤਕਰੇ ਦੀ ਮਨਾਹੀ ਹੈ। ਕਿਸੇ ਵੀ ਵਿਅਕਤੀ ਨੂੰ ਇਹਨਾਂ ਅਧਾਰਾਂ ਕਿਸੇ ਦੁਕਾਨ, ਹੋਟਲ, ਜਨਤਕ ਰੈਸਟੋਰੈਂਟ, ਜਨਤਕ ਪਾਰਕ, ਖੂਹ, ਟੈਂਕ, ਇਸ਼ਨਾਨ ਘਰਾਂ, ਸੜ੍ਹਕਾਂ ਅਤੇ ਹੋਰ ਜਨਤਕ ਸਥਾਨਾਂ ਤੇ ਜਾਣ ਤੋਂ ਨਹੀਂ ਰੋਕਿਆ ਜਾ ਸਕਦਾ ਹੈ। ਅਨੁਛੇਦ-16 ਅਨੁਸਾਰ ਸੰਵਿਧਾਨ ਰਾਜ ਅਧੀਨ ਕਿਸੇ ਵੀ ਅਹੁਦੇ ਸਬੰਧੀ ਨਾਗਰਿਕਾਂ ਦੇ ਰੁਜ਼ਗਾਰ ਜਾਂ ਨਿਯੁਕਤੀ ਸਬੰਧੀ ਮੌਕਿਆਂ ਦੀ ਸਮਾਨਤਾ ਪ੍ਰਦਾਨ ਕਰਦਾ ਹੈ। ਕਿਸੇ ਵੀ ਨਾਗਰਿਕ ਨੂੰ ਕਿਸੇ ਅਹੁਦੇ ਜਾਂ ਰੋਜ਼ਗਾਰ ਦੇਣ ਸਮੇਂ ਧਰਮ, ਨਸਲ, ਜਾਤ, ਰੰਗ, ਲਿੰਗ ਜਾਂ ਜਨਮ ਸਥਾਨ ਦੇ ਅਧਾਰ ਤੇ ਆਯੋਗ ਨਹੀਂ ਠਹਿਰਾਇਆ ਜਾ ਸਕਦਾ ਹੈ ਅਤੇ ਇਸ ਸਬੰਧੀ ਕੋਈ ਵੀ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਅਨੁਛੇਦ 17 ਅਨੁਸਾਰ ਭਾਰਤ ਵਿੱਚ ਛੂਤ-ਛਾਤ ਅਤੇ ਇਸਦੇ ਕਿਸੇ ਵੀ ਤਰ੍ਹਾਂ ਪ੍ਰਚਲਨ ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਇਸ ਅਨੁਛੇਦ ਦੁਆਰਾ ਕਨੂੰਨੀ ਤੌਰ 'ਤੇ ਛੂਤ-ਛਾਤ ਨੂੰ ਸਜ਼ਾ ਯੋਗ ਅਪਰਾਧ ਘੋਸ਼ਿਤ ਕੀਤਾ ਗਿਆ ਹੈ।

**4.5 ਅਸਮਾਨਤਾਵਾਂ:**

ਅਸਮਾਨਤਾ ਸਮਾਨਤਾ ਦਾ ਵਿਰੋਧੀ ਸ਼ਬਦ ਹੈ। ਉਪਰ ਦੱਸੇ ਅਨੁਸਾਰ ਸਮਾਨਤਾ ਹੋਣਾ ਸਮਾਜ ਲਈ ਜਰੂਰੀ ਤੱਤ ਹੈ। ਪਰ ਇਸਦਾ ਭਾਵ ਇਹ ਨਹੀਂ ਇਹ ਹਰ ਇਨਸਾਨ ਦੂਜੇ ਦੇ ਸਮਾਨ ਹੁੰਦਾ ਹੈ। ਬਲਕਿ ਕੁਦਰਤ ਵਿਚ ਅਨੇਕਾਂ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਅਸਮਾਨਤਾਵਾਂ ਦੋ ਤਰਾਂ ਦੀਆਂ ਹੁੰਦੀਆਂ ਹਨ: ਸਮਾਜਿਕ ਅਸਮਾਨਤਾਵਾਂ ਅਤੇ ਕੁਦਰਤੀ ਅਸਮਾਨਤਾਵਾਂ। ਕੁਦਰਤੀ ਅਸਮਾਨਤਾਵਾਂ ਤੋਂ ਭਾਵ ਉਹ ਅਸਮਾਨਤਾਵਾਂ ਤੋਂ ਹੈ ਜਿਹੜੀਆਂ ਕੁਦਰਤ ਵੱਲੋਂ ਮਨੁੱਖਾਂ ਅੰਦਰ ਮਿਲਦੀਆਂ ਹਨ ਜਿਵੇਂ ਔਰਤ ਅਤੇ ਮਰਦ ਵਿਚਕਾਰ ਸਰੀਰਕ ਅਸਮਾਨਤਾ ਹੈ। ਜਾਂ ਇਕ ਹੀ ਲਿੰਗ ਵਿਚ ਅਨੇਕਾਂ ਅਸਮਾਨਤਾਵਾਂ ਹੋ ਸਕਦੀਆਂ ਹਨ। ਪ੍ਰੰਤੂ ਸਮਾਜਿਕ ਅਸਮਾਨਤਾਵਾਂ ਮਨੁੱਖ ਦੁਆਰਾ ਆਪਣੀਆਂ ਸਿਰਜੀਆਂ ਹੁੰਦੀਆਂ ਹਨ। ਜਿਵੇਂ ਜਾਤਪਾਤ, ਧਰਮ, ਲਿੰਗ, ਨਸਲ ਆਦਿ। ਇਸ ਲਈ ਸਮਾਜਿਕ ਅਸਮਾਨਤਾਵਾਂ ਨੂੰ ਆਦਰਸ਼ਕ ਸਮਾਜ ਵਿਚ ਪ੍ਰਵਾਨ ਨਹੀਂ ਕੀਤਾ ਜਾਂਦਾ। ਬਲਕਿ ਕੁਦਰਤੀ ਅਸਮਾਨਤਾਵਾਂ ਵਿਭਿੰਨਤਾ ਦੀਆਂ ਲਖਾਇਕ ਹਨ।

**4.6 ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਮਾਨਤਾ:**

ਸਿਖ ਧਰਮ ਦੇ ਸਿਧਾਂਤਾਂ ਦਾ ਤੱਤ ਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਮਾਨਤਾ ਦੇ ਸਿਧਾਂਤ ਦਾ ਆਧਾਰ 'ਰੱਬੀ ਜੋਤ' ਬਣਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਭ ਜੀਵਾਂ ਵਿਚ ਪ੍ਰਮਾਤਮਾ ਦੀ ਜੋਤ ਹੈ। *ਸਭ ਮਹਿ ਜੋਤਿ ਜੋਤਿ ਹੈ ਸੋਇ॥* ਜੇਕਰ ਧਰਤੀ ਉਪਰ ਵਸਦੇ ਜੀਵਾਂ ਵਿਚ ਪ੍ਰਮਾਤਮਾ ਦੀ ਜੋਤ ਹੈ ਤਾਂ ਸਗਲ ਜੀਵ ਜੋਤ (ਰੱਬੀ ਪ੍ਰਕਾਸ਼) ਦੇ ਪੱਖ ਤੋਂ ਇਕ ਸਮਾਨ ਹਨ। ਇਹ ਜੋਤ ਔਰਤ, ਮਰਦ, ਹਰ ਜਾਤ, ਨਸਲ, ਧਰਮ ਦੇ ਜੀਵਾਂ ਵਿਚ ਵਸ ਰਹੀ ਹੈ। ਗੁਰਬਾਣੀ ਅਨੁਸਾਰ ਰੱਬੀ ਪ੍ਰਕਾਸ਼ ਕੀੜੀ ਤੋਂ ਲੈ ਕੇ ਹਾਥੀ ਤੱਕ ਸਾਰੇ ਜੀਵਾਂ ਵਿਚ ਇਕ ਸਮਾਨ ਹੈ।

ਕੀਟ ਹਸਤਿ ਮਹਿ ਪੂਰ ਸਮਾਨੇ॥ (ਗੁ.ਗ੍ਰੰ.ਸਾ.252)

ਮਨੁੱਖ ਆਪਣੀ ਹਉਮੈਂ ਅਤੇ ਈਰਖਾ ਕਾਰਨ 'ਦੂਜੇ ਭਾਵ' ਦੇ ਅਧੀਨ ਆਪਸੀ ਪਾੜਾ (Difference) ਸਿਰਜ ਲੈਂਦਾ ਹੈ। ਜਿਸਦੇ ਕਾਰਨ ਆਪਣੇ ਅਤੇ ਪਰਾਏ ਦਾ ਸੰਕਲਪ ਬਣ ਜਾਂਦਾ ਹੈ। ਆਪਣੇ ਫਿਰਕੇ, ਜਾਤ, ਧਰਮ ਦਾ ਪੱਖ ਕਰਦਾ ਹੋਇਆ ਦੂਜਿਆਂ ਦੇ ਰਾਹ ਵਿਚ ਔਕੜਾਂ ਪੇਸ਼ ਕਰ ਦਿੰਦਾ ਹੈ। ਗੁਰਬਾਣੀ ਅਨੁਸਾਰ ਇਸ ਸਮੱਸਿਆ ਦਾ ਹੱਲ ਸਾਧਸੰਗਤਿ ਹੈ। ਗੁਰੂ ਸਾਹਿਬ ਅਨੁਸਾਰ ਸਾਧਸੰਗਤਿ ਵਿਚ ਤਾਤ ਪਰਾਈ (ਈਰਖਾ) ਖਤਮ ਹੋ ਜਾਂਦੀ ਹੈ ਅਤੇ ਸਾਰੇ ਆਪਣੇ ਭਾਈਵਾਲ ਮਹਿਸੂਸ ਹੁੰਦੇ ਹਨ।

ਬਿਸਰ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥ (ਗੁ.ਗ੍ਰੰ.ਸਾ. 1299)

ਸਾਧਸੰਗਤਿ ਵਿਚ ਇਹ ਦ੍ਰਿਸ਼ਟੀ ਗੁਰਮੁਖਾਂ ਦੀ ਬਣ ਜਾਂਦੀ ਹੈ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ (ਸੁਖਮਨੀ ਸਾਹਿਬ)

ਭਗਤ ਰਵਿਦਾਸ ਜੀ ਬਿਨਾਂ ਕਿਸੇ ਵਿਤਕਰੇ ਵਾਲੇ ਸਮਾਜ ਦੀ ਸਿਰਜਣਾ ਕਰਦੇ ਹੋਏ 'ਬੇਗਮਪੁਰੇ' ਦਾ ਸੰਕਲਪ ਸਿਰਜਦੇ ਹਨ। ਭਗਤ ਜੀ ਅਨੁਸਾਰ ਬੇਗਮਪੁਰਾ ਉਹ ਥਾਂ ਹੈ। ਜਿਥੇ ਕਿਸੇ ਨੂੰ ਕੋਈ ਚਿੰਤਾ ਨਹੀਂ, ਜਿਥੇ ਕੋਈ ਦੂਜਾ ਜਾਂ ਤੀਜਾ ਦਰਜਾ ਨਹੀਂ। ਬਲਕਿ ਸਭ ਸਮਾਨ ਹਨ। ਆਪਣੀ ਇੱਛਾ ਅਨੁਸਾਰ ਸਾਰੇ ਵਿਚਰ ਸਕਦੇ, ਕੰਮ ਕਰ ਸਕਦੇ ਹਨ। ਕੋਈ ਕਿਸਮ ਦਾ ਵਾਧੂ ਟੈਕਸ ਨਹੀਂ ਦੇਣਾ ਪੈਂਦਾ। ਜਿਥੇ ਹਮੇਸ਼ਾਂ ਸ਼ਾਂਤੀ ਵਾਪਰਦੀ ਹੈ। ਇਸ ਸੰਬੰਧੀ ਭਗਤ ਜੀ ਦੇ ਸਾਰੇ ਸ਼ਬਦ ਨੂੰ ਹੀ ਵਿਚਾਰਿਆ ਜਾ ਸਕਦਾ ਹੈ।

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ **ਦੋਮ ਨ ਸੇਮ ਏਕ ਸੋ ਆਹੀ॥**
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ (ਗੁ.ਗ੍ਰੰ.ਸਾ. 345)

### 4.7 ਸਿਖ ਧਰਮ ਅਨੁਸਾਰ ਸਮਾਨਤਾ

ਸਿਖ ਧਰਮ ਇਕ ਮਾਨਵਵਾਦੀ ਧਰਮ ਹੈ। ਇਸ ਵਿਚ ਹਰ ਕਿਸਮ ਦੇ ਭੇਦਭਾਵ ਨੂੰ ਰੱਦ ਕੀਤਾ ਗਿਆ ਹੈ। ਮਨੁੱਖ ਨੂੰ ਉਸਦੇ ਗੁਣਾ ਆਧਾਰਿਤ ਪਰਖਿਆ ਗਿਆ ਹੈ। ਉੱਚਾ ਅਤੇ ਨੀਵਾਂ ਮਨੁੱਖ ਆਪਣੇ ਗੁਣਾਂ ਅਤੇ ਅਉਗੁਣਾਂ ਕਰਕੇ ਹੁੰਦਾ ਹੈ ਨਾ ਕਿ ਕਿਸੇ ਜਾਤੀਗਤ, ਲਿੰਗਕ ਜਾਂ ਧਾਰਮਿਕ ਪਛਾਣ ਕਰਕੇ। ਗੁਰਬਾਣੀ ਸਿਖ ਸਮਾਨਤਾਵਾਦੀ ਨਜ਼ਰੀਏ ਲਈ ਸਿਧਾਂਤਕ ਸਮੱਗਰੀ ਮੁਹੱਈਆ ਕਰਵਾਉਂਦੀ ਹੈ। ਸਿਖ ਪਰੰਪਰਾਵਾਂ ਵਿਚ ਇਸ ਸਿਧਾਂਤ ਦੇ ਵਿਵਹਾਰਕ ਪੱਖ ਨੂੰ ਵੇਖਿਆ ਜਾ ਸਕਦਾ ਹੈ। ਗੁਰੂਆਂ ਦੁਆਰਾ ਸੰਗਤ, ਪੰਗਤ, ਸਰੋਵਰ, ਖਾਲਸਾ ਵਰਗੀਆਂ ਸਮਾਨਤਾ ਵਾਲੀਆਂ ਸੰਸਥਾਵਾਂ ਦੀ ਸਿਰਜਣਾ, ਵਿਸ਼ਵ ਦੇ ਇਤਿਹਾਸ ਵਿਚ ਨਿਵੇਕਲਾ ਕਦਮ ਸੀ। ਇਹ ਸੰਸਥਾਵਾਂ ਲੋਕਤੰਤਰਿਕ ਵਿਹਾਰ

ਵਾਲੀਆਂ ਸੰਸਥਾਵਾਂ ਹਨ। ਜਿਥੇ ਬਿਨਾ ਕਿਸੇ ਸਮਾਜਿਕ ਵਿਤਕਰੇ ਦੇ ਸਭ ਲਈ ਸਾਂਝੀ ਥਾਂ ਰੱਖੀ ਗਈ। ਗੁਰੂ ਗੋਬਿੰਦ ਸਿੰਘ ਦੁਆਰਾ ਸਿਰਜੇ ਖਾਲਸਾ ਪੰਥ ਵਿਚ ਬਿਨਾ ਕਿਸੇ ਜਾਤ ਪਾਤ ਦੇ ਵਿਤਕਰੇ ਦੇ ਸਾਰੇ ਸਮਾਜ ਨੂੰ ਖਾਲਸਾ ਬਣਨ ਦਾ ਸੱਦਾ ਦਿੱਤਾ ਗਿਆ। ਇਥੋਂ ਤੱਕ ਕਿ ਪੰਜ ਪਿਆਰਿਆਂ ਵਿਚੋਂ ਵੀ ਵੱਖ-ਵੱਖ ਜਾਤਾਂ ਅਤੇ ਸਥਾਨਾਂ ਤੋਂ ਆਏ ਸਨ। ਗੁਰੂ ਨਾਨਕ ਦੇਵ ਜੀ ਦੇ ਤਿੰਨ ਨੁਕਾਤੀ ਫਲਸਫੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਵਿਚ ਵੰਡ ਕੇ ਛਕੋ ਸਮਾਨਤਾ ਨੂੰ ਵਿਹਾਰਕ ਰੂਪ ਪ੍ਰਦਾਨ ਕਰਦਾ ਹੈ। ਕਿਉਂਕਿ ਵੰਡ ਕੇ ਛਕਣ ਨਾਲ ਆਤਮਿਕ ਅਤੇ ਸਰੀਰਕ ਲੋੜਾਂ ਦੀ ਵੰਡ ਹੁੰਦੀ ਹੈ। ਇਸ ਵੰਡ ਨਾਲ ਸਮਾਜਕ ਸਮਾਨਤਾ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਇਸਦੇ ਉਲਟ ਪੂੰਜੀਵਾਦੀ ਰੁਝਾਨ ਸਭ ਕੁਝ ਇਕੱਤਰ ਕਰਨ ਨੂੰ ਤਰਜ਼ੀਹ ਦਿੰਦਾ ਹੈ। ਜਿਥੇ ਦੂਜੇ ਦਾ ਹੱਕ ਵੀ ਖੋਹਿਆ ਜਾਂਦਾ ਹੈ। ਗੁਰਬਾਣੀ ਦਾ ਵੰਡ ਕੇ ਛਕਣ ਦਾ ਸਿਧਾਂਤ ਸਮਾਜਕ ਸਮਾਨਤਾ ਦੀ ਸਿਖਰ ਹੈ। ਇਹ ਕੇਂਦਰੀਕਰਨ ਦੀ ਥਾਂ ਵਿਕੇਂਦਰੀਕਰਨ ਦੀ ਭਾਵਨਾ ਹੈ। ਇਥੇ ਅਸੀਂ ਸਿਖ ਧਰਮ ਵਿਚਲੀ ਸਮਾਨਤਾ ਨੂੰ ਲਿੰਗਕ, ਧਾਰਮਿਕ, ਜਾਤੀਗਤ, ਆਰਥਕ ਅਤੇ ਨਿਆਂ ਦੇ ਪੱਖ ਤੋਂ ਵਿਚਾਰਾਂਗੇ।

**4.7.1 ਲਿੰਗਕ ਸਮਾਨਤਾ (Gender Equality):** ਲਿੰਗਕ ਸਮਾਨਤਾ ਤੋਂ ਭਾਵ ਹੈ ਔਰਤ ਅਤੇ ਮਰਦ ਨੂੰ ਬਿਨਾ ਕਿਸੇ ਲਿੰਗਕ ਭੇਦਭਾਵ ਤੋਂ ਬਰਾਬਰ ਮੌਕੇ ਪ੍ਰਦਾਨ ਕਰਨਾ। ਇਸ ਸੰਬੰਧੀ UNICEF ਦੀ ਲਿੰਗਕ ਸਮਾਨਤਾ ਸੰਬੰਧੀ ਪਰਿਭਾਸ਼ਾ ਨੂੰ ਦੇਖਿਆ ਜਾ ਸਕਦਾ ਹੈ। Gender Equality "means that women and men, and girls and boys, enjoy the same rights, resources, opportunities and protections. It does not require that girls and boys, or women and men, be the same, or that they be treated exactly alike." ਉਕਤ ਪਰਿਭਾਸ਼ਾ ਨੂੰ ਵੀਚਾਰਿਆਂ ਲਿੰਗਕ ਸਮਾਨਤਾ ਸਪਸ਼ਟ ਹੁੰਦੀ ਹੈ ਕਿ ਔਰਤ ਅਤੇ ਮਰਦ ਭਾਵੇਂ ਸਰੀਰਕ ਤੌਰ ਉਪਰ ਵੱਖਰੇ ਹਨ, ਇਹ ਕੁਦਰਤੀ ਅਸਮਾਨਤਾ ਹੈ, ਪਰ ਇਨ੍ਹਾਂ ਦੋਵਾਂ ਨੂੰ ਇਕ ਸਮਾਨ ਅਧਿਕਾਰ, ਸਰੋਤ, ਮੌਕੇ ਅਤੇ ਸੁਰੱਖਿਆ ਪ੍ਰਦਾਨ ਕਰਨਾ ਲਿੰਗਕ ਸਮਾਨਤਾ ਦਾ ਲਖਾਇਕ ਹੈ। ਔਰਤ ਅਤੇ ਆਦਮੀ ਦਾ ਪਾੜਾ ਪ੍ਰਾਚੀਨ ਕਾਲ ਤੋਂ ਹੈ। ਪੂਰਵ ਕਾਲ ਤੋਂ ਔਰਤ ਗੁਲਾਮੀ ਨੂੰ ਭੋਗਦੀ ਰਹੀ ਹੈ। ਪਿੱਤਰ ਸੱਤਾ ਨੇ ਹਮੇਸ਼ਾ ਔਰਤ ਨੂੰ ਆਦਮੀ ਤੋਂ ਦੂਜੇ ਦਰਜ਼ੇ ਦਾ ਮੰਨਿਆ ਹੈ। ਔਰਤ ਦੇ ਇਸ ਹਾਲਾਤ ਪਿੱਛੇ ਧਾਰਮਿਕ, ਸਮਾਜਿਕ ਅਤੇ ਜਾਤੀਗਤ ਅਨੇਕ ਕਾਰਨ ਹਨ। ਕਈ ਧਰਮਾਂ ਵਿਚ ਵੀ ਔਰਤ ਨੂੰ ਆਦਮੀ ਤੋਂ ਨੀਵਾਂ ਦਿਖਾਇਆ ਗਿਆ ਹੈ। ਉਸਨੂੰ ਮੁਕਤੀ ਲਈ ਮਰਦ ਜ਼ਾਮਾ ਪਹਿਨਣਾ ਜਰੂਰੀ ਕੀਤਾ ਗਿਆ ਹੈ। ਗੋਰਖ ਨਾਥ ਆਪਣੀ ਬਾਣੀ ਵਿਚ ਔਰਤ ਲਈ 'ਬਾਘਣ' ਸ਼ਬਦ ਲਿਖਦਾ ਹੈ। ਤੁਲਸੀ ਅਨੁਸਾਰ ਔਰਤ ਨੂੰ ਹਮੇਸ਼ਾ ਸਖਤੀ ਨਾਲ ਰੱਖਣਾ ਚਾਹੀਦਾ ਹੈ। ਤੁਲਸੀ ਇਸ ਸ਼੍ਰੇਣੀ ਵਿਚ ਸ਼ੂਦਰ, ਪਸ਼ੂ, ਮੂਰਖ ਅਤੇ ਔਰਤ ਨੂੰ ਰੱਖਦਾ ਆਖਦਾ ਹੈ ਕਿ ਇਹ ਸਾਰੇ ਤਾੜਣ ਕੇ ਅਧਿਕਾਰੀ ਹਨ।

ਸ਼ੂਦਰ, ਢੋਰ, ਗਵਾਰ, ਪਸੁ, ਨਾਰੀ॥
ਏ ਪਾਂਚਹੁ ਤਾੜਣ ਕੇ ਅਧਿਕਾਰੀ॥

ਮੱਧ-ਕਾਲ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਔਰਤ ਦੇ ਹੱਕ ਵਿਚ ਉਠਾਈ ਆਵਾਜ ਇਕ ਕ੍ਰਾਂਤੀਕਾਰੀ ਕਦਮ ਸੀ। ਜਿਸਦਾ ਨਾ ਕੇਵਲ ਸਿਧਾਂਤਕ ਮਹੱਤਵ ਸੀ, ਬਲਕਿ ਵਿਹਾਰਕ ਪੱਧਰ ਉੱਤੇ ਵੀ ਔਰਤ ਦੀ ਸਥਿਤੀ ਵਿਚ ਮਹੱਤਵਪੂਰਨ ਬਦਲਾਵ ਆਇਆ। ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਔਰਤ ਦੇ ਹੱਕ ਵਿਚ ਉਚਾਰੀ ਪੰਕਤੀ ਨੂੰ ਪੜਦੇ ਹਾਂ ਤਾਂ ਗੁਰੂ ਜੀ ਔਰਤ ਨੂੰ ਬੁਰਾ/ਮੰਦਾ ਆਖਣ ਤੋਂ ਵਰਜਦੇ ਹਨ। ਮੰਦਾ ਆਖਣ ਤੋਂ ਭਾਵ ਹੈ, ਔਰਤ ਨੂੰ ਔਰਤ ਹੋਣ ਕਰਕੇ ਬੁਰੀ ਨਜ਼ਰ ਨਾਲ ਵੇਖਣਾ ਜਾਂ ਹੀਣ ਸਮਝਣਾ। ਜਿਹੋ ਜਿਹਾ ਕਿ ਮੱਧ-ਕਾਲ ਵਿਚ ਰਿਵਾਜ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਸਪਸ਼ਟ ਕੀਤਾ ਹੈ ਕਿ ਹੇ ਆਦਮੀ ਜਿਸ ਔਰਤ ਨੂੰ ਤੂੰ ਬੁਰਾ ਮੰਨਦਾ ਹੈ। ਉਸਤੋਂ ਪੈਦਾ ਹੋਇਆਂ ਹੈ, ਉਸ ਨਾਲ ਤੇਰਾ ਵਿਆਹ ਹੋਇਆ ਹੈ, ਉਸਤੋਂ ਹੀ ਸੰਤਾਨ ਦੀ ਉਤਪਤੀ ਹੁੰਦੀ ਹੈ। ਜਦੋਂ ਜੀਵਨ ਦਾ ਰਾਹ ਹੀ ਔਰਤ ਵਿਚੋਂ ਹੋ ਕੇ ਗੁਜ਼ਰਦਾ ਹੈ ਤਾਂ ਉਹ ਸ੍ਰਿਸ਼ਟੀ ਦੀ ਜ਼ਨਨੀ ਹੈ, ਉਸਨੂੰ ਬੁਰਾ ਨਹੀਂ ਕਹਿਣਾ ਚਾਹੀਦਾ।

ਮਃ ੧॥
ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਗੁ.ਗ੍ਰੰ.ਸਾ. 473)

ਗੁਰੂ ਸਾਹਿਬ ਨੇ ਇਹ ਪਹਿਲ ਕਰਕੇ ਮੱਧ-ਕਾਲ ਵਿਚ ਇਕ ਨਵੀਂ ਲਹਿਰ ਖੜੀ ਕਰ ਦਿੱਤੀ। ਔਰਤ ਲਈ ਵੱਖ-ਵੱਖ ਖੇਤਰਾਂ ਵਿਚ ਕੰਮ ਕਰਨ ਦੀਆਂ ਸੰਭਾਵਨਾਵਾਂ ਬਣੀਆਂ। ਇਸਦੀ ਪੁਖਤਾ ਮਿਸਾਲ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਹਨ। ਜਦੋਂ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਜ਼ਿੰਮੇਵਾਰੀ ਮਾਤਾ ਖੀਵੀ ਜੀ ਨੂੰ ਦਿੱਤੀ। ਜਿਸਦਾ ਪ੍ਰਬੰਧ ਮਾਤਾ ਜੀ ਨੇ ਬਾਖੂਬੀ ਨਿਭਾਇਆ। ਸੱਤਾ ਤੇ ਬਲਵੰਡਿ ਦੀ ਵਾਰ ਵਿਚ ਇਸਦਾ ਪ੍ਰਮਾਣ ਮਿਲਦਾ ਹੈ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (ਗੁ.ਗ੍ਰੰ.ਸਾ. 966)

ਗੁਰੂ ਅਮਰਦਾਸ ਜੀ ਨੇ ਇਸ ਪਾਸੇ ਕਈ ਕ੍ਰਾਂਤੀਕਾਰੀ ਕਦਮ ਚੁੱਕੇ ਗੁਰੂ ਜੀ ਦੁਆਰਾ ਸਤੀ ਦੀ ਰਸਮ ਅਤੇ ਪਰਦਾ ਪ੍ਰਥਾ ਨੂੰ ਬੰਦ ਕਰਵਾਉਣਾ ਔਰਤ ਦੀ ਅਜਾਦੀ ਅਤੇ ਸਮਾਨਤਾ ਲਈ ਵੱਡੇ ਕਦਮ ਸਨ। ਸਤੀ ਦੀ ਰਸਮ ਔਰਤ ਲਈ ਇਕ ਵੱਡਾ ਕਲੰਕ ਸੀ। ਜਿਸ ਅਨੁਸਾਰ ਪਤੀ ਦੀ ਮੌਤ ਤੋਂ ਬਾਅਦ ਔਰਤ ਨੂੰ ਆਪਣੇ ਪਤੀ ਦੇ ਨਾਲ ਜਿਉਂਦੀ ਨੂੰ ਅੱਗ ਵਿਚ ਸਾੜ ਦਿੱਤਾ ਜਾਂਦਾ ਸੀ। ਕਈ ਵਾਰ ਇਹ ਰਸਮ ਔਰਤ ਰਜ਼ਾਮੰਦੀ ਨਾਲ ਕਰ ਲੈਂਦੀ ਸੀ। ਕਈ ਵਾਰ ਉਸਨੂੰ ਜ਼ਬਰੀ ਅੱਗ ਵਿਚ ਧੱਕ ਦਿੱਤਾ ਜਾਂਦਾ ਸੀ। ਇਸ ਪਿੱਛੇ ਧਾਰਨਾ ਇਹ ਕੰਮ ਕਰਦੀ ਸੀ ਕਿ ਮਰਦ ਨੂੰ ਹਮੇਸ਼ਾਂ ਔਰਤ ਦੀ ਜਰੂਰਤ ਰਹਿੰਦੀ ਹੈ, ਮੌਤ ਤੋਂ ਬਾਅਦ ਵੀ ਜੀਵਨ ਦੀ ਕਿਆਸਕਾਰੀ ਕਰਕੇ, ਔਰਤ ਲਈ ਇਹ ਜਰੂਰੀ ਹੈ ਕਿ ਉਹ ਆਪਣੇ ਪਤੀ ਨਾਲ ਸੜ ਕੇ ਸੁਆਹ ਹੋ ਜਾਵੇ ਤਾਂ ਕਿ ਉਹ ਪਰਲੋਕ ਵਿਚ ਉਸਦੀ ਸੇਵਾ ਕਰ ਸਕੇ, ਅਤੇ ਮਰਦ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ। ਇਸ ਕਰਕੇ ਰਾਜਿਆਂ ਦੇ ਨਾਲ ਉਨ੍ਹਾਂ ਦੀਆਂ ਕਈ-ਕਈ ਰਾਣੀਆਂ, ਨੌਕਰਾਣੀਆਂ

ਨੂੰ ਜ਼ਿੰਦਾ ਸਤੀ ਕਰ ਦਿੱਤਾ ਜਾਂਦਾ ਸੀ। ਪਰ ਇਸਦੇ ਉਲਟ ਔਰਤ ਦੀ ਮੌਤ ਤੋਂ ਬਾਅਦ ਮਰਦ ਹੋਰ ਵਿਆਹ ਕਰਵਾ ਲੈਂਦਾ ਸੀ। ਇਹ ਇਕ ਅਮਾਨਵੀ ਪ੍ਰਕਿਰਿਆ ਸੀ। ਜਿਉਂਦੇ ਜੀਅ ਅੱਗ ਵਿਚ ਸਾੜ ਦੇਣਾ। ਮਨੁੱਖਤਾ ਦੇ ਮੱਥੇ ਉੱਪਰ ਕਲੰਕ ਸੀ। ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਦੇ ਖਿਲਾਫ ਆਵਾਜ ਉਠਾਈ। ਲੋਕਾਂ ਦੇ ਮਨ ਵਿਚੋਂ ਸਤੀ ਪ੍ਰਥਾ ਨੂੰ ਖਤਮ ਕਰਨ ਲਈ ਇਸਨੂੰ ਮੁੜ-ਪਰਿਭਾਸ਼ਿਤ ਕੀਤਾ। ਗੁਰੂ ਜੀ ਅਨੁਸਾਰ ''ਸਤੀ ਉਸਨੂੰ ਨਹੀਂ ਕਿਹਾ ਜਾ ਸਕਦਾ ਜੋ ਪਤੀ ਦੀ ਚਿਖਾ ਦੇ ਨਾਲ ਸੜ ਕੇ ਸੁਆਹ ਹੋ ਜਾਂਦੀ ਹੈ, ਬਲਕਿ ਸਤੀ ਉਹ ਜਿਹੜੀ ਬਿਰਹੇ ਦੀ ਚੋਟ ਆਪਣੇ ਮਨ ਉੱਪਰ ਸਹਾਰਦੀ ਹੈ।

ਸਲੋਕੁ ਮਃ ੩ ॥
ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥
ਮਃ ੩ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥੨॥ *(ਗੁ.ਗ੍ਰੰ.ਸਾ. 787)*

ਈਸਟ ਇੰਡੀਆ ਕੰਪਨੀ ਵਿਚ ਸਿਵਲ ਅਧਿਕਾਰੀ ਰਿਹਾ *George Forster* ਆਪਣੀ ਰਚਨਾ *A Journey from Bengal to England (1783)* ਵਿਚ ਲਿਖਦਾ ਹੈ ਕਿ ਸਿਖ ਧਰਮ ਵਿਚ ਸਤੀ ਪ੍ਰਥਾ ਦੀ ਪੂਰਨ ਤੌਰ ਉਪਰ ਮਨਾਹੀ ਹੋ ਗਈ ਸੀ।'' ਗੁਰੂ ਅਮਰਦਾਸ ਜੀ ਜੀ ਨੇ ਪਰਦਾ ਪ੍ਰਥਾ ਨੂੰ ਵੀ ਬੰਦ ਕਰਵਾਇਆ ਅਤੇ ਸਭ ਸੰਗਤਾਂ ਨੂੰ ਹੁਕਮ ਭੇਜਿਆ ਕਿ ਸੰਗਤ ਵਿਚ ਆਉਂਣ ਸਮੇਂ ਕੋਈ ਵੀ ਇਸਤਰੀ ਪਰਦਾ ਕਰਕੇ ਨਾ ਆਵੇ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਸਿਖ ਧਰਮ ਵਿਚ ਇਸਤਰੀ ਦੀ ਹਾਲਾਤ ਇਸ ਅਵਸਥਾ ਤੱਕ ਪਹੁੰਚ ਗਈ ਕਿ ਉਹ ਅੰਮ੍ਰਿਤ ਛਕ ਕੇ ਸਿੰਘਣੀ ਅਖਵਾਈ। ਗੁਰੂ ਜੀ ਨੇ ਇਸਦੇ ਨਾਮ ਨਾਲ ਕੌਰ ਲਗਾਇਆ। ਗੁਰੂ ਜੀ ਨੇ ਔਰਤ ਨੂੰ ਰੱਖਿਆ ਲਈ ਕਿਸੇ ਮਰਦ ਉਪਰ ਆਸ਼੍ਰਿਤ ਰਹਿਣ ਦੀ ਬਜਾਇ ਆਤਮ-ਰਖਿਅਕ ਬਣਾਇਆ। ਇਸਦੀ ਪੁਖਤਾ ਮਿਸਾਲ ਭਾਈ ਭਾਗੋ ਜੀ ਹਨ। ਮਾਤਾ ਭਾਗੋ ਜੀ ਨੇ ਮੁਕਤਸਰ (ਖਿਦਰਾਣੇ ਦੀ ਢਾਬ) ਦੀ ਜੰਗ ਵਿਚ ਅਹਿਮ ਯੋਗਦਾਨ ਪਾਇਆ। ਮੁਗਲ ਫੌਜਾਂ ਨਾਲ ਰਣ-ਤੱਤੇ ਵਿਚ ਦੋ ਹੱਥ ਕੀਤੇ। ਇਸ ਤਰਾਂ ਸਿਖ ਧਰਮ ਵਿਚ ਔਰਤ ਦੇ ਪੱਖ ਵਿਚ ਅਨੇਕਾਂ ਫੈਸਲੇ ਲਏ ਗਏ। ਔਰਤ ਨੂੰ ਆਦਮੀ ਦੇ ਬਰਾਬਰ ਸਨਮਾਣ ਦਿੱਤਾ।

ਸਿਖ ਰਹਿਤਨਾਮਿਆਂ ਵਿਚ ਔਰਤ ਦੇ ਸਨਮਾਨ ਅਤੇ ਬਰਾਬਰਤਾ ਲਈ ਕਈ ਮਿਸਾਲਾਂ ਮਿਲਦੀਆਂ ਹਨ। ਸਮਕਾਲ ਵਿਚ ਵੀ ਭਰੂਣ ਹੱਤਿਆ ਦੀ ਸਮੱਸਿਆ, ਅਨੇਕਾ ਕੁਰੀਤੀਆਂ ਵਿਚੋਂ ਇਕ ਹੈ। ਭਾਈ ਦੇਸਾ ਸਿੰਘ ਅਤੇ ਭਾਈ ਚੌਪਾ ਸਿੰਘ ਨੇ ਗੁਰਸਿਖਾਂ ਨੂੰ ਅਜਿਹੇ ਪਾਪ ਕਰਨ ਤੋਂ ਵਰਜਿਆ ਹੈ।

- ਕੁੜੀ ਮਾਰ ਆਦਕ ਹੈ ਜੇਤੇ ਮਨ ਤੇ ਦੂਰ ਤਿਆਗੋਂ ਤੇਤੇ (ਰਹਿਤਨਾਮਾ ਭਾਈ ਦੇਸਾ ਸਿੰਘ)
- ਗੁਰ ਸਿਖ ਕੰਨਯਾ ਨਾ ਮਾਰੇ,
  ਕੁੜੀ ਮਾਰ ਨਾਲ ਨਾ ਵਰਤੇ,

ਕੰਨਯਾ ਕਾ ਪੈਸਾ ਨਾ ਖਾਇ॥ (ਰਹਿਤਨਾਮਾ ਭਾਈ ਚੌਪਾ ਸਿੰਘ)

**4.7.2 ਧਾਰਮਿਕ ਸਮਾਨਤਾ**: ਧਾਰਮਿਕ ਸਮਾਨਤਾ ਤੋਂ ਭਾਵ ਹੈ: ਸਾਰੇ ਧਰਮਾਂ ਲਈ ਇਕ ਸਮਾਨ ਵਿਵਹਾਰ ਕਰਨਾ। ਇਹ ਵਿਸ਼ਾ ਧਾਰਮਿਕ ਬਹੁਲਤਾ ਨਾਲ ਜੁੜ ਜਾਂਦਾ ਹੈ। ਧਾਰਮਿਕ ਬਹੁਵਾਦ ਇਸ ਧਾਰਨਾ ਉੱਪਰ ਜ਼ੋਰ ਦਿੰਦਾ ਹੈ ਕਿ ਵਿਸ਼ਵ ਧਾਰਮਿਕ ਪਰੰਪਰਾਵਾਂ ਵਿਚ ਕੋਈ ਇਕ ਧਰਮ ਵਸ਼ਿਸ਼ਟ ਜਾਂ ਖਾਸ ਨਹੀਂ। ਧਾਰਮਿਕ ਬਹੁਲਤਾ ਵਿਸ਼ਵ ਦੀ ਧਾਰਮਿਕ ਵਿਭਿੰਨਤਾ ਨੂੰ ਪ੍ਰਤੀਪਾਦਿਤ ਕਰਦਾ ਹੈ। ਧਾਰਮਿਕ ਬਹੁਲਤਾਵਾਦ ਵਿਸ਼ਵ ਵਿਚ ਸ਼ਾਂਤੀ ਸਥਾਪਤ ਕਰਨ ਲਈ ਸਾਰਥਕ ਕਾਰਕ ਹੈ। ਕਿਸੇ ਵੀ ਧਰਮ ਦੇ ਆਧਾਰ ਉੱਪਰ ਮਨੁੱਖਾਂ ਵਿਚ ਵਿਤਕਰੇਬਾਜੀ ਧਾਰਮਿਕ ਅਸਮਾਨਤਾ ਅਖਵਾਉਂਦੀ ਹੈ। ਸਿਖ ਧਰਮ ਵਿਚ ਧਾਰਮਿਕ ਸਮਾਨਤਾ ਉਪਰ ਜ਼ੋਰ ਦਿੱਤਾ ਗਿਆ ਹੈ। ਗੁਰੂ ਸਾਹਿਬ ਧਰਮ ਦੇ ਆਧਾਰ ਉਪਰ ਕਿਸੇ ਵੀ ਮਨੁੱਖੀ ਸਮਾਜ ਵਿਚਾਲੇ ਪਾੜੇ ਦਾ ਵਿਰੋਧ ਕਰਦੇ ਹਨ। ਭਗਤ ਕਬੀਰ ਜੀ ਅਨੁਸਾਰ ਜੇਕਰ ਸਾਰੀ ਮਾਨਵ ਜਾਤੀ ਇਕ ਅਕਾਲ-ਪੁਰਖ ਦੀ ਪੈਦਾ ਕੀਤੀ ਹੋਈ ਹੈ ਤਾਂ ਕਿਸੇ ਵਿਸ਼ੇਸ਼ ਧਰਮ ਦੀ ਮੋਹਰ ਕਾਰਨ ਕੋਈ ਵਿਅਕਤੀ ਚੰਗਾ ਜਾਂ ਬੁਰਾ ਕਿਵੇਂ ਹੋ ਸਕਦਾ ਹੈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਗੁ.ਗ੍ਰੰ.ਸਾ. 1349)

ਸਿਖ ਧਰਮ ਦੇ ਧਾਰਮਿਕ ਸਮਾਨਤਾ ਦੇ ਸਿਧਾਂਤ ਦੀ ਸਮਝ ਇਸ ਵਿਚਾਰ ਤੋਂ ਪੈਂਦੀ ਹੈ ਕਿ ਇਹ ਗੁਰਬਾਣੀ ਦੀ ਮੂਲ ਸੁਰ ਅਸੰਪ੍ਰਦਾਇਕ ਹੈ। ਇਸ ਵਿਚ ਦੂਜੇ ਧਰਮ ਦੇ ਵਿਚਾਰਾਂ ਨੂੰ ਸਹਿਣ ਕੀਤਾ ਗਿਆ ਹੈ। ਬਲਕਿ ਅੰਤਰ ਧਰਮ ਸੰਵਾਦ ਰਾਹੀਂ ਦੂਜੀਆਂ ਧਾਰਮਿਕ ਪਰੰਪਰਾਵਾਂ ਦੇ ਨਜ਼ਦੀਕ ਆਇਆ ਗਿਆ ਹੈ। ਸਿਖ ਧਰਮ ਵਿਚ ਧਾਰਮਿਕ ਸਮਾਨਤਾ ਦੇ ਆਧਾਰ ਸਰੋਤ ਪਰੰਪਰਾ ਵਿਚ ਵੀ ਵਿਦਮਾਨ ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਇਸ ਸੰਬੰਧੀ ਦੇਖਿਆ ਜਾ ਸਕਦਾ ਹੈ। ਦੂਜੇ ਦੇ ਫੇਥ ਲਈ ਆਪਾ ਵਾਰਨਾ ਧਾਰਮਿਕ ਬਹੁਲਤਾ ਜਾਂ ਧਾਰਮਿਕ ਸਮਾਨਤਾ ਦਾ ਚਿਹਨ ਬਣ ਜਾਂਦਾ ਹੈ। ਇਸ ਵਿਚਾਰ ਨੂੰ ਭਾਈ ਘਨ੍ਹਈਆ ਜੀ ਦੀ ਸਾਖੀ ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਭਾਈ ਘਨ੍ਹਈਆ ਜੀ ਜੰਗ ਦੇ ਮੈਦਾਨ ਵਿਚ ਜਲ ਛਕਾਉਂਣ ਦੀ ਸੇਵਾ ਕਰ ਰਹੇ ਸਨ। ਸਿੰਘਾਂ ਦੇ ਨਾਲ-ਨਾਲ ਭਾਈ ਸਾਹਿਬ ਤੁਰਕਾਂ ਨੂੰ ਵੀ ਪਾਣੀ ਪਿਲਾ ਰਹੇ ਸਨ, ਜਿਨ੍ਹਾਂ ਨਾਲ ਕਿ ਸਿੰਘ ਯੁੱਧ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਤੱਕ ਸ਼ਕਾਇਤ ਹੋਈ ਤਾਂ ਗੁਰੂ ਜੀ ਨੇ ਬੁਲਾਇਆ ਅਤੇ ਕਾਰਨ ਪੁੱਛਿਆ ਭਾਈ ਘਨਈਆ ਜੀ ਦਾ ਜਵਾਬ, ਸਮਾਨਤਾ ਦੇ ਸੰਕਲਪ ਦੀ ਵਿਸ਼ਵ ਪੱਧਰ ਦੀ ਵਿਵਹਾਰਕ ਮਿਸਾਲ ਹੈ। ਭਾਈ ਘਨਈਆ ਜੀ ਨੇ ਕਿਹਾ ਕਿ ਗੁਰੂ ਜੀ ਨੇ ਉਸਨੂੰ ਪਾਣੀ ਦੀ ਸੇਵਾ ਲਾਈ ਸੀ। ਉਹ ਸਭ ਨੂੰ ਪਾਣੀ ਪਿਲਾ ਰਹੇ ਸਨ। ਉਨ੍ਹਾਂ ਨੂੰ ਹਰ ਸਿਪਾਹੀ ਵਿਚੋਂ ਗੁਰੂ/ਪ੍ਰਮਾਤਮਾ ਨਜ਼ਰ ਆਉਂਦਾ ਸੀ। ਭਾਵੇਂ ਸਿਪਾਹੀ ਸਿੰਘ ਹੋਵੇ ਜਾਂ ਤੁਰਕ। ਸਭ ਨੂੰ ਇਕ ਸਮਾਨ ਸਮਝ ਕੇ ਪਾਣੀ ਪਿਲਾਉਂਦੇ ਰਹੇ। ਗੁਰੂ ਜੀ ਨੇ ਖੁਸ਼ ਹੋ ਕੇ ਮੱਲਮ ਅਤੇ ਪੱਟੀ ਵੀ ਦਿੱਤੀ ਅਤੇ ਕਿਹਾ ਭਾਈ ਜੀ ਹੁਣ ਇਹ ਮੱਲਮ ਅਤੇ ਪੱਟੀ ਵੀ ਲਗਾ ਦਿਆ ਕਰੋ। ਇਸ ਤਰਾਂ ਸਿਖ ਇਤਿਹਾਸ ਵਿਚੋਂ ਹੋਰ ਵੀ ਕਈ ਮਿਸਾਲਾਂ ਮਿਲਦੀਆਂ ਹਨ।

**4.7.3 ਜਾਤੀਗਤ ਸਮਾਨਤਾ**: ਭਾਰਤ ਵਿਚ ਜਾਤੀਗਤ ਵੰਡ ਪ੍ਰਾਚੀਨ ਕਾਲ ਤੋਂ ਵਰਤਮਾਨ ਸਮੇਂ ਤੱਕ ਬਣੀ ਹੋਈ ਹੈ। ਇਸਨੂੰ ਵਰਨ ਵੰਡ ਰਾਹੀਂ ਪ੍ਰਗਟਾਇਆ ਗਿਆ ਹੈ। ਚਾਰ ਵਰਨ:

- ਬ੍ਰਹਮਣ
- ਖੱਤਰੀ
- ਵੈਸ਼
- ਸ਼ੂਦਰ

ਚਾਰਾਂ ਨੂੰ ਕੰਮ ਅਤੇ ਅਧਿਕਾਰ ਦੇ ਪੱਖ ਤੋਂ ਵੰਡਿਆ ਗਿਆ ਹੈ। ਬ੍ਰਾਹਮਣ ਦਾ ਕੰਮ ਵੇਦਾਂ ਨੂੰ ਪੜਣਾ ਅਤੇ ਪੜਾਉਣਾ, ਖੱਤਰੀ ਦਾ ਕੰਮ ਯੁੱਧ ਲੜਣਾ, ਵੈਸ਼ ਦਾ ਕੰਮ ਖੇਤੀ ਜਾਂ ਵਪਾਰ ਕਰਨਾ, ਸ਼ੂਦਰ ਦਾ ਕੰਮ ਇਨ੍ਹਾਂ ਵਰਨਾ ਦੀ ਸੇਵਾ ਕਰਨਾ। ਭਾਰਤ ਵਿਚ ਜਾਤੀਗਤ ਵਿਤਰਕੇ ਦੀ ਕਹਾਣੀ ਬਹੁਤ ਪੀਡੀ ਹੈ। ਇਹ ਸ਼ੁਰੂ ਕਰਮ ਆਧਾਰਿਤ ਹੋਈ ਸੀ, ਪਰ ਬਾਅਦ ਵਿਚ ਇਹ ਜਨਮ-ਆਧਾਰਤਿ ਹੋ ਗਈ। ਜਿਸ ਕਰਕੇ ਸਮੱਸਿਆਵਾਂ ਆਉਂਣੀਆਂ ਸ਼ੁਰੂ ਹੋ ਗਈਆਂ। ਗੁਰਬਾਣੀ ਵਿਚ ਜਾਤ-ਪਾਤ ਦਾ ਸਪਸ਼ਟ ਸ਼ਬਦਾਂ ਵਿਚ ਖੰਡਨ ਹੋਇਆ ਹੈ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਤਿੱਖੇ ਸ਼ਬਦਾਂ ਨਾਲ ਜਾਤਪਾਤ ਆਧਾਰਿਤ ਵਿਤਕਰੇ ਉਪਰ ਗਹਿਰੀ ਚੋਟ ਮਾਰੀ ਹੈ। ਗੁਰੂ ਸਾਹਿਬ ਗੁਰਬਾਣੀ ਦਾ ਉਪਦੇਸ਼ 'ਚਹੁ ਵਰਨਾ ਕਉ ਸਾਝਾ' ਆਖ ਕੇ ਵਰਨ ਵੰਡ ਦੇ ਵਿਤਕਰੇ ਉਪਰ ਲੀਕ ਫੇਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਮਨੁੱਖਾਂ ਨੂੰ ਜਾਤ ਦੇ ਆਧਾਰ ਉਪਰ ਵੰਡਿਆ ਨਹੀਂ ਜਾ ਸਕਦਾ ਬਲਕਿ ਸਾਰੇ ਮਨੁੱਖ ਹਨ।

> ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ॥
> ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥ (ਅਕਾਲ ਉਸਤਿ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਤਿੱਖੇ ਸ਼ਬਦਾਂ ਵਿਚ ਭਗਤ ਕਬੀਰ ਜੀ ਨੇ ਜਾਤ-ਪਾਤ ਵਿਰੁੱਧ ਵਿਅੰਗ ਕਸਿਆ ਹੈ। ਭਗਤ ਕਬੀਰ ਜੀ ਜਾਤ ਅਭਿਮਾਨੀ ਇਨਸਾਨ ਨੂੰ ਸੰਬੋਧਨ ਹੋ ਕੇ ਆਖਦੇ ਹਨ। ਕਿ ਹੇ ਬ੍ਰਾਹਮਣ ਜੇ ਤੂੰ ਸਮਝਦਾ ਹੈ ਕਿ ਮੇਰੀ ਜਾਤ ਉੱਚੀ ਹੈ ਤਾਂ ਇਹ ਦੱਸ ਕੀ ਮਾਤਾ ਦੇ ਗਰਭ ਵਿਚਲੇ ਬੱਚੇ ਦੀ ਜਾਤ ਦੱਸੀ ਜਾ ਸਕਦੀ ਹੈ? ਮਾਤਾ ਦੇ ਪੇਟ ਵਿਚੋਂ ਜਿਸ ਰਸਤੇ ਤੂੰ ਆਇਆ ਹੈਂ। ਉਸੇ ਰਸਤੇ ਰਾਹੀਂ ਅਸੀਂ ਆਏ ਹਾਂ, ਜਿਨ੍ਹਾਂ ਨੂੰ ਤੂੰ ਸ਼ੂਦਰ ਆਖਦਾ ਹੈ। ਅਤੇ ਤੇਰੇ ਤੇ ਸਾਡੇ ਸਰੀਰ ਵਿਚ ਲਹੂ ਦੌੜ ਰਿਹਾ ਹੈ। ਕੀ ਤੇਰੇ ਸਰੀਰ ਵਿਚ ਦੁੱਧ ਹੈ ਜੋ ਤੂੰ ਵੱਡਾ ਜਾਂ ਉੱਚਾ ਹੋ ਗਿਆ? ਭਗਤ ਕਬੀਰ ਜੀ ਗਉੜੀ ਰਾਗ ਵਿਚ ਲਿਖਦੇ ਹਨ:

> ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
> ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
> ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
> ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥
> ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
> ਤਉ ਆਨ ਬਾਟ ਕਾਹੇ ਨਹੀ ਆਇਆ ॥੨॥
> ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
> ਹਮ ਕਤ ਲੋਹੂ ਤੁਮ ਕਤ ਦੂਧ ॥੩॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੭॥ (ਗੁ.ਗ੍ਰੰ.ਸਾ. 324)

ਇਸ ਲਈ ਗੁਰੂ ਅਮਰਦਾਸ ਜੀ ਜਾਤ ਦਾ ਅਹੰਕਾਰ ਕਰਨ ਤੋਂ ਮਨੁੱਖ ਨੂੰ ਰੋਕਦੇ ਹਨ। ਜਾਤ ਦੇ ਅਹੰਕਾਰ ਨਾਲ ਮਨੁੱਖ ਹੋਰ ਵਿਸ਼ੇ ਵਿਕਾਰਾਂ ਵਿਚ ਫਸ ਜਾਂਦਾ ਹੈ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥

ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥ (ਗੁ.ਗ੍ਰੰ.ਸਾ. ੧੧੨੭)

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚਲੀ ਜਾਤਪਾਤ ਦੀ ਅਸਮਾਨਤਾ ਨੂੰ ਤੋੜਣ ਲਈ ਆਪਣੇ ਆਪ ਨੂੰ ਨੀਵਿਆਂ ਨਾਲ ਜੋੜਿਆ ਹੈ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥

ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥ (ਗੁ.ਗ੍ਰੰ.ਸਾ.੧੫)

**4.7.4 ਆਰਥਿਕ ਸਮਾਨਤਾ**: ਗੁਰਬਾਣੀ ਦੀ ਧਾਰਨਾ ਹੈ ਕਿ ਬੇਅੰਤ ਦੌਲਤ ਪਾਪਾਂ ਤੋਂ ਬਿਨਾਂ ਇਕੱਠੀ ਨਹੀਂ ਹੋ ਸਕਦੀ, ਪਰ ਇਹ ਵੀ ਸਚਾਈ ਹੈ। ਕਿ ਅੰਤਿਮ ਸਮੇਂ ਮਨੁੱਖ ਦੇ ਨਾਲ ਇਕ ਵੀ ਪੈਸਾ ਨਾਲ ਨਹੀਂ ਜਾਂਦਾ।

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ (ਗੁ.ਗ੍ਰੰ.ਸਾ. 417)

ਗੁਰਬਾਣੀ ਮਾਇਆ ਦੇ ਮੋਹ ਵਿਚ ਫਸ ਕੇ ਅਮੋਲਕ ਜੀਵਨ ਵਿਅਰਥਾ ਗਵਾਉਂਣ ਦੇ ਉਲਟ ਸੰਜਮੀ ਜੀਵਨ ਜਿਉਂਣ ਦੀ ਸੇਧ ਦਿੰਦੀ ਹੈ। ਪਰ ਮਨੁੱਖ ਪੈਸਾ ਇਕੱਤਰੀਕਰਨ ਦੀ ਦੌੜ ਵਿਚ ਸਭ ਤਰਾਂ ਦੀਆਂ ਮਾਨਵੀਂ ਕੀਮਤਾਂ ਨੂੰ ਤਿਲਾਂਜਲੀ ਦੇ ਦਿੰਦਾ ਹੈ। ਦੂਜੇ ਦਾ ਹੱਕ ਮਾਰ ਕੇ ਖਾਣ ਦੀ ਵਾਦੀ ਮਨੁੱਖ ਨੂੰ ਪੈ ਜਾਂਦੀ ਹੈ। ਗੁਰਬਾਣੀ ਇਨ੍ਹਾਂ ਸਾਰੇ ਸਰੋਕਾਰਾਂ ਨਾਲ ਮੁਖਾਤਿਬ ਹੁੰਦੀ ਹੈ। ਗੁਰਬਾਣੀ ਸੰਸਾਰਕ ਧਨ ਦੇ ਬਦਲੇ ਅਧਿਆਤਮਿਕ ਧਨ (ਨਾਮ ਧਨ) ਦੀ ਸਿਰਜਣਕਾਰੀ ਕਰਦੀ ਹੈ। ਜਿਸਨੂੰ ਸੱਚਾ ਧਨ ਕਿਹਾ ਗਿਆ ਹੈ। ਸੱਚੇ ਧਨ ਨੂੰ ਸਦੀਵੀ ਆਖ ਕੇ ਕੱਚੇ ਧਨ (ਸੰਸਾਰਕ ਦੌਲਤ) ਨੂੰ ਛਿੰਨਭੰਗਰ ਆਖਿਆ ਗਿਆ ਹੈ। ਸਿਖ ਧਰਮ ਵਿਚ ਵੰਡ ਕੇ ਛਕਣ ਅਤੇ ਦਸਵੰਧ ਕੱਢਣ ਦਾ ਸਿਧਾਂਤ ਧਨ ਦੀ ਸਮਾਨਤਾ ਲਈ ਵਿਹਾਰਕ ਮਿਸਾਲਾਂ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਮਲਕ ਭਾਗੋ ਦੇ ਪੂੜੇ ਵਿਚੋਂ ਲਹੂ ਕੱਢਣ ਵਾਲੀ ਸਾਖੀ ਇਸੇ ਆਰਥਿਕ ਨਾਬਰਾਬਰੀ ਦਾ ਪ੍ਰਤੀਕ ਹੈ। ਮਲਕ ਭਾਗੋ ਦਾ ਪੂੜਾ ਗਰੀਬਾਂ ਦੇ ਖ਼ੂਨ ਨਾਲ ਬਣਿਆਂ ਹੈ, ਉਸ ਵਿਚੋਂ ਨਿਕਲਦਾ ਖ਼ੂਹ, ਗਰੀਬਾਂ ਦੇ ਹੱਕ ਦਾ ਪ੍ਰਤੀਕ ਹੈ। ਬਲਕਿ ਭਾਈ ਲਾਲੋ ਦਸਾਂ ਨੌਹਾਂ ਦੀ ਕਿਰਤ ਕਰਨ ਵਾਲਾ ਸਾਧਾਰਨ ਇਨਸਾਨ ਹੈ। ਜਿਸਦੀ ਰੁੱਖੀ ਰੋਟੀ ਵੀ ਅੰਮ੍ਰਿਤ ਵਰਸਾਉਂਦੀ ਹੈ।

**4.7.5 ਨਿਆਂ ਲਈ ਸਮਾਨਤਾ**: ਨਿਆਂ ਮਨੁੱਖੀ ਵਸੀਲਿਆਂ ਦੇ ਹਰ ਖੇਤਰ ਨਾਲ ਜੁੜਿਆ ਵਿਸ਼ਾ ਹੈ। ਮਨੁੱਖ ਹਰ ਥਾਂ ਉਪਰ ਨਿਆਂ ਦੀ ਤਲਾਸ਼ ਕਰਦਾ ਹੈ। ਅਮਰੀਕੀ ਵਿਦਵਾਨ ਜਾਹਨ ਰੌਲਸ ਆਪਣੀ ਕਿਤਾਬ ''A Theory of Justice/ਨਿਆਂ ਦਾ ਸਿਧਾਂਤ'' ਵਿਚ ਲਿਖਦਾ ਹੈ ਕਿ ''Justice is the first Virtue of Social Institution, as truth is of systems of thoughts'' ਜਾਹਨ ਰੌਲਸ ਨਿਆਂ ਨੂੰ ਸਮਾਜਕ ਸੰਸਥਾਵਾਂ ਦਾ ਪਹਿਲਾ ਗੁਣ ਮੰਨਦਾ ਹੈ।

ਗੁਰਬਾਣੀ ਵਿਚ ਨਿਆਉ, ਨਿਆਇ ਸ਼ਬਦ ਇਸ ਸੰਦਰਭ ਵਿਚ ਵਰਤੇ ਗਏ ਹਨ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦਾ ਨਿਆਉ ਸੱਚਾ ਹੈ। ਗੁਰਬਾਣੀ ਅਧਿਆਤਮਿਕ ਅਰਥਾਂ ਰਾਹੀਂ ਸਮਾਜ ਲਈ ਆਦਰਸ਼ਕ ਨਿਆਂ ਦੀ ਸਥਾਪਤੀ ਕਰਦੀ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ:

ਪੂਰਾ ਨਿਆਉ ਕਰੇ ਕਰਤਾਰੁ॥ (ਗੁ.ਗ੍ਰੰ.ਸਾ. 199)

ਤੇਰੈ ਘਰਿ ਸਦਾ ਸਦਾ ਹੈ ਨਿਆਉ॥ (ਗੁ.ਗ੍ਰੰ.ਸਾ. 376)

ਗੁਰੂ ਅਮਰਦਾਸ ਜੀ ਨੇ ਨਿਆਂ ਦੇ ਪ੍ਰਸੰਗ ਨੂੰ ਬਾਖੂਬੀ ਚਿਤਰਿਆ ਹੈ। ਗੁਰੂ ਜੀ ਅਨੁਸਾਰ ਮਨੁੱਖਾਂ ਦੀ ਕਚਿਹਰੀ ਵਿਚੋਂ ਤਾਂ ਕੋਈ ਦੋਸ਼ੀ ਮਨੁੱਖ ਨੱਸ ਭੱਜ ਸਕਦਾ ਹੈ, ਜਾਂ ਕਿਸੇ ਤਰੀਕੇ ਰਾਹੀਂ ਆਪਣਾ ਬਚਾਅ ਕਰ ਸਕਦਾ ਹੈ। ਪਰ ਰੱਬ ਦੀ ਕਚਿਹਰੀ ਤੋਂ ਕੋਈ ਕਿੱਥੇ ਭੱਜ ਸਕਦਾ ਹੈ?

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ

ਹਰਿ ਦੀਬਾਣਹੁ ਕੋਈ ਕਿਥੈ ਜਾਇਆ॥

ਸਿਖ ਇਤਿਹਾਸ ਵਿਚ ਹੋਈਆਂ ਅਨੇਕਾਂ ਸ਼ਹਾਦਤਾਂ ਨੂੰ ਨਿਆਂ ਦੇ ਪ੍ਰਸੰਗ ਵਿਚ ਦੇਖਿਆ ਜਾ ਸਕਦਾ ਹੈ। ਸ਼ਹਾਦਤਾਂ, ਸਾਕੇ, ਘੱਲੂਘਾਰਿਆਂ ਆਦਿ ਦਾ ਅਸਲ ਕਾਰਨ ਸਮਾਜਿਕ ਨਿਆਂ ਦੀ ਲੜਾਈ ਸੀ। ਜਿਸ ਨਿਆਂ ਲਈ ਸਰਕਾਰਾਂ ਵਿਰੁੱਧ ਲੜਦੇ ਹੋਏ ਅਨੇਕਾਂ ਸੂਰਬੀਰਾਂ ਨੇ ਆਪਣਾ ਆਪਾ ਕੁਰਬਾਨ ਕਰ ਦਿੱਤਾ।

## 4.8 ਸਾਰ

ਉਕਤ ਪਾਠ ਵਿਚ ਅਸੀਂ ਸਮਾਨਤਾ ਦੇ ਵੱਖ-ਵੱਖ ਪਾਸਾਰਾਂ ਨੂੰ ਗੁਰਮਤਿ ਵਿਚਾਰਧਾਰਾ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ। ਭਾਰਤੀ ਸੰਵਿਧਾਨ ਅਤੇ ਵਿਸ਼ਵ ਦੇ ਵੱਖ-ਵੱਖ ਵਿਦਵਾਨਾਂ ਦੀਆਂ ਉਦਾਹਰਨਾ ਦੇ ਕੇ ਸਮਾਨਤਾ ਦੇ ਸੰਕਲਪ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਉਕਤ ਗੁਰਬਾਣੀ ਜਾਂ ਪਰੰਪਰਾਗਤ ਮਿਸਾਲਾਂ ਨੂੰ ਤੱਥ ਵਜੋਂ ਪੇਸ਼ ਕਰਕੇ ਅਸੀਂ ਆਖ ਸਕਦੇ ਹਾਂ ਕਿ ਸਿੱਖ ਧਰਮ ਵਿਚ ਸਮਾਨਤਾ ਦੇ ਸਿਧਾਂਤ ਨੂੰ ਬਾਖੂਬੀ ਸਿਰਜਿਆ ਗਿਆ ਹੈ। ਸਿਖ ਇਤਿਹਾਸ ਇਸ ਸਿਧਾਂਤ ਦਾ ਅਮਲੀ ਰੂਪ ਪੇਸ਼ ਕਰਦਾ ਹੈ। ਇਹ ਸਿਧਾਂਤ ਸਮੁੱਚੇ ਮਨੁੱਖੀ ਭਾਈਚਾਰੇ ਲਈ ਪ੍ਰੇਰਨਾ ਸਰੋਤ ਬਣਦਾ ਹੈ।

## 4.9 ਹਵਾਲਾ ਪੁਸਤਕਾਂ (Reference Books)


- ਤੇਜਾ ਸਿੰਘ (ਪ੍ਰਿੰ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
- ਹਰਪ੍ਰੀਤ ਸਿੰਘ (ਖੋਜਾਰਥੀ), *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੋਕਤੰਤਰੀ ਪਰਿਪੇਖ (ਪੀਐਚ.ਡੀ. ਥੀਸਿਸ),* ਗੁਰੂ ਨਾਨਕ ਸਿਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2018.
- P.M. Bakshi, *The Constitution of India,* lexis Nexis, Gurgaon, Haryana, 2018.
- Sudarshan Singh (Dr.), *Sikh Religion: Democratic Ideas and Institutions,* Singh Brothers, Amritsar.

- *https://dictionary.cambridge.org/*
- *https://www.oxfordlearnersdictionaries.com/*
- *https://www.collinsdictionary.com/*
- *ਪੰਜਾਬੀ ਪੀਡੀਆ*

## 4.10 ਹੋਰ ਪੜ੍ਹਣ ਲਈ ਪੁਸਤਕਾਂ (Further Readings)


- John Rawls, *A Theory of Justice,* Harvard University Press.
- Jagbir Singh (Dr.), *Interfaith Dialogue in Sri Guru Granth Sahib (Civlizational Context),* Punjabi University, Patiala, 2016.
- Panikkar, Raimundo, *The Intra-Religious Dialogue,* Paulist Press, New York, 1978.

## ONE YEAR DIPLOMA IN SIKH THEOLOGY

### SEMESTER-II

### COURSE: THEOLOGY AND SIKH THEOLOGY: NATURE AND SCOPE

### UNIT-5 LIBERTY

**STRUCTURE:**

5.0 ਉਦੇਸ਼

5.1 ਪ੍ਰਸਤਾਵਨਾ

5.2 ਮੁਕਤੀ

5.3 ਮੁਕਤੀ: ਸ਼ਾਬਦਿਕ ਅਰਥ

5.4 ਮੁਕਤੀ ਦੀ ਪਰੰਪਰਾ

5.5 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੁਕਤੀ' ਦੀ ਵਰਤੋਂ

5.6 ਗੁਰਬਾਣੀ ਵਿਚ ਮੁਕਤ ਤੇ ਮੁਕਤੀ ਦੀ ਪਰਿਭਾਸ਼ਾ

5.7 ਸਿਖ ਧਰਮ ਵਿਚ ਜੀਵਨ ਮੁਕਤ

5.8 ਸਿਖ ਧਰਮ ਵਿਚ ਮੁਕਤੀ ਦੇ ਵਿਭਿੰਨ ਪਰਿਪੇਖ

- 5.8.1 ਸਮਾਜਿਕ ਪਰਿਪੇਖ
- 5.8.2 ਰਾਜਨੀਤਿਕ ਪਰਿਪੇਖ
- 5.8.3 ਧਾਰਮਿਕ ਪਰਿਪੇਖ
- 5.8.4 ਮਾਨਸਿਕ ਪਰਿਪੇਖ
- 5.8.5 ਆਤਮਕ ਪਰਿਪੇਖ

5.9 ਮੁਕਤੀ ਦੇ ਸਾਧਨ

5.10 ਸਾਰ (Summing up)

5.11 ਹਵਾਲਾ ਪੁਸਤਕਾਂ (Reference Books)

## 5.0 ਉਦੇਸ਼

ਸਿੱਖਿਆ ਦਾ ਸੰਬੰਧ 'ਗਿਆਨ' ਨਾਲ ਹੈ। ਸਿੱਖਿਆ ਮਨੁੱਖ ਨੂੰ ਅਗਿਆਨਤਾ ਦੀ ਗੁਲਾਮੀ ਤੋਂ ਮੁਕਤ ਕਰਨ ਵਿਚ ਸਹਾਇਕ ਹੁੰਦੀ ਹੈ। ਮਨੁੱਖ ਨੂੰ ਅਗਿਆਨਤਾ ਵਿਚੋਂ ਕੱਢ ਕੇ ਗਿਆਨ ਦੇ ਪ੍ਰਕਾਸ਼ ਵਿਚ ਤੁਰਨ ਦੀ ਜਾਚ ਸਿਖਾਉਂਦੀ ਹੈ। ਸਿਖ ਧਰਮ ਦੀ ਉਤਪਤੀ ਦਾ ਸਮਾਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਅਧੋਗਤੀ ਦਾ ਸੀ। ਇਸ ਲਈ ਸਿਖ ਲਹਿਰ ਨੇ ਵਿਸ਼ਵ ਦੇ ਸਨਮੁਖ ਮਾਨਵ ਮੁਕਤੀ ਦੇ ਨਵੇਂ ਆਦਰਸ਼ ਸਥਾਪਿਤ ਕੀਤੇ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ 'ਸਿਖ ਧਰਮ ਵਿਚ ਮੁਕਤੀ ਦੇ ਸਿਧਾਂਤ' ਤੋਂ ਜਾਣੂ ਕਰਵਾਉਣਾ ਹੈ। ਇਸ ਪਾਠ ਵਿਚ ਵੱਖ-ਵੱਖ ਧਾਰਮਿਕ ਪਰੰਪਰਾਵਾਂ ਵਿਚ ਮੁਕਤੀ ਦੇ ਸਿਧਾਂਤ ਬਾਰੇ ਵਿਚਾਰ ਕੀਤੀ ਜਾਵੇਗੀ। ਮੁੱਖ ਰੂਪ ਵਿਚ ਸਿਖ ਧਰਮ ਸ਼ਾਸ਼ਤਰ ਦੇ ਪੱਖ ਤੋਂ ਮੁਕਤੀ ਦੇ ਵਿਭਿੰਨ ਸਰੋਕਾਰਾਂ ਬਾਰੇ ਜਾਣਿਆ ਜਾਵੇਗਾ। ਮੁਕਤੀ ਦੇ ਸਾਧਨਾਂ ਨੂੰ ਤਲਾਸ਼ਣ ਦਾ ਯਤਨ ਵੀ ਕੀਤਾ ਜਾਵੇਗਾ।

## 5.1 ਪ੍ਰਸਤਾਵਨਾ

ਆਜਾਦੀ (Freedom/Liberty) ਸ਼ਬਦ  ਸਮਾਜਿਕ ਅਤੇ ਰਾਜਨੀਤਕ ਆਜਾਦੀ ਵੱਲ ਸੰਕੇਤ ਕਰਦਾ ਹੈ। ਦਰਸ਼ਨ-ਸ਼ਾਸਤਰ ਵਿਚ ਸੁਤੰਤਰ ਇੱਛਾ (Free Will) ਸ਼ਬਦ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਮੁਕਤੀ (Salvation) ਦਾ ਸੰਬੰਧ ਆਤਮਾ ਦੀ ਆਵਾਗਵਨ ਤੋਂ ਖਲਾਸੀ ਨਾਲ ਜੋੜਿਆ ਜਾਂਦਾ ਹੈ। ਧਰਮ ਦੇ ਅਰਥਾਂ ਵਿਚ ਆਤਮਿਕ ਆਜਾਦੀ (Spiritual Liberty) ਸ਼ਬਦ ਵੀ ਵਰਤਿਆ ਜਾਂਦਾ ਹੈ। ਜਿਸਨੂੰ ਕਿ ਅੰਤਿਮ ਆਜਾਦੀ (The ultimate freedom) ਵਜੋਂ ਲਿਆ ਜਾਂਦਾ ਹੈ। ਕਿਉਂਕਿ ਧਰਮ ਦੇ ਅਰਥਾਂ ਵਿਚ ਬਾਹਰੀ ਰਾਜਨੀਤਿਕ ਆਜਾਦੀ ਦੀ ਸਾਰਥਕਤਾ ਤਦੇ ਹੀ ਬਣਦੀ ਹੈ, ਜੇਕਰ ਇਨਸਾਨ ਮਾਇਆ-ਰੂਪੀ ਬੰਧਨਾਂ ਤੋਂ ਆਜਾਦ ਹੋਵੇ। ਵਿਸ਼ੇ-ਵਿਕਾਰ ਜਾਂ ਮਾਇਆ ਦੇ ਬੰਧਨਾਂ ਕਾਰਨ ਮਨੁੱਖ ਆਤਮਿਕ ਜਾਂ ਮਾਨਸਿਕ ਤੌਰ ਉੱਪਰ ਆਜਾਦ ਨਹੀਂ ਹੋ ਸਕਦਾ। ਇਸ ਪਾਠ ਵਿਚ  ਅਸੀਂ ਮੂਲ ਰੂਪ ਵਿਚ Liberty ਨੂੰ ਆਤਮਿਕ ਜਾਂ ਮਾਨਸਿਕ ਆਜਾਦੀ ਦੇ ਅਰਥਾਂ ਵਿਚ ਸਮਝਣ ਦਾ ਯਤਨ ਕਰਾਂਗੇ। ਆੱਕਸਫੋਰਡ ਡਿਕਸ਼ਨਰੀ ਅਨੁਸਾਰ ਲਿਬਰਟੀ: Liberty is Freedom from the bondage or dominating influence of sin, spiritual servitude, worldly ties. ਭਾਵ ਧਰਮ ਸ਼ਾਸਤਰ ਵਿਚ ਆਜਾਦੀ ਦਾ ਸੰਬੰਧ "ਪਾਪ, ਦਾਸਤਾ, ਦੁਨਿਆਵੀ ਸੰਬੰਧਾਂ ਦੇ ਪ੍ਰਭਾਵਾਂ ਤੋਂ ਆਜ਼ਾਦੀ ਨਾਲ ਹੈ।  ਪਾਠ ਵਿਚ ਅਸੀਂ ਮੁਕਤੀ ਅਤੇ ਜੀਵਨ ਮੁਕਤੀ ਨੂੰ ਸਿਖ ਧਰਮ ਦੇ ਸੰਦਰਭ ਵਿਚ ਸਮਝਣ ਦਾ ਯਤਨ ਕੀਤਾ ਹੈ। ਸਿਖ ਧਰਮ ਵਿਚ ਮੁਕਤੀ ਦੇ ਸਿਧਾਂਤ ਨੂੰ ਵਿਭਿੰਨ ਪਰਿਪੇਖਾਂ ਸਮਾਜਿਕ, ਰਾਜਨੀਤਿਕ, ਧਾਰਮਿਕ, ਮਾਨਸਿਕ ਅਤੇ ਆਤਮਕ, ਤੋਂ ਸਮਝਿਆ ਗਿਆ ਹੈ।

## 5.2 ਮੁਕਤੀ

Liberty ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ libertas ਤੋਂ ਆਇਆ ਹੈ। ਜਿਸਦਾ ਸੰਬੰਧ ਦੇਵੀ Libertas ਨਾਲ ਜੁੜਦਾ ਹੈ। ਜਿਸਨੂੰ ਕਿ ਸੁਤੰਤਰਤਾ ਦੀ ਦੇਵੀ (Goddess of liberty) ਵੀ ਆਖਿਆ ਜਾਂਦਾ ਹੈ। G.D.H. Cole ਅਨੁਸਾਰ: ਕਿਸੇ ਵਿਅਕਤੀ ਦੀ, ਬਿਨਾ ਕਿਸੇ ਬਾਹਰੀ ਰੋਕ ਤੋਂ, ਪ੍ਰਗਟਾਵੇ ਦੀ ਆਜਾਦੀ, ਲਿਬਰਟੀ ਅਖਵਾਉਂਦੀ ਹੈ। (Liberty is the freedom of individual to express without external hindrances his personalit)"

ਮੈਰੀਅਮ ਵੈਬਸਟਰ ਡਿਕਸ਼ਨਰੀ ਅਨੁਸਾਰ ਲਿਬਰਟੀ ਦੀ ਪਰਿਭਾਸ਼ਾ (According to **Merriam Webster, Definition of liberty)**

- the quality or state of being free
- the power to do as one pleases
- freedom from physical restraint
- freedom from arbitrary or despotic control
- the positive enjoyment of various social, political, or economic rights and privileges
- the power of choice

ਇਸ ਖੇਤਰ ਵਿਚ ਕਾਰਜ ਕਰਨ ਵਾਲੇ ਵਿਦਵਾਨਾਂ ਵਿਚੋਂ ਥਾਮਸ ਹਾੱਬਜ (Thomas Hobbes), ਜਾਹਨ ਲਾਕ (John Locke), ਜਾਨ ਸਟੁਅਰਟ ਮਿੱਲ (John Stuart Mill) ਪ੍ਰਮੁੱਖ ਹਨ।

- ਜਾਹਨ ਲਾਕ ਅਨੁਸਾਰ ''ਮਨੁੱਖ ਦਾ ਧਰਤੀ ਉੱਤੇ ਕਿਸੇ ਵੀ ਉੱਚ ਸ਼ਕਤੀ ਤੋਂ ਮੁਕਤ ਹੋਣਾ, ਲਿਬਰਟੀ ਹੈ।'' (Liberty Consists of being free from any superior power on earth.)
- Gettle ਅਨੁਸਾਰ "ਆਜ਼ਾਦੀ ਉਨ੍ਹਾਂ ਚੀਜ਼ਾਂ ਨੂੰ ਕਰਨ ਅਤੇ ਉਨ੍ਹਾਂ ਦਾ ਅਨੰਦ ਲੈਣ ਦੀ ਸਕਾਰਾਤਮਕ ਸ਼ਕਤੀ ਹੈ ਜੋ ਅਨੰਦ ਅਤੇ ਕੰਮ ਦੇ ਯੋਗ ਹਨ."
- ਪ੍ਰੋ. ਲਾਸਕੀ ਅਨੁਸਾਰ ''ਸੁਤੰਤਰਤਾ ਤੋਂ ਭਾਵ ਉਸ ਵਾਤਾਵਰਨ ਤੋਂ ਹੈ ਜਿਸ ਵਿਚ ਮਨੁੱਖਾਂ ਨੂੰ ਉੱਤਮ ਬਣਨ ਦਾ ਮੌਕਾ ਮਿਲੇ''
- J.S Mill ਅਨੁਸਾਰ ਲਿਬਰਟੀ ਦਾ ਭਾਵ ਹੈ, ''ਵਿਅਕਤੀ ਨੂੰ ਆਪਣੇ ਹਿਤਾਂ ਨੂੰ ਪ੍ਰਫੁਲਿਤ ਕਰਨ ਦੀ ਆਗਿਆ।'' (The purpose of liberty is to allow a person to pursue their interest.)

**5.3 ਮੁਕਤੀ: ਸ਼ਾਬਦਿਕ ਅਰਥ**

- ਗੁਰਮਤ ਮਾਰਤੰਡ (ਭਾਈ ਕਾਨ ਸਿੰਘ ਨਾਭਾ) ਅਨੁਸਾਰ ''ਜਿਸ ਨੇ ਅਗਯਾਨ ਤੋਂ ਛੁਟਕਾਰਾ ਪਾਇਆ ਹੈ, ਉਹ ਮੁਕਤ ਹੈ। ਭ੍ਰਮ ਮੂਲਕ ਰਸਮਾਂ ਅਤੇ ਅਗਯਾਨ ਕਲਪਿਤ ਬੰਧਨਾਂ ਤੋਂ ਛੁਟਕਾਰੇ ਦਾ ਨਾਉਂ ਮੁਕਤਿ ਹੈ, ਜਿਸ ਦੀ ਪ੍ਰਾਪਤੀ ਗੁਰੂ ਉਪਦੇਸ਼ ਦੇ ਵਿਚਾਰ ਤੋਂ ਸਤਯ ਗਯਾਨ ਦ੍ਵਾਰਾ ਹੋਂਦੀ ਹੈ।
- ਡਾ. ਰਤਨ ਸਿੰਘ ਜੱਗੀ (ਗੁਰੂ ਗ੍ਰੰਥ ਵਿਸ਼ਵਕੋਸ਼) ਅਨੁਸਾਰ ਸੰਸਕ੍ਰਿਤ ਦੀ ਮੁਚ ਧਾਤੂ ਤੋਂ ਬਣੇ ਮੁਕਤਿ ਸ਼ਬਦ ਦਾ ਅਰਥ ਹੈ ਛੁਟਕਾਰਾ, ਖਲਾਸੀ, ਰਿਹਾਈ। ਅਧਿਆਤਮਿਕ ਦ੍ਰਿਸ਼ਟੀ ਤੋਂ ਇਸ ਦਾ ਭਾਵ ਹੈ ਮਾਇਆ ਦੇ ਪ੍ਰਭਾਵ ਜਾਂ ਬੰਧਨਾਂ ਤੋਂ ਖਲਾਸੀ ਜਾਂ ਦੁਖਾਂ ਕਲੇਸ਼ਾਂ ਦਾ ਅੰਤ।
- ਡਾ. ਜੋਗਾ ਸਿੰਘ (ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼) ਅਨੁਸਾਰ ਮੁਕਤੀ ਤੋਂ ਭਾਵ ਹੈ ਕਿ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਦਾ ਭਾਵ, ਛੁਟਕਾਰਾ, ਰਿਹਾਈ, ਖਲਾਸੀ।

- ਡਾ. ਪ੍ਰੀਤਮ ਸੈਣੀ (ਸਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ) ਅਨੁਸਾਰ ਸੰਸਕ੍ਰਿਤ ਧਾਤੂ ਮੁਚ ਤੋਂ ਨਿਕਲੇ ਸ਼ਬਦ ਮੁਕਤੀ ਦਾ ਸ਼ਾਬਦਿਕ ਅਰਥ ਹੈ ਛੁਟਕਾਰਾ, ਨਜਾਰਾ, ਰਿਹਾਈ ਜਾਂ ਬੰਧਨਹੀਣਤਾ, ਧਾਰਮਿਕ ਸ਼ਬਦਾਵਲੀ ਵਿਚ ਹਰ ਪ੍ਰਕਾਰ ਦੇ ਦੁੱਖਾਂ ਜਾਂ ਕਸ਼ਟਾਂ ਤੋਂ ਸਦਾ ਲਈ ਛੁਟਕਾਰਾ ਪਾਉਣਾ ਮੁਕਤੀ ਹੈ। ਭਾਰਤ ਦੇ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਇਸ ਦੀ ਆਮ ਚਰਚਾ ਹੈ। ਹਰ ਧਰਮ ਜਾਂ ਧਾਰਮਿਕ ਫਿਰਕੇ ਨੇ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਨ ਕੀਤਾ ਹੈ।

### 5.4 ਮੁਕਤੀ ਦੀ ਪਰੰਪਰਾ

ਮੁਕਤੀ ਦੀ ਪਰੰਪਰਾ ਭਾਰਤੀ ਦਰਸ਼ਨ ਦੀ ਅਮੀਰ ਪਰੰਪਰਾ ਹੈ। ਭਾਰਤੀ ਦਰਸ਼ਨ ਵਿਚ ਮੁਕਤੀ ਦੇ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ: ਮੁਕਤੀ, ਨਿਰਵਾਣ, ਕੈਵਲਯ, ਮੋਖਸ਼ ਆਦਿ। ਮੁਕਤੀ ਦੀ ਪਰੰਪਰਾ ਹਰੇਕ ਧਰਮ ਵਿਚ ਵੱਖਰੇ-ਵੱਖਰੇ ਤਰੀਕੇ ਰਾਹੀਂ ਮਿਲਦੀ ਹੈ। ਭਾਰਤੀ ਪਰੰਪਰਾ ਵਿਚ ਚਾਰ ਪੁਰਸ਼ਾਰਥ ਦਾ ਵਿਸ਼ੇਸ਼ ਮਹੱਤਵ ਹੈ। ਜਿਨ੍ਹਾਂ ਵਿਚੋਂ ਮੁਕਤੀ ਇਕ ਹੈ: ਧਰਮ, ਅਰਥ, ਕਾਮ ਅਤੇ ਮੋਕਸ਼। ਭਾਰਤੀ ਦਰਸ਼ਨ ਵਿਚ ਮੁਕਤੀ ਲਈ ਕਰਮ ਮਾਰਗ, ਗਿਆਨ ਮਾਰਗ, ਯੋਗ ਸਾਧਨਾ ਅਤੇ ਭਗਤੀ ਮਾਰਗ ਨੂੰ ਵਿਸ਼ੇਸ਼ ਸਥਾਨ ਹਾਸਲ ਹੈ। ਡਾ. ਮਨਮੋਹਨ ਸਿੰਘ ਅਨੁਸਾਰ ''ਚਾਰਵਾਕ ਮਤ ਦੇ ਅਨੁਸਾਰ ਸਰੀਰ ਦਾ ਨਾਸ਼ ਹੀ ਮੁਕਤੀ ਹੈ। ਬੋਧ ਦਰਸ਼ਨ ਵਿਚ ਮੁਕਤੀ ਦੇ ਲਈ ਨਿਰਵਾਣ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਬੁੱਧ ਮਤ ਅਨੁਸਾਰ ਤ੍ਰਿਸ਼ਨਾ ਅਧੀਨ ਦੁੱਖਾਂ ਦੀ ਉਤਪਤੀ ਹੁੰਦੀ ਹੈ। ਜਿਸਨੂੰ 'ਚਾਰ ਆਰੀਆ ਸੱਚ' ਰਾਹੀਂ ਦਰਸਾਇਆ ਗਿਆ ਹੈ। ਦੁੱਖਾਂ ਤੋਂ ਮੁਕਤੀ ਦਾ ਸਾਧਨ 'ਅਸਟਾਂਗ ਮਾਰਗ' ਨੂੰ ਮੰਨਿਆ ਗਿਆ ਹੈ। ਜੈਨ ਦਰਸ਼ਨ ਵਿਚ ਮੁਕਤੀ ਲਈ ਕੈਵਲਯ ਸ਼ਬਦ ਪ੍ਰਚਲਿਤ ਹੈ। ਜੈਨ ਮਤ ਦੇ ਨੌਂ ਤੱਤਾਂ ਵਿਚੋਂ ਆਖਰੀ ਤੱਤ ਮੋਕਸ਼ (liberation) ਹੈ।

### 5.5 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਕਤੀ ਦੀ ਵਰਤੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਕਤ ਸ਼ਬਦ ਸੱਤ ਵੱਖ-ਵੱਖ ਵਿਆਕਰਨਕ ਰੂਪਾਂ ਵਿਚ ਆਇਆ ਹੈ: ਮੁਕਤ, ਮੁਕਤਾ, ਮੁਕਤਿ, ਮੁਕਤੀ, ਮੁਕਤੁ, ਮੁਕਤੇ, ਮੁਕਤੈ, ਮੁਕਤੋ, ਮੁਕਤੌ। ਉਕਤ ਹਵਾਲਿਆਂ ਦੇ ਅਧਿਐਨ ਰਾਹੀਂ ਸਿਖ ਧਰਮ-ਸ਼ਾਸ਼ਤਰ ਵਿਚ 'ਮੁਕਤੀ' ਦੇ ਸਿਧਾਂਤ ਨੂੰ ਸਮਝਿਆ ਜਾ ਸਕਦਾ ਹੈ।

### 5.6 ਗੁਰਬਾਣੀ ਵਿਚ ਮੁਕਤ ਤੇ ਮੁਕਤੀ ਦੀ ਪਰਿਭਾਸ਼ਾ

ਕੋਸ਼ਾਂ ਅਨੁਸਾਰ ਮੁਕਤੀ ਦੇ ਅਰਥ ਬੰਧਨ ਤੋਂ ਛੁਟਕਾਰੇ ਦੇ ਅਰਥਾਂ ਵਿਚ ਲਏ ਗਏ ਹਨ। ਗੁਰਬਾਣੀ ਵਿਚ ਮਰਣ ਤੋਂ ਬਾਅਦ ਵਾਲੀ 'ਮੁਕਤੀ' ਦੀ ਥਾਂ 'ਜੀਵਨ ਮੁਕਤੀ' ਨੂੰ ਪਹਿਲ ਦਿੱਤੀ ਗਈ ਹੈ। ਇਸ ਲਈ ਗੁਰਬਾਣੀ ਅਨੁਸਾਰ ਹਲਤ ਵਿਚ ਮੁਕਤੀ ਪ੍ਰਾਪਤ ਕਰਨ ਵਾਲਾ ਗੁਰਬਾਣੀ ਦਾ ਆਦਰਸ਼ਕ ਮਨੁੱਖ ਹੈ। ਜਿਹੜਾ ਨਿਰਭਉ ਅਤੇ ਨਿਰਵੈਰ ਦੀ ਅਵਸਥਾ ਦਾ ਧਾਰਨੀ ਹੈ। ਹੁਣ ਅਸੀਂ ਗੁਰਬਾਣੀ ਅਨੁਸਾਰ ਮੁਕਤੀ ਅਤੇ ਮੁਕਤੇ ਦੀਆਂ ਪਰਿਭਾਸ਼ਾਵਾਂ ਨੂੰ ਵਿਚਾਰਾਂਗੇ। ਇਨ੍ਹਾਂ ਪਰਿਭਾਸ਼ਾਵਾਂ ਰਾਹੀਂ ਮੁਕਤ ਸ਼ਖ਼ਸੀਅਤ ਲਈ ਕੁਝ ਵਿਸ਼ੇਸ਼ਣਾ ਨੂੰ ਅਸੀਂ ਤਲਾਸ਼ ਕੇ ਪ੍ਰਸਤੁਤ ਕਰ ਰਹੇ ਹਾਂ:

**5.6.1 ਗੁਰਮੁਖਿ**: ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਕਈ ਸਵਾਲਾਂ ਅਤੇ ਜਵਾਬਾਂ ਰਾਹੀਂ ਪ੍ਰਸੰਗ ਸਿਰਜਿਆ ਹੈ। ਗੁਰੂ ਸਾਹਿਬ ਨੇ ਇਕ ਸ਼ਬਦ ਵਿਚ 24 ਸਵਾਲ ਕੀਤੇ ਹਨ। ਉਸੇ ਸ਼ਬਦ ਵਿਚ ਜਵਾਬ ਵੀ ਦਿੱਤੇ ਹਨ। ਜਿਨ੍ਹਾਂ ਵਿਚੋਂ ਪਹਿਲਾ ਸਵਾਲ ਹੈ ਕਿ ਆਜਾਦ/ਮੁਕਤ ਕਉਣ ਹੈ? (ਕਉਣ ਸੁ ਮੁਕਤਾ) ਇਸ ਦਾ ਜਵਾਬ ਦਿੰਦੇ ਹੋਏ ਗੁਰੂ ਸਾਹਿਬ ਨੇ 'ਗੁਰਮੁਖ' ਨੂੰ ਮੁਕਤਾ (ਗੁਰਮੁਖਿ ਮੁਕਤਾ) ਕਿਹਾ ਹੈ।

**5.6.2 ਨਾਮ ਜਪਣ ਵਾਲਾ**: ਨਾਮ ਗੁਰਮਤਿ ਦੇ ਮੂਲ ਸੰਕਲਪਾਂ ਵਿਚੋਂ ਇਕ ਹੈ। ਗੁਰਬਾਣੀ ਵਿਚ ਇਸਦਾ ਜ਼ਿਕਰ ਵਾਰ-ਵਾਰ ਹੋਇਆ ਹੈ। ਨਾਮ ਜਪਣਾ ਅਕਾਲ ਪੁਰਖ ਦੀ ਸਿਫਤ ਸਲਾਹ ਕਰਨਾ ਹੈ। ਵਾਰ-ਵਾਰ ਅਕਾਲ ਪੁਰਖ ਦੇ ਗੁਣ ਗਾ ਕੇ ਮਨੁੱਖ ਵਿਚ ਇਹ ਗੁਣ ਪ੍ਰਵੇਸ਼ ਕਰ ਜਾਂਦੇ ਹਨ, ਉਹ ਵੀ ਮੁਕਤੀ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

- ਤੇ **ਮੁਕਤ** ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥ (ਗੁ.ਗ੍ਰੰ.ਸਾ. 735)
- ਜਿਨ ਜਪਿਆ ਹਰਿ ਤੇ **ਮੁਕਤ** ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥ (ਗੁ.ਗ੍ਰੰ.ਸਾ. 1115)
- ਸੇ **ਮੁਕਤੁ** ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥ (ਗੁ.ਗ੍ਰੰ.ਸਾ. 10)
- ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ **ਮੁਕਤਾ** ਜਾਨੁ ॥ (ਗੁ.ਗ੍ਰੰ.ਸਾ. 1426)

**5.6.3 ਰੱਬੀ ਪ੍ਰੇਮੀ**: ਮੁਕਤੀ ਦਾ ਇਕ ਸ੍ਰੋਤ ਪ੍ਰਮਾਤਮਾ ਦਾ ਪਿਆਰ ਵੀ ਹੈ। ਗੁਰੂ ਅਮਰਦਾਸ ਜੀ ਅਤੇ ਭਗਤ ਤ੍ਰਿਲੋਚਨ ਜੀ ਆਪਣੀ ਬਾਣੀ ਵਿਚ ਇਨ੍ਹਾਂ ਪਰਿਭਾਸ਼ਾਵਾਂ ਨੂੰ ਪੇਸ਼ ਕਰਦੇ ਹਨ।

- ਜਿਸੁ ਅੰਤਰਿ ਪ੍ਰੀਤਿ ਲਗੈ ਸੋ **ਮੁਕਤਾ**॥ (ਗੁ.ਗ੍ਰੰ.ਸਾ. 121)
- ਬਦਤਿ ਤਿਲੋਚਨੁ ਤੇ ਨਰ **ਮੁਕਤਾ** ਪੀਤੰਬਰੁ ਵਾ ਕੇ ਰਿਦੈ ਬਸੈ ॥(ਗੁ.ਗ੍ਰੰ.ਸਾ. 526)

**5.6.4 ਗੁਰ ਸ਼ਬਦ ਦੇ ਅਭਿਆਸੀ**: ਗੁਰਬਾਣੀ ਅਨੁਸਾਰ ਗੁਰੂ, ਸਿਖ ਨੂੰ ਗਿਆਨ ਦੇ ਕੇ ਮੁਕਤੀ ਦੇ ਰਾਹ ਖੋਲਦਾ ਹੈ। ਗੁਰਸ਼ਬਦ ਰਾਹੀਂ ਪ੍ਰਾਪਤ ਗਿਆਨ ਜੀਵਨ ਵਿਚ ਅਨੇਕਾਂ ਬੰਧਨਾਂ ਤੋਂ ਆਜਾਦ ਰਾਹ ਵਿਖਾਉਂਦਾ ਹੈ।

- ਹਰਿ ਗੁਰੁ ਨਾਨਕੁ ਜਿਨ੍ਹ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ॥ (ਗੁ.ਗ੍ਰੰ.ਸਾ. 1385)
- ਤੇ **ਮੁਕਤੇ** ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥ (ਗੁ.ਗ੍ਰੰ.ਸਾ. 1396)
- ਨਾਨਕ **ਸਬਦਿ** ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥ (ਗੁ.ਗ੍ਰੰ.ਸਾ. 86)
- ਸਬਦਿ ਮਰੈ ਸੋਈ ਜਨੁ ਮੁਕਤਾ ॥ (ਗੁ.ਗ੍ਰੰ.ਸਾ. 1062)

**5.6.5 ਉਸਤਤਿ ਨਿੰਦਿਆ ਤੋਂ ਮੁਕਤ**: ਉਸਤਤ ਅਤੇ ਨਿੰਦਿਆ ਵੀ ਇਕ ਬੰਧਨ ਹੈ। ਇਸਦੇ ਅੰਤਰਗਤ ਮਨੁੱਖ ਆਪਣੀ ਆਜਾਦ ਸੋਚ ਨਾਲ ਨਹੀਂ ਵਿਚਰ ਸਕਦਾ ਬਲਕਿ ਹਮੇਸ਼ਾ ਦੂਜਿਆਂ ਦੀ ਉਸਤਤ ਜਾਂ ਨਿੰਦਿਆ ਵਿਚ ਆਪਣੀ ਸੁਤੰਤਰਤਾ ਗਵਾ ਲੈਂਦਾ ਹੈ। ਗੁਰੂ ਤੇਗ ਬਹਾਦਰ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਉਸਤਤ ਸੁਣ ਕੇ ਫੁੱਲ ਜਾਂਦਾ ਹੈ ਬਲਕਿ ਨਿੰਦਿਆ ਸੁਣਨ ਉੱਤੇ ਬਹੁਤ ਉਦਾਸ ਹੋ ਜਾਂਦਾ ਹੈ, ਉਹ ਬੰਧਨ ਵਿਚ ਹੈ, ਇਨ੍ਹਾਂ ਦੋਹਾਂ ਤੋਂ ਰਹਿਤ ਇਨਸਾਨ ਨੂੰ ਮੁਕਤ ਆਖਿਆ ਜਾ ਸਕਦਾ ਹੈ।

- ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ (ਗੁ.ਗ੍ਰੰ.ਸਾ. 1426)

- ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥

  ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥ (ਗੁ.ਗ੍ਰੰ.ਸਾ. 1426)

## 5.7 ਸਿਖ ਧਰਮ ਵਿਚ ਜੀਵਨ ਮੁਕਤ

ਜੀਵਨ-ਮੁਕਤ ਦਾ ਆਮ ਅਰਥ ਹੈ ''ਜਿਉਂਦੇ ਜੀਅ ਮੁਕਤੀ''। ਮੁਕਤੀ ਦਾ ਆਮ ਤੌਰ ਉਪਰ ਸੰਬੰਧ ਮੌਤ ਤੋਂ ਬਾਅਦ ਦੀ ਅਵਸਥਾ ਨਾਲ ਜੋੜਿਆ ਜਾਂਦਾ ਹੈ, ਅਤੇ ਆਤਮਾ ਨਾਲ ਸੰਬੰਧ ਸਥਾਪਿਤ ਕੀਤਾ ਗਿਆ ਹੈ। ਪਰ ਸਿਖ ਧਰਮ ਵਿਚ ਮੁਕਤੀ ਦੀ ਥਾਂ ਜੀਵਨ ਮੁਕਤੀ ਉਪਰ ਜਿਆਦਾ ਬਲ ਦਿੱਤਾ ਗਿਆ ਹੈ। ਮਨੁੱਖ ਦੇ ਜੀਵਨ ਨਾਲ ਜੁੜਣ ਕਾਰਨ ਇਸਦੇ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਸੰਬੰਧ ਉਜਾਗਰ ਹੁੰਦੇ ਹਨ। ਪ੍ਰੋ. ਕਿਸਨ ਸਿੰਘ ਅਨੁਸਾਰ ਗੁਰਮਤਿ ਦੀ ਮੁਕਤੀ ਰੱਬ ਦੀ ਬੁੱਕਲ ਵਿਚ ਵੜ ਕੇ ਸਿਰਫ ਆਤਮਕ ਰਸ ਲੈਣਾ ਨਹੀਂ ਬਲਕਿ ਜੀਵੰਤ ਮਸਲਿਆਂ ਨਾਲ ਜੂਝ ਕੇ ਜਿੱਤ ਪ੍ਰਾਪਤ ਕਰਨਾ ਹੈ। ਅਸੀਂ ਇਥੇ ਉਕਤ ਵਿਚਾਰ ਨੂੰ ਸਪਸ਼ਟ ਕਰਨ ਲਈ ਕੁਝ ਹਵਾਲਿਆਂ ਨੂੰ ਵਿਚਾਰਾਂਗੇ। ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਰਾਗ ਅੰਦਰ ਭਗਤ ਬੇਣੀ ਜੀ ਨੇ ਆਪਣੇ ਸ਼ਬਦ ਵਿਚ ਮਨੁੱਖ ਦੇ ਜਨਮ ਤੋਂ ਮਰਨ ਤੱਕ ਦੇ ਹਾਲ ਨੂੰ ਬਿਆਨ ਕੀਤਾ ਹੈ, ਸ਼ਬਦ ਦੇ ਆਖੀਰ ਉਪਰ ਭਗਤ ਬੇਣੀ ਜੀ ਆਖਦੇ ਹਨ, ਕਿ ਇਸ ਜਨਮ ਵਿਚ ਵਿਕਾਰਾਂ ਤੋਂ ਮੁਕਤੀ ਨਾ ਹੋਈ ਤਾਂ ਮੌਤ ਤੋਂ ਬਾਅਦ ਵੀ ਮੁਕਤੀ ਨਹੀਂ ਮਿਲਣੀ।

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥ (ਗੁ.ਗ੍ਰੰ.ਸਾ. 93)

ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਪ੍ਰਮਾਤਮਾ ਨੂੰ ਸੰਬੋਧਿਤ ਹੋ ਕੇ ਆਖਦੇ ਹਨ ਕਿ ਹੇ ਅਕਾਲ ਪੁਰਖ, ਜੇਕਰ ਮੈਨੂੰ ਇਸੇ ਜਨਮ ਵਿਚ ਜਿਉਂਦੇ ਹੋਏ ਮੁਕਤੀ ਨਾ ਮਿਲੀ, ਤਾਂ ਫਿਰ ਮੌਤ ਤੋਂ ਬਾਅਦ ਵਾਲੀ ਮੁਕਤੀ ਨੂੰ ਕੌਣ ਜਾਣੇਗਾ?

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥ (ਗੁ.ਗ੍ਰੰ.ਸਾ. 1292)

ਇਸ ਲਈ ਗੁਰੂ ਸਾਹਿਬ ਨੇ ਇਨਸਾਨ ਨੂੰ ਸਭ ਤਰਾਂ ਦੀਆਂ ਜਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ, ਹਸਦਿਆਂ, ਖੇਡਦਿਆਂ, ਗਿਆਨ ਹਾਸਲ ਕਰਕੇ ਮੁਕਤੀ ਲਈ ਯਤਨ ਕਰਨ ਉੱਪਰ ਜੋਰ ਦਿੱਤਾ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਗੁ.ਗ੍ਰੰ.ਸਾ. 522)

ਜੀਵਨ ਮੁਕਤੀ ਲਈ ਮੁੱਖ ਰੂਪ ਵਿਚ ਬੰਦਗੀ ਨੂੰ ਸਹਾਈ ਮੰਨਿਆ ਹੈ।

ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ (ਗੁ.ਗ੍ਰੰ.ਸਾ. 1155)

ਗੁਰਬਾਣੀ ਜੀਵਨ ਮੁਕਤੀ ਨੂੰ ਮੁਰਗਾਬੀ ਦੀ ਉਦਾਹਰਨ ਰਾਹੀਂ ਹੋਰ ਸਪਸ਼ਟ ਕਰਦੀ ਹੈ। ਜਿਵੇਂ ਮੁਰਗਾਬੀ ਪਾਣੀ ਵਿਚ ਤੈਰਦੀ ਹੋਈ ਵੀ ਆਪਣੇ ਪੰਖ ਭਿੱਜਣ ਨਹੀਂ ਦਿੰਦੀ। ਆਪਣੀ ਇੱਛਾ ਅਨੁਸਾਰ ਉਡਾਰੀ ਮਾਰ ਜਾਂਦੀ ਹੈ। ਜਿਵੇਂ

ਕਮਲ ਦਾ ਫੁੱਲ ਚਿੱਕੜ ਵਿਚ ਉੱਗ ਪੈਂਦਾ ਹੈ। ਉਸੇ ਤਰਾਂ ਜੀਵ ਨੂੰ ਵੀ ਇਸ ਸੰਸਾਰ ਵਿਚ ਆਪਣੀ ਸੁਰਤ ਨੂੰ ਨਹੀਂ ਖਿੰਡਾਉਣਾ ਚਾਹੀਦਾ। ਸੰਸਾਰਕ ਕੰਮ ਕਰਦਿਆਂ ਆਪਣੀ ਸੁਰਤ ਸ਼ਬਦ ਰੂਪੀ ਗਿਆਨ ਵਿਚ ਜੋੜਣੀ ਚਾਹੀਦੀ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥

ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਗੁ.ਗ੍ਰੰ.ਸਾ. 938)

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ॥

ਜਿਉ ਮੁਰਗਾਈ ਪੰਕੁ ਨ ਭੀਜੈ॥ (ਗੁ.ਗ੍ਰੰ.ਸਾ. 1324)

ਪ੍ਰਸ਼ਨ: ਕਿਨ ਬਿਧਿ ਸਾਗਰੁ ਤਰੀਐ॥ ਜੀਵਤਿਆ ਨਹ ਮਰੀਐ॥

ਉਤਰ: ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥

ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥ (ਗੁ.ਗ੍ਰੰ.ਸਾ. 877)

ਡਾ. ਹਰਦੇਵ ਸਿੰਘ ਵਿਰਕ ਆਖਦੇ ਹਨ ਕਿ ''ਜੀਵਨ ਮੁਕਤ ਗੁਰਸਿਖ ਸੰਸਾਰ ਵਿਚ ਰਹਿ ਕੇ ਵੀ ਸੰਸਾਰਕਤਾ ਤੋਂ ਮੁਕਤ ਹੁੰਦਾ ਹੈ। ਉਹ ਲੋਕ-ਕਲਿਆਣ ਕਰਦਾ ਹੋਇਆ ਪਰਵਿਰਤ ਅਵਸਥਾ ਵਿਚ ਵੀ ਨਿਵਿਰਤ ਹੈ। ਉਹ ਜੇਲ੍ਹ ਦੇ ਡਾਕਟਰ ਦੀ ਤਰ੍ਹਾਂ ਹੈ, ਜੋ ਨੌਕਰੀ ਕਰਦਾ ਹੈ ਪਰੰਤੂ ਜੇਲ੍ਹ ਦਾ ਕੈਦੀ ਨਹੀਂ। ਜਾਂ ਪਾਣੀ ਦੇ ਭਰੇ ਘੜੇ ਵਾਂਗ ਹੈ, ਜੋ ਸਮੁੰਦਰ ਵਿਚ ਡੁੱਬਾ ਪਿਆ ਹੈ। ਜਿਸ ਦੇ ਅੰਦਰ ਵੀ ਪਾਣੀ ਹੈ ਅਤੇ ਬਾਹਰ ਵੀ ਪਾਣੀ। ਜਦੋਂ ਸਰੀਰ ਰੂਪੀ ਘੜਾ ਭੱਜ ਜਾਂਦਾ ਹੈ ਤਾਂ 'ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ' ਅਤੇ 'ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ' ਵਾਲੀ ਅਵਸਥਾ ਹੋ ਜਾਂਦੀ ਹੈ।''

ਗੁਰੂ ਅਰਜਨ ਦੇ ਜੀ ਨੇ ਇਸ ਅਵਸਥਾ ਨੂੰ ਸੁਖਮਨੀ ਸਾਹਿਬ ਬਾਣੀ ਵਿਚ ਬਾਖੂਬੀ ਬਿਆਨ ਕੀਤਾ ਹੈ:

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥

ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖ ਖਾਟੀ॥

ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥

ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ (ਗੁ.ਗ੍ਰੰ.ਸਾ.275)

ਪ੍ਰੋਫੈਸਰ ਸ਼ੇਰ ਸਿੰਘ ਆਪਣੀ ਪੁਸਤਕ 'ਗੁਰਮਤਿ ਦਰਸ਼ਨ' ਵਿਚ ਲਿਖਦੇ ਹਨ ਕਿ ਮਨੁੱਖ, ਪ੍ਰਮਾਤਮਾ ਦੀ ਅੰਸ਼ ਹੈ। ਉਸ ਤੋਂ ਵਿਛੁੜ ਕੇ ਇਹ ਦੁਖੀ ਹੁੰਦਾ ਹੈ। ''ਇਸ ਲਈ ਇਸ ਵਿਛੋੜੇ ਦਾ ਦੁੱਖ ਦੂਰ ਕਰਨਾ ਹੀ ਸਦ-ਗਤੀ (ਕਲਯਾਨ) ਹੈ। ਫਿਰ ਸੰਸਾਰ ਦੇ ਦੁੱਖ ਤਿਵੇਂ ਨਹੀਂ ਪੋਹਦੇ, ਜਿਵੇਂ ਮਾਂ ਤੋਂ ਵਿਛੁੜ ਕੇ ਬਾਲਕ ਮੇਲੇ ਵਿਚ ਗੁਆਚਿਆ ਹੋਇਆ ਤਾਂ ਮੇਲੇ ਦੇ ਰੰਗ-ਤਮਾਸ਼ਿਆਂ ਵਿਚ ਭੀ ਦੁਖੀ ਹੈ ਪਰ ਮਾਂ ਦੀ ਉਂਗਲ ਫੜੀ ਟੁਰੀ ਜਾਂਦਾ ਮੇਲੇ ਦੀ ਗਰਦ-ਗੁਬਾਰ; ਭੀੜ ਤੋਂ ਭੀ ਦੁਖੀ ਨਹੀਂ ਹੁੰਦਾ।''

## **<u>5.8 ਸਿਖ ਧਰਮ ਵਿਚ ਮੁਕਤੀ ਦੇ ਵਿਭਿੰਨ ਪਰਿਪੇਖ</u>**

ਸਿਖ ਧਰਮ ਵਿਚ ਮੁਕਤੀ ਦੇ ਸਿਧਾਂਤ ਨੂੰ ਸਮਝਣ ਲਈ ਵਿਭਿੰਨ ਪੱਖਾਂ ਉਪਰ ਵਿਚਾਰ ਕਰਨ ਦੀ ਜਰੂਰਤ ਹੈ। ਸਿਖ ਧਰਮ ਵਿਚ ਮੁਕਤੀ ਦਾ ਸਿਧਾਂਤ ਲੋਕ ਅਤੇ ਪਰਲੋਕ ਦੀਆਂ ਕੀਮਤਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਮੁਕਤੀ ਨੂੰ ਸਮਝਣ ਲਈ ਜਰੂਰੀ ਹੋ ਜਾਂਦਾ ਹੈ ਕਿ ਇਹ ਸਮਝਿਆ ਜਾਵੇ ਕਿ **ਮਨੁੱਖ ਨੂੰ ਬੰਧਨ ਕੀ ਹੈ?** ਜਿਸ ਵਿਚੋਂ ਮੁਕਤ ਹੋਣਾ ਹੈ। ਡਾ. ਜਸਵੰਤ ਸਿੰਘ ਨੇਕੀ ਆਪਣੀ ਪੁਸਤਕ ਗੁਰਮਤਿ ਮਨੋਵਿਗਿਆਨ ਵਿਚ ਬੰਧਨ ਨੂੰ ਨੌਂ ਤਰੀਕਿਆਂ ਦੇ ਬੰਧਨ ਰਾਹੀਂ ਦਰਸਾਉਂਦੇ ਹਨ: ਕਾਇਆ ਦਾ ਬੰਧਨ, ਵਿਚਾਰਾਂ ਦਾ ਬੰਧਨ, ਸੋਚਾਂ ਅੰਦੇਸਿਆਂ ਦਾ ਬੰਧਨ, ਤ੍ਰਿਸ਼ਨਾ ਦਾ ਬੰਧਨ, ਮਾਇਆ ਦਾ ਬੰਧਨ, ਹਉਮੈ ਦਾ ਬੰਧਨ, ਭਉ ਦਾ ਬੰਧਨ, ਪ੍ਰਸਿੱਧੀ ਦਾ ਭੂਤ ਅਤੇ ਜਨਮ ਮਰਣ ਦਾ ਬੰਧਨ। ਡਾ. ਨੇਕੀ ਇਨ੍ਹਾਂ ਬੰਧਨਾਂ ਦਾ ਕਾਰਨ ਮਾਇਆ, ਨੂੰ ਦਸਦੇ ਹਨ। ਡਾ. ਨੇਕੀ ਅਨੁਸਾਰ ''ਮਨੁੱਖੀ ਜ਼ਿੰਦਗੀ ਅਨੇਕਾਂ ਬੰਧਨਾਂ ਵਿਚ ਬੱਝੀ ਹੋਈ ਹੈ। ਇਹ ਸਾਰੇ ਬੰਧਨ ਮਾਇਆ ਕਾਰਨ ਹਨ। ਭਾਵੇਂ ਹਉਮੈ ਦਾ ਬੰਧਨ ਹੈ, ਭਾਵੇਂ ਤ੍ਰਿਸ਼ਨਾ ਦਾ, ਭਾਵੇਂ ਇੰਦਰੀਆਂ ਦੀ ਪਕੜ ਕਾਰਨ ਬੰਧਨ ਹੈ, ਭਾਵੇਂ ਅਵਿੱਦਿਆ ਅਥਵਾ ਅਗਿਆਨ ਦਾ। ਸਮਾਜਿਕ ਅਤੇ ਰਾਜਨੀਤਕ ਬੰਧਨ ਵੀ ਮਾਇਆਵੀ ਬੰਧਨ ਹੀ ਹੁੰਦੇ ਹਨ, ਪਰ ਇਹ ਬੰਧਨ ਭਉ ਜਗਾਉਂਦੇ ਹਨ।''

**5.8.1 ਸਮਾਜਿਕ ਪਰਿਪੇਖ:** ਵਿਅਕਤੀ, ਸਮਾਜ ਦਾ ਅੰਗ ਹੈ। ਵਿਅਕਤੀ ਦਾ ਸਾਮੂਹਿਕ ਵਿਕਾਸ ਸਮਾਜ ਵਿਚ ਰਹਿ ਕੇ ਹੁੰਦਾ ਹੈ। ਵਿਅਕਤੀ ਸਮਾਜ ਵਿਚ ਹਰ ਚੰਗਾ ਜਾਂ ਮਾੜਾ ਪ੍ਰਭਾਵ ਕਬੂਲਦਾ ਹੈ। ਸਮਾਜ ਵਿਕਾਸ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ। ਗੁਰੂ ਸਾਹਿਬਾਨ ਨੇ ਭਾਰਤੀ ਸਮਾਜ ਦੀ ਬਣਾਵਟ ਵਡਮੁੱਲਾ ਯੋਗਦਾਨ ਪਾਇਆ ਹੈ। ਜਾਤੀ-ਮੁਕਤ ਸਮਾਜ, ਔਰਤ-ਮੁਕਤੀ, ਸਤੀ ਪ੍ਰਥਾ ਮੁਕਤੀ ਆਦਿ ਗੁਰੂ ਸਾਹਿਬ ਵੱਲੋਂ ਕੀਤੇ ਕਾਰਜ ਮਨੁੱਖੀ-ਮੁਕਤੀ ਲਈ ਮੀਲ ਪੱਥਰ ਸਾਬਿਤ ਹੋਏ ਹਨ। ਗੁਰੂ ਸਾਹਿਬਾਨ ਨੇ ਜਾਤੀ ਨੂੰ ਮਨੁੱਖੀ ਪਾੜੇ ਅਤੇ ਗੁਲਾਮੀ ਦਾ ਕਾਰਨ ਮੰਨਿਆ ਹੈ। ਆਪਣੇ ਸੇਵਕਾਂ ਨੂੰ ਇਸ ਕੋੜ੍ਹ ਤੋਂ ਬਚਾਇਆ। ਗੁਰੂ ਨਾਨਕ ਦੇਵ ਜੀ ਨੇ ਜਾਤ ਦੇ ਅਹੰਕਾਰ ਨੂੰ ਫਕੜ (ਵਿਅਰਥ) ਆਖਿਆ ਹੈ।

ਸਲੋਕ ਮਃ ੧ ॥
ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥
ਆਪਹੁ ਜੇ ਕੋ ਭਲਾ ਕਹਾਏ ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥ (ਗੁ.ਗ੍ਰੰ.ਸਾ. 83)

ਗੁਰੂ ਸਾਹਿਬ ਨੇ ਕਿਹਾ ਹੈ ਕਿ ਇਨਸਾਨ ਦੀ ਜਾਤ ਦੇ ਆਧਾਰਿਤ ਪਛਾਣ ਕਰਨ ਤੋਂ ਵਰਜਿਆ ਹੈ।

ਜਾਣਹੁ ਜੋਤਿ, ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ।। (ਗੁ.ਗ੍ਰੰ.ਸਾ. 349)

ਮੱਧਕਾਲ ਵਿਚ ਔਰਤ ਦੀ ਬਰਾਬਰ ਹਿੱਸੇਦਾਰੀ ਅਤੇ ਸਤਿਕਾਰ ਲਈ ਗੁਰੂ ਸਾਹਿਬ ਦੀ ਉਠਾਈ ਆਵਾਜ ਅਤੇ ਕੀਤੇ ਕਾਰਜ, ਔਰਤ ਮੁਕਤੀ ਲਈ ਬੇਮਿਸਾਲ ਕਾਰਜ ਸੀ। ਗੁਰੂ ਨਾਨਕ ਦੇਵ ਜੀ ਦਾ ਆਸਾ ਕੀ ਵਾਰ ਵਿਚਲਾ ਸਲੋਕ ਵਰਤਮਾਨ ਸਮੇਂ ਤੱਕ ਪ੍ਰਾਸੰਗਿਕ ਬਣਿਆ ਹੋਇਆ ਹੈ।

ਮਃ ੧॥

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ (ਗੁ.ਗ੍ਰੰ.ਸਾ. 473)

ਗੁਰੂ ਸਾਹਿਬ ਦੁਆਰਾ ਸਿਧਾਂਤਕ ਰੂਪ ਵਿਚ ਹੀ ਨਹੀਂ ਕੀਤਾ ਗਿਆ ਬਲਕਿ ਔਰਤਾਂ ਨੂੰ ਵੱਡੀਆਂ ਜਿੰਮੇਵਾਰੀਆਂ ਸੌਂਪ ਕੇ ਵਿਹਾਰਕ ਰੂਪ ਵਿਚ ਵੀ ਆਦਰਸ਼ ਸਿਰਜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਸਮੇਂ ਜਾਤ-ਪਾਤ ਦੇ ਬੰਧਨਾਂ ਨੂੰ ਉਲੰਘ ਕੇ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ।

**5.8.2 ਰਾਜਨੀਤਿਕ ਪਰਿਪੇਖ:** ਸਮਾਜ ਵਿਚ ਰਹਿਣ ਵਾਲਾ ਵਿਅਕਤੀ ਰਾਜਨੀਤੀ ਤੋਂ ਆਪਣੇ ਆਪ ਨੂੰ ਵਿਰਵਾ ਨਹੀਂ ਕਰ ਸਕਦਾ। ਗੁਰੂ ਸਾਹਿਬਾਨ ਦਾ ਰਾਜਿਆਂ ਨੂੰ ਸੀਹ ਅਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਕੁੱਤੇ ਕਹਿਣਾ ਪ੍ਰਚਲਿਤ ਨਿਜ਼ਾਮ ਦੇ ਮੂੰਹ ਉੱਤੇ ਕਰਾਰੀ ਚਪੇੜ ਮਾਰਨ ਵਾਂਗ ਸੀ।

ਰਾਜੇ ਸੀਹ ਮੁਕਦਮ ਕੁਤੇ ॥

ਜਾਇ ਜਗਾਇਨ੍ਹਿ ਬੈਠੇ ਸੁਤੇ ॥

ਚਾਕਰ ਨਹਦਾ ਪਾਇਨ੍ਹਿ ਘਾਉ ॥

ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਗੁ.ਗ੍ਰੰ.ਸਾ. 1288)

ਗੁਰੂ ਹਰਿਗੋਬਿੰਦ ਸਾਹਿਬ ਦੁਆਰਾ 'ਮੀਰੀ ਪੀਰੀ' ਦੀਆਂ ਤਲਵਾਰਾਂ ਧਾਰਨ ਕਰਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਨਾ, ਸਿਖ ਲਹਿਰ ਦਾ ਰਾਜਨੀਤੀ ਵਿਚ ਪ੍ਰਵੇਸ਼ ਸੀ। ਜਿਸ ਸਮਾਜ ਨੂੰ ਰਾਜਨੀਤਿਕ ਮੁਕਤੀ ਦੇ ਰਾਹ ਤੋਰਿਆ। ਇਸ ਵਿਚਾਰ ਨੂੰ ਪ੍ਰੋ. ਕਿਸਨ ਸਿੰਘ ਇਸ ਤਰਾਂ ਦੇਖਦੇ ਹਨ, ''ਜ਼ਾਹਿਰ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਗੁਰਬਾਣੀ ਦੇ ਦਸੇ ਰਾਹੋਂ ਕੁਰਾਹੇ ਨਹੀਂ ਪਈ। ਕਾਬਜ਼ ਨਿਜ਼ਾਮ ਮਾਇਆ ਦਾ ਸੀ। ਗੁਰੂ ਸਾਹਿਬਾਨ ਦੀ ਅਗਵਾਈ ਹੇਠ, ਗੁਰਬਾਣੀ ਦੀ ਸਿਰਜੀ ਸਿਖ ਲਹਿਰ ਕਾਬਜ਼ ਨਿਜ਼ਾਮ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ। ਲਹਿਰ ਆਪਣਾ ਅਸਲਾ ਗੁਆਏ ਬਗੈਰ, ਕਾਬਜ਼ ਸਟੇਟ ਦੇ ਵਿਰੁਧ ਮੈਦਾਨ ਵਿਚ ਆਉਣੋਂ ਰਹਿ ਹੀ ਨਹੀਂ ਸਕਦੀ। ਮਨੁੱਖ ਦੇ ਦਵਾਲਿਉਂ ਮਾਇਆ ਦੇ ਬੰਧਨ ਦੇ ਟੁਟਣ ਦਾ ਅਰਥ ਹੀ ਮਨੁੱਖ ਦੀ, ਸਰਬਤ ਦੀ ਆਰਥਕ, ਸਿਆਸੀ , ਸਮਾਜਕ ਮਨੁੱਖੀ ਖੇਤਰ ਵਿਚ ਪੂਰਨ ਆਜ਼ਾਦੀ ਹੈ।'' ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਧਾਰਨ ਕਰਨੀਆਂ ਰਾਜਨੀਤਕ ਮੁਕਤੀ ਦਾ ਪ੍ਰਗਟਾਅ ਸੀ। ਪ੍ਰੋ. ਕਿਸਨ ਸਿੰਘ ਮਨੁੱਖ ਉੱਤੇ ਗੁਲਾਮੀ ਦੇ ਨਰਕ ਦੀ ਬੁਨਿਆਦ ਮਾਇਆਵਈ ਨਿਜ਼ਾਮ ਨੂੰ ਮੰਨਦੇ ਹਨ। ਪ੍ਰੋ. ਕਿਸਨ ਸਿੰਘ ਅਨੁਸਾਰ

''ਗੁਰਬਾਣੀ ਕਾਬਜ਼ ਨਿਜ਼ਾਮ ਦੀ ਕਰੜੀ ਆਲੋਚਨਾ ਹੀ ਨਹੀਂ ਕਰਦੀ; ਉਸ ਦੀ ਅਸਲੀਅਤ ਦਾ ਕਰੀਟੀਕ ਵੀ ਦੇਂਦੀ ਹੈ, ਮਨੁੱਖ ਦੀ ਆਜਾਦੀ ਦਾ ਰਾਹ ਦਿਖਾਉਂਦੀ ਹੈ, ਉਸ ਦੀ ਪ੍ਰਾਪਤੀ ਦਾ ਸੰਦ ਬੰਦੇ ਦੇ ਹੱਥ ਫੜਾਉਂਦੀ ਹੈ। ਗੁਰਬਾਣੀ ਸਰਬੱਤ ਦੀ ਆਜਾਦੀ ਦਾ ਮਸਲਾ ਉਠਾਉਂਦੀ ਹੈ, ਅਤੇ ਸਿਖ ਲਹਿਰ ਨੇ ਇਸ ਆਜਾਦੀ ਵਾਸਤੇ ਵਿਚਾਰਧਾਰਕ ਤਿਆਰੀ ਕਰਵਾ ਕੇ, ਕਰਵਾਉਂਦੀ ਨੇ ਅੰਤ ਹਥਿਆਰਬੰਦ ਜਦੋ-ਜਹਿਦ (ਬਾਬਾ ਬੰਦਾ ਸਿੰਘ ਬਹਾਦਰ) ਕੀਤੀ ਅਤੇ ਕਾਬਜ਼ ਸਟੇਟ ਨੂੰ ਢਾਹਿਆ।''

**5.8.3 ਧਾਰਮਿਕ ਪਰਿਪੇਖ:** ਮੁਕਤੀ ਦੇ ਧਾਰਮਿਕ ਪਰਿਪੇਖ ਤੋਂ ਭਾਵ ਧਰਮ ਤੋਂ ਮੁਕਤੀ ਨਹੀਂ ਬਲਕਿ ਧਰਮ ਦੇ ਦੰਭ, ਪਾਖੰਡ, ਜਾਂ ਫੋਕਟ ਕਰਮ-ਕਾਡਾਂ ਤੋਂ ਮੁਕਤੀ ਹੈ। ਡਾ. ਹਰਦੇਵ ਸਿੰਘ ਵਿਰਕ ਆਪਣੇ ਲੇਖ 'ਮਨੁੱਖ ਅਤੇ ਮੁਕਤੀ' (Man and His Liberation) ਵਿਚ ਲਿਖਦੇ ਹਨ ਕਿ ''ਗੁਰੂ ਨਾਨਕ ਦੇਵ ਜੀ ਮੁਕਤੀ ਪ੍ਰਾਪਤ ਕਰਨ ਲਈ ਕਰਮ-ਧਰਮ ਦੇ ਪੁਰਾਣੇ ਚੱਕਰ ਵਿਚੋਂ ਕੱਢ ਕੇ ਮਨੁੱਖ ਲਈ ਸ਼ਬਦ ਗੁਰੂ ਦਾ ਸਿਧਾਂਤ ਸਥਾਪਿਤ ਕਰਦੇ ਹਨ। ਕਰਮ-ਕਾਂਡ ਅਤੇ ਗਿਆਨ-ਕਾਂਡ ਵਰਗੇ ਖੁਸ਼ਕ ਫਿਲਸਫੇ ਦੀ ਜਗ੍ਹਾ ਰਾਜ-ਯੋਗ ਜਾਂ ਸਹਿਜ-ਯੋਗ (ਜਿਸ ਨੂੰ ਨਾਮਯੋਗ ਵੀ ਕਹਿੰਦੇ ਹਨ) ਦਾ ਜੀਵਨ-ਮਾਰਗ ਦਰਸਾਇਆ।''

ਕਰਮ ਧਰਮ ਕਰਿ ਮੁਕਤਿ ਮੰਗਾਹੀ॥

ਮੁਕਤਿ ਪਦਾਰਥੁ ਸਬਦਿ ਸਲਾਹੀ॥

ਬਿਨੁ ਗੁਰ ਸਬਦੈ ਮੁਕਤਿ ਨ ਹੋਇ, ਪਰਪੰਚੁ ਕਰਿ ਭਰਮਾਈ ਹੇ॥ (ਗੁ.ਗ੍ਰੰ.ਸਾ. 1028)

ਆਸਾ ਕੀ ਵਾਰ ਵਿਚ ਸੂਤਕ ਅਤੇ ਜਨੇਊ ਸੰਬੰਧੀ ਮਿਲਦੇ ਵਿਚਾਰ ਇਨ੍ਹਾਂ ਧਾਰਮਿਕ ਰੀਤਾਂ-ਰਸਮਾਂ ਤੋਂ ਮੁਕਤੀ ਦਾ ਪ੍ਰਤੀਕ ਹਨ।

ਗੁਰੂ ਸਾਹਿਬਾਨ ਦੁਆਰਾ ਜ਼ਬਰੀ ਧਰਮ ਤਬਦੀਲੀ ਦੀਆਂ ਅਣਮਨੁੱਖੀ ਗਤੀਵਿਧੀਆਂ ਨੂੰ ਸਿਰੇ ਤੋਂ ਨਕਾਰਿਆ ਗਿਆ ਹੈ। ਇਸ ਸਿਧਾਂਤ ਦੀ ਰਾਖੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਕੀਤੀ।

**5.8.4 ਮਾਨਸਿਕ ਪਰਿਪੇਖ:** ਮੁਕਤੀ ਦੇ ਮਾਨਸਿਕ ਪਰਿਪੇਖ ਤੋਂ ਭਾਵ ਹੈ, ਮਾਨਸਿਕ ਪੱਧਰ ਦੇ ਵਿਸ਼ੇ-ਵਿਕਾਰਾਂ, ਚਿੰਤਾਵਾਂ, ਝੋਰਿਆਂ ਤੋਂ ਮੁਕਤੀ। ਗੁਰੂ, ਸ਼ਬਦ ਰਾਹੀਂ ਮਨੁੱਖ ਨੂੰ ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ।

ਸਤਿਗੁਰੁ ਸਿਖ ਕੇ ਬੰਧਨ ਕਾਟੈ ॥

ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ (ਗੁ.ਗ੍ਰੰ.ਸਾ. 286)

ਵਿਸ਼ੇ ਵਿਕਾਰ ਆਤਮਕ ਉੱਨਤੀ ਦੇ ਰਾਹ ਵਿਚ ਅੜਚਣ ਪਾਉਂਦੇ ਹਨ। ਗੁਰਸ਼ਬਦ ਰਾਹੀਂ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਤੋਂ ਮੁਕਤੀ ਮਿਲ ਜਾਂਦੀ ਹੈ। ਅਸਲ ਇਹ ਮੁਕਤੀ ਇਨ੍ਹਾਂ ਪੰਜ ਸ਼ਕਤੀਆਂ ਦੇ ਰੂਪ ਬਦਲਣ ਦੇ ਅਰਥਾਂ ਵਿਚ ਵਾਪਰਦੀ ਹੈ। ਜਿਵੇਂ: ਕਾਮ ਜਗਤ ਸਿਰਜਣ ਵਿਚ ਤਬਦੀਲ ਹੋ ਜਾਂਦਾ ਹੈ, ਕਰੋਧ ਸ੍ਵੈਮਾਨ ਦੇ ਰੂਪ ਵਿਚ ਥਾਂ ਲੈ ਲੈਂਦਾ ਹੈ।

**5.8.5 ਆਤਮਕ ਪਰਿਪੇਖ**: ਆਤਮਕ ਪਰਿਪੇਖ ਤੋਂ ਭਾਵ ਆਤਮਾ ਦੇ ਕਲਿਆਣ ਤੋਂ ਹੈ। ਆਤਮਾ ਨੂੰ ਪ੍ਰਮਾਤਮਾ ਦੀ ਅੰਸ਼ ਕਿਹਾ ਗਿਆ ਹੈ। ਭਗਤ ਕਬੀਰ ਜੀ ਆਤਮਾ ਨੂੰ ਆਪਣੇ ਸ਼ਬਦ ਵਿਚ ਬਾਖੂਬੀ ਬਿਆਨ ਕਰਦੇ ਹਨ। ਭਗਤ ਜੀ ਅਨੁਸਾਰ ਆਤਮਾ ਨਾ ਮਨੁੱਖ ਹੈ ਨਾ ਹੀ ਦੇਵਤਾ। ਇਸਦਾ ਨਿਵਾਸ ਸਰੀਰ ਰੂਪੀ ਮੰਦਰ ਵਿਚ ਹੈ। ਇਸਨੂੰ ਪਰਮਾਤਮਾ ਦਾ ਹੀ ਰੂਪ (ਅੰਸ) ਮੰਨਿਆ ਗਿਆ ਹੈ। ਸਰੀਰ ਮਰ ਜਾਂਦਾ ਹੈ। ਪਰ ਆਤਮਾ ਨਹੀਂ। ਆਤਮਾ ਅਮਰ ਹੈ।

ਗੋਂਡ ॥
ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥
ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥
ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥
ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥
ਨਾ ਇਸੁ ਪਿੰਡੁ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥
ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥
ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥
ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥ (ਗੁ.ਗ੍ਰੰ.ਸਾ. 871)

ਆਤਮਾ ਆਵਾਗਵਨ ਦੇ ਚੱਕਰ ਵਿਚ ਘੁੰਮਦੀ ਹੈ। ਇਸ ਆਵਾਗਵਨ ਦੇ ਚੱਕਰ ਤੋਂ ਮੁਕਤੀ ਹੀ ਆਤਮਕ ਕਲਿਆਣ ਹੈ। ਇਸ ਸਿਧਾਂਤ ਅਨੁਸਾਰ ਜੀਵ-ਆਤਮਾ ਕਈ ਜੂਨਾਂ ਤੋਂ ਹੁੰਦੀ ਹੋਈ, ਮਨੁੱਖਾ ਸਰੀਰ ਧਾਰਨ ਕਰਦੀ ਹੈ। ਗੁਰੂ ਅਰਜਨ ਦੇਵ ਜੀ ਇਸ ਵਿਚਾਰ ਨੂੰ ਗਉੜੀ ਰਾਗ ਵਿਚ ਵੱਖ-ਵੱਖ ਜੂਨਾਂ ਦੇ ਵੇਰਵੇ ਦੇ ਕੇ ਸਪਸ਼ਟ ਕਰਦੇ ਹਨ।

ਗਉੜੀ ਗੁਆਰੇਰੀ ਮਹਲਾ ੫ ॥
ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥
ਕਈ ਜਨਮ ਸੈਲ ਗਿਰਿ ਕਰਿਆ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥

ਸਾਧਸੰਗਿ ਭਇਓ ਜਨਮੁ ਪਰਾਪਤਿ ॥

ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ (ਗੁ.ਗ੍ਰੰ.ਸਾ. 176)

ਗੁਰਮਤਿ ਵਿਚ ਮਨੁੱਖਾ ਜਨਮ ਨੂੰ ਦੁਰਲੱਭ ਦੱਸਿਆ ਗਿਆ ਹੈ। ਇਹ ਵਾਰ-ਵਾਰ ਨਹੀਂ ਮਿਲਦਾ। ਭਗਤ ਕਬੀਰ ਜੀ ਨੇ ਇਸਨੂੰ ਫਲ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ। ਜਿਵੇਂ ਫਲ ਇਕ ਵਾਰ ਟਾਹਣੀ ਨਾਲੋਂ ਟੁੱਟਣ ਉੱਤੇ ਦੁਬਾਰ ਨਹੀਂ ਜੁੜਦਾ, ਇਸੇ ਤਰਾਂ ਮਨੁੱਖਾ ਸਰੀਰ ਵਾਰ-ਵਾਰ ਨਹੀਂ ਮਿਲਦਾ। ਇਹ ਪ੍ਰਮਾਤਮਾ ਨੂੰ ਮਿਲਣ ਦੀ ਵਾਰੀ (Turn) ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ (ਗੁ.ਗ੍ਰੰ.ਸਾ. 378)

**5.9 ਮੁਕਤੀ ਦੇ ਸਾਧਨ:**

ਮੁਕਤੀ ਦੇ ਸਾਧਨਾ ਤੋਂ ਭਾਵ ਹੈ 'ਮੁਕਤ ਹੋਣ ਦੇ ਤਰੀਕੇ ਜਾਂ ਜੁਗਤਾਂ'। ਸਿਖ ਧਰਮ ਵਿਚ ਮੁਕਤ ਹੋਣ ਦੇ ਅਨੇਕਾਂ ਸਾਧਨ ਬਿਆਨ ਕੀਤੇ ਗਏ ਹਨ। ਇਥੇ ਅਸੀਂ ਕੁਝ ਨੁਕਤਿਆਂ ਨੂੰ ਸਮਝਣ ਦਾ ਯਤਨ ਕਰਾਂਗੇ:

5.9.1 ਤਿੰਨ ਸਿਧਾਂਤ

5.9.2 ਗੁਰੂ

5.9.3 ਗਿਆਨ

5.9.4 ਧਰਮ ਯੁੱਧ

5.9.5 ਸਾਧਸੰਗਤਿ

**5.9.1 ਤਿੰਨ ਸਿਧਾਂਤ:** ਤਿੰਨ ਸਿਧਾਤਾਂ ਤੋਂ ਇਥੇ ਭਾਵ ਹੈ, ਗੁਰੂ ਸਾਹਿਬਾਨ ਦੁਆਰਾ ਬਖਸ਼ੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸਿਧਾਂਤ। ਇਹ ਤਿੰਨੇ ਸਿਧਾਂਤ ਮਨੁੱਖ ਆਜਾਦੀ/ਮੁਕਤੀ ਦੇ ਮੁੱਖ ਰੂਪ ਵਿਚ ਸਰੋਤ ਬਣੇ ਹਨ। ਮਨੁੱਖੀ ਕਿਰਤ ਨੇ ਆਦਿ ਕਾਲ ਤੋਂ ਹੁਣ ਤੱਕ ਮਨੁੱਖ ਦੀ ਆਜਾਦੀ ਵੱਖ-ਵੱਖ ਰਾਹ ਖੋਲੇ ਹਨ। ਕਿਰਤ ਤੋਂ ਵਿਛੁੰਨਾ ਮਨੁੱਖ ਆਲਸੀ, ਦਲਿੱਦਰੀ, ਨਖੱਟੂ ਕਿਸਮ ਦਾ ਬਣ ਜਾਂਦਾ ਹੈ, ਜਿਸ ਨਾਲ ਉਹ ਸਪਸ਼ਟ ਜਾਂ ਅਸਪਸ਼ਟ ਰੂਪ ਵਿਚ ਗੁਲਾਮੀ ਹੰਢਾਉਂਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਅਜਿਹੇ ਮਨੁੱਖ ਨੂੰ ਲਾਹਣਤਾਂ ਪਾਈਆਂ ਹਨ।

ਗਿਆਨ ਵਿਹੂਣਾ ਗਾਵੈ ਗੀਤ ॥

ਭੁਖੇ ਮੁਲਾਂ ਘਰੇ ਮਸੀਤਿ ॥

ਮਖਟੂ ਹੋਇ ਕੈ ਕੰਨ ਪੜਾਏ ॥

ਫਕਰੁ ਕਰੇ ਹੋਰੁ ਜਾਤਿ ਗਵਾਏ ॥

ਗੁਰੁ ਪੀਰ ਸਦਾਏ ਮੰਗਣ ਜਾਇ ॥

ਤਾ ਕੈ ਮੂਲਿ ਨ ਲਗੀਐ ਪਾਇ ॥

ਘਾਲਿ ਖਾਇ ਕਿਛੁ ਹਥਹੁ ਦੇਇ ॥

ਨਾਨਕ ਰਾਹੁ ਪਛਾਣਹਿ ਸੇਇ ॥ (ਗੁ.ਗ੍ਰੰ.ਸਾ. 1245)

ਨਾਮ ਮਨੁੱਖ ਦੇ ਮਨ ਵਿਚ ਵਿਕਾਰਾਂ ਦੀ ਮੈਲ ਦੂਰ ਕਰਦਾ ਹੈ। ਜਿਸ ਨਾਲ ਮਨੁੱਖ ਆਤਮਕ ਮੁਕਤੀ ਹਾਸਿਲ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਰਾਮਕਲੀ ਰਾਗ ਵਿਚ ਇਕ ਸਵਾਲ ਕਰਦੇ ਹਨ। ਗੁਰੂ ਜੀ ਨੇ ਕਿਹਾ ਹੈ ਕਿ ਸੰਸਾਰ ਵਿਚ ਰਹਿ ਕੇ ਮੁਕਤ ਅਵਸਥਾ ਪ੍ਰਾਪਤ ਕਰਨ ਲਈ ਕੀ ਜਪਿਆ ਜਾਵੇ? ਇਸਦੇ ਉਤਰ ਵਜੋਂ ਉਸੇ ਸ਼ਬਦ ਵਿਚ ਲਿਖਦੇ ਹਨ ਕਿ ਦਿਨ ਰਾਤ ਅਕਾਲ ਪੁਰਖ ਦੀ ਰਜਾ ਵਿਚ ਰਹਿਣ ਨਾਲ ਮੁਕਤ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

**ਸਵਾਲ**: ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ॥

**ਉਤਰ**: ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ॥ (ਗੁ.ਗ੍ਰੰ.ਸਾ. 902)

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥ (ਗੁ.ਗ੍ਰੰ.ਸਾ. 735)

ਸਿਖ ਧਰਮ ਵਿਚ ਮੁਕਤੀ ਦਾਤਾ ਗੁਰੂ ਅਤੇ ਪ੍ਰਮਾਤਮਾ ਹੈ। ਭਗਤ ਕਬੀਰ ਜੀ ਨੇ ਪ੍ਰਮਾਤਮਾ ਨੂੰ ਮੁਕਤੀ ਦਾਤਾ ਆਖਿਆ ਹੈ।

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥

ਰਾਮੁ ਜੁ ਦਾਤਾ ਮੁਕਤਿ ਕੋ ਸਤੁ ਜਪਾਵੈ ਨਾਮੁ॥ (ਗੁ.ਗ੍ਰੰ.ਸਾ. 1364)

ਗੁਰੂ ਸਾਹਿਬ ਦੁਆਰਾ ਬਖਸ਼ਿਆ ਵੰਡ ਛਕੋ ਸਿਧਾਂਤ ਮਨੁੱਖ ਦੇ ਅੰਦਰ ਵੰਡ ਕੇ ਛਕਣ ਦੀ ਭਾਵਨਾ ਪੈਦਾ ਕਰਦਾ ਹੈ। ਜਿਸ ਨਾਲ ਆਪਸੀ ਭਾਵਨਾ ਅਤੇ ਸਤਿਕਾਰ ਬਰਕਰਾਰ ਰਹਿੰਦਾ ਹੈ। ਇਹ ਭਾਵਨਾ ਕਿਸੇ ਨੂੰ ਦੇਣ ਨਹੀਂ ਸਗੋਂ ਵੰਡ ਕੇ ਖਾਣ ਨੂੰ ਅਭਿਵਿਅਕਤ ਕਰਦੀ ਹੈ।

**5.9.2 ਗੁਰੂ**: ਗੁਰਬਾਣੀ ਗੁਰੂ ਨੂੰ ਮੁਕਤੀ ਦਾਤਾ ਬਿਆਨਦੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਗੁਰੂ ਵਿਚ ਮਨੁੱਖਾਂ ਨੂੰ ਦੇਵਤਿਆਂ ਵਾਲੇ ਗੁਣ ਬਖਸ਼ਣ ਦੀ ਸਮਰੱਥਾ ਹੈ। ਗੁਰੂ ਅੰਗਦ ਦੇਵ ਜੀ ਅਨੁਸਾਰ ਗੁਰੂ ਗਿਆਨ ਦਾ ਸੋਮਾ ਹੈ।

ਸਲੋਕੁ ਮਃ ੧ ॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਮਹਲਾ ੨ ॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ (ਗੁ.ਗ੍ਰੰ.ਸਾ. 463)

ਭੱਟ ਨਲ੍ਹ ਜੀ ਨੇ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ ਸਵਈਆ ਉਚਾਰਦਿਆਂ ਲਿਖਿਆ ਹੈ ਕਿ ਗੁਰੂ ਤੋਂ ਬਿਨਾ ਅਗਿਆਨਤਾ ਦਾ ਹਨੇਰਾ ਛਾਇਆ ਰਹਿੰਦਾ ਹੈ। ਗੁਰੂ ਤੋਂ ਬਿਨਾ ਮਨੁੱਖ ਨੂੰ ਸਮਝ ਨਹੀਂ ਆਉਂਦੀ। ਸੁਰਤਿ, ਸਿਧ ਅਤੇ ਮੁਕਤੀ ਗੁਰੂ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥

ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ (ਗੁ.ਗ੍ਰੰ.ਸਾ. 1399)

ਭਾਈ ਗੁਰਦਾਸ ਜੀ ਨੇ ਆਪਣੀ 36ਵੀ ਵਾਰ ਦੀ 16ਵੀ ਪਉੜੀ ਵਿਚ ਵਿਅੰਗਾਤਮਕ ਢੰਗ ਨਾਲ ਗੁਰੂ ਤੋਂ ਬਿਨਾ ਮੁਕਤੀ ਪ੍ਰਾਪਤੀ ਦੇ ਸਾਧਨਾਂ ਨੂੰ ਨਿਸਫਲ ਦੱਸਿਆ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚੂਹਿਆਂ ਨੇ ਘੜਿਆਲ ਬਨਵਾਇਆ ਕਿ ਬਿੱਲੀ ਦੇ ਗਲ ਪਾ ਦੇਈਏ, ਤਾਂ ਜਦ ਉਹ ਆਵੇ ਸਾਨੂੰ ਪਤਾ ਲੱਗ ਜਾਵੇ ਕਿ ਬਿੱਲੀ ਆ ਰਹੀ ਹੈ। ਪਰ ਇਹ ਗੱਲ ਅਸੰਭਵ ਹੈ, ਚੂਹੇ ਕਰ ਨਹੀਂ ਸਕਦੇ। ਦੂਜਾ ਮੱਖੀਆਂ ਨੇ ਸਲਾਹ ਕੀਤੀ ਕਿ ਘਿਉ ਵਿਚ ਇਸ਼ਨਾਨ ਕਰੀਏ (ਇਹ ਵੀ ਅਸੰਭਵ ਹੈ)। ਕੀੜਿਆਂ ਨੇ ਸਲਾਹ ਕੀਤੀ ਕਿ ਸੂਤਕ ਲਾਹੀਏ ਪਰ ਉਨ੍ਹਾਂ ਦਾ ਸੂਤਕ ਨਹੀਂ ਲਹਿੰਦਾ, ਕਿਉਂਕਿ ਉਹ ਪਲ ਪਲ ਪਿਛੋਂ ਮਰਦੇ ਹਨ। ਸਾਵਣ ਮਹੀਨੇ ਵਿਚ ਆਈਆਂ ਭੰਬੀਰੀਆਂ ਤੇ ਭੰਬਟ ਥੋੜੇ ਸਮੇਂ ਵਿਚ ਮਰ ਜਾਂਦੇ ਹਨ, ਲੰਮਾ ਸਮਾਂ ਨਹੀਂ ਰਹਿ ਸਕਦੇ। ਵੈਸਾਖ ਮਹੀਨੇ ਵਿਚ ਜਿਵੇਂ ਕੂੰਜਾਂ ਪਰਾਈਆਂ ਜੂਹਾਂ ਵਿਚ ਬੈਠਦੀਆਂ ਹਨ, ਸਦਾ ਉਨ੍ਹਾਂ ਨੂੰ ਇਕ ਥਾਂ ਟਿਕਾਇਆ ਨਹੀਂ ਜਾ ਸਕਦਾ। ਇਸੇ ਤਰਾਂ ਅਸੰਭਵ ਹੈ, ਗੁਰੂ ਤੋਂ ਬਿਨਾ ਮੁਕਤੀ। ਅਤੇ ਗੁਰੂ ਤੋਂ ਬਿਨਾ ਆਵਾਗਵਨ ਵੀ ਮਿਟਦਾ ਨਹੀਂ।

ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ॥

ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ॥

ਸੂਤਕੁ ਲਹੈ ਨ ਕੀੜਿਆਂ ਕਿਉ ਝਥੁ ਲੰਘਾਈਐ॥

ਸਾਵਣਿ ਰਹਣ ਭੰਬੀਰੀਆਂ ਜੇ ਪਾਰਿ ਵਸਾਈਐ॥

ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ॥

ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ॥16॥

**5.9.3 ਗਿਆਨ:** ਗੁਰਗਿਆਨ ਰਾਹੀਂ ਮਨੁੱਖ ਦੀ ਮੁਕਤੀ ਦਾ ਰਾਹ ਗੁਰਬਾਣੀ ਵਿਚ ਦਰਸਾਇਆ ਗਿਆ ਹੈ। ਭਗਤ ਕਬੀਰ ਜੀ ਨੇ ਅਜਿਹੀ ਅਵਸਥਾ ਨੂੰ ਆਪਣੀ ਬਾਣੀ ਵਿਚ ਗਿਆਨ ਦੀ ਹਨੇਰੀ ਆਖਿਆ ਹੈ। ਇਸ ਹਨੇਰੀ ਵਿਚ ਗੁਲਾਮੀ ਦੀਆਂ ਜੰਜੀਰਾਂ ਟੁੱਟ ਜਾਂਦੀਆਂ ਹਨ।

ਦੇਖੌ ਭਾਈ ਗਜਜਾਨ ਕੀ ਆਈ ਆਂਧੀ॥

ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ 1॥

ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥

ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥

ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥

ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥ (ਗੁ.ਗ੍ਰੰ.ਸਾ. 331)

ਗੁਰੂ ਗਿਆਨ ਬਖਸ਼ ਕੇ ਮਨੁੱਖ ਦੇ ਅੰਦਰੋਂ ਭਰਮਾਂ ਦੇ ਪਰਦੇ ਲਹਿ ਜਾਂਦੇ ਹਨ। ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਗਿਆਨਤਾ ਦੀ ਬੇੜੀ ਕੱਟੀ ਜਾਂਦੀ ਹੈ ਅਤੇ ਆਵਾਗਵਨ ਤੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਸੁ॥

ਆਵਣ ਜਾਣੁ ਰਹਿਓ॥ (ਗੁ.ਗ੍ਰੰ.ਸਾ. 1002)

**5.9.4 ਧਰਮ ਯੁੱਧ:** ਧਰਮ ਯੁੱਧ ਤੋਂ ਭਾਵ ਹੈ, ਸੱਚ ਅਤੇ ਹੱਕ ਲਈ ਲਈ ਪਰਮਾਤਮਾ ਦਾ ਆਸਰਾ ਲੈ ਕੇ ਕੀਤਾ ਯੁੱਧ। ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਅਨੁਸਾਰ, ''ਧਰਮ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਜੋ ਜੰਗ ਕੀਤਾ ਜਾਵੇ, ਜਿਸ ਯੁੱਧ ਵਿਚ ਛਲ ਕਪਟ ਅਸਤਯ ਨਾ ਵਰਤਿਆ ਜਾਵੇ ਅਤੇ ਧਰਮ ਦੇ ਨਿਯਮਾਂ ਦੀ ਰਾਖੀ ਵਾਸਤੇ ਜੋ ਯੁੱਧ ਕੀਤਾ ਜਾਵੇ।'' ਸਿਖ ਧਰਮ ਵਿਚ ਧਰਮ ਯੁੱਧ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਬਾਬਰ ਨੂੰ ਜਾਬਰ ਆਖ ਕੇ ਕਰਦੇ ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਸ਼ਾਂਤਮਈ ਸ਼ਹਾਦਤਾਂ ਦੇ ਰਾਹੀਂ ਧਰਮ ਯੁੱਧ ਵਿਚ ਜਬਰ ਦਾ ਮੁਕਾਬਲਾ ਸਬਰ ਨਾਲ, ਕਰਨ ਦੀ ਜੁਗਤ ਸਮਝਾਈ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਕੀਤੇ ਚਾਰ ਜੰਗ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ 14 ਜੰਗ ਧਰਮ ਯੁੱਧ ਸਨ। ਜਿਸਦੀ ਪ੍ਰੇਰਨਾ ਅਤੇ ਸਿਰਜੇ ਆਦਰਸ਼ ਸਦਕਾ ਸੱਚ ਅਤੇ ਮਜ਼ਲੂਮਾਂ ਦੀ ਰਾਖੀ ਲਈ ਸਿਖ ਇਤਿਹਾਸ ਵਿਚ ਸ਼ਹਾਦਤਾਂ ਦਾ ਦੌਰ ਚੱਲ ਪਿਆ। ਅਠਾਰਵੀਂ ਸਦੀ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਅੰਗਰੇਜਾਂ ਵਿਰੁੱਧ ਆਜਾਦੀ ਦੀ ਲਹਿਰ ਵਿਚ ਸਿਖਾਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀਆਂ ਰਚਨਾਵਾਂ ਖਾਸਕਰ ਚੰਡੀ ਦੀ ਵਾਰ ਯੋਧਿਆਂ ਵਿਚ ਅਜਿਹਾ ਬੀਰ ਰਸ ਭਰਦੀ ਹੈ, ਕਿ ਉਹ ਰਣ ਤੱਤੇ ਵਿਚ ਜੂਝਣ ਲਈ ਤਿਆਰ ਹੋ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਰਚਨ ਦਾ ਮਨੋਰਥ ਵੀ ਕੁਝ ਅਜਿਹਾ ਹੀ ਦਸਦੇ ਹਨ, ਕਿ ਇਹ ਬਾਣੀ ਅਸੀਂ ਯੋਧਿਆਂ ਵਿਚ ਧਰਮ ਯੁੱਧ ਦਾ ਚਾਅ ਭਰਨ ਲਈ ਲਿਖੀ ਹੈ।

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ ॥ (ਦਸਮ ਗ੍ਰੰਥ)

ਇਸ ਲਈ ਇਹ ਸਪਸ਼ਟ ਹੈ ਕਿ ਸਿਖ ਧਰਮ ਵਿਚ ਧਰਮ ਯੁੱਧ ਮੁਕਤੀ ਦੇ ਇਕ ਸਾਧਨ ਵਜੋਂ ਕਾਰਜਸ਼ੀਲ ਹੈ।

**5.9.5 ਸਾਧਸੰਗਤਿ:** ਗੁਰਮਤਿ ਵਿਚ ਸਾਧਸੰਗਤਿ/ਸਤਿਸੰਗਤਿ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੀ ਬੇੜੀ ਸਮਾਨ ਮੰਨਿਆਂ ਗਿਆ ਹੈ। ਸਿਖ ਮੁਹਾਵਰੇ ਵਿਚ 'ਗੁਰੂ ਵੀਹ ਬਿਸਵੇ ਅਤੇ ਸੰਗਤਿ ਇੱਕੀ ਬਿਸਵੇ' ਮੰਨੀ ਗਈ ਹੈ। ਸਾਧੂਆਂ/ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ ਇਕ ਇਨਸਾਨ ਦਾ ਆਤਮਿਕ ਉਧਾਰ ਹੁੰਦਾ ਹੈ। ਇਸ ਵਿਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਇਸ ਤਰਾਂ ਬਿਆਨ ਕੀਤਾ ਹੈ:

ਜਨ ਆਵਨ ਕਾ ਇਹੈ ਸੁਆਉ॥

ਜਨ ਕੈ ਸੰਗਿ ਚਿਤਿ ਆਵੈ ਨਾਉ॥

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ (ਗਉੜੀ ਸੁਖਮਨੀ ਮਹਲਾ 5)

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤ ਮਾਰਤੰਡ ਵਿਚ ਲਿਖਿਆ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਬਾਬੇ ਨਾਨਕ ਜੀ ਕਹਿਆ ਪੀਰ ਜੀ, ਖੁਦਾ ਦਾ ਯਾਦ ਕਰਨਾ, ਬਜੁਰਗਾਂ ਦੀ ਸੁਹਬਤ ਕਰਨਾ, ਖੁਦਾ ਦਾ ਖੌਫ ਦਿਲ ਅੰਦਰ ਕਰਨਾ, ਇਨ੍ਹਾਂ ਕਰਮਾਂ ਤੋਂ ਮੁਕਤਿ ਪਦਵੀ ਮਿਲੇਗੀ।

**5.10 ਸਾਰ**

ਇਸ ਪਾਠ ਵਿਚ ਅਸੀਂ ਸਿਖ ਧਰਮ ਦੇ ਸੰਦਰਭ ਵਿਚ ਮੁਕਤੀ ਨੂੰ ਬਿਆਨ ਕੀਤਾ ਹੈ। ਮੁਕਤੀ ਸ਼ਬਦ ਜਿਆਦਾਤਰ ਧਾਰਮਿਕ ਸੰਦਰਭ ਵਿਚ ਵਰਤਿਆ ਜਾਂਦਾ ਹੈ। ਸੰਸਾਰਕ ਸੰਦਰਭ ਵਿਚ ਲਿਬਰਟੀ ਜਾਂ ਫਰੀਡਮ ਸ਼ਬਦ ਵਰਤੇ ਜਾਂਦੇ ਹਨ। ਪਰ ਸਿਖ ਧਰਮ ਦਾ ਮੁਕਤੀ ਦਾ ਸੰਕਲਪ ਬਾਕੀ ਪਰੰਪਰਾਵਾਂ ਨਾਲੋਂ ਵੱਖਰਾ ਅਤੇ ਨਿਵੇਕਲਾ ਹੈ। ਸਿਖੀ ਵਿਚ ਜੀਵਨ ਮੁਕਤ ਦੀ ਧਾਰਨਾ ਨੂੰ ਵਡਿਆਇਆ ਗਿਆ ਹੈ। ਮਨੁੱਖ ਦੀ ਮੁਕਤੀ ਦਾ ਰਾਹ ਸ਼ਬਦ ਗੁਰੂ ਗਿਆਨ ਰਾਹੀਂ ਮਨੁੱਖ ਹੱਥੋਂ ਹੀ ਕਰਵਾਇਆ ਗਿਆ ਹੈ: ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ। ਜੀਵੰਤ ਮਿਸਾਲਾਂ ਰਾਹੀਂ ਧਰਤੀ ਉੱਤੇ ਇਤਿਹਾਸ ਸਿਰਜਿਆ ਗਿਆ ਹੈ। ਸਮਾਜਿਕ ਅਤੇ ਰਾਜਨੀਤਕ ਪ੍ਰਸੰਗ ਨਾਲੋਂ ਮਾਨਸਿਕ ਵਿਕਾਰਾਂ ਦੇ ਹਮਲਿਆਂ ਤੋਂ ਵਧੇਰੇ ਸੁਚੇਤ ਕੀਤਾ ਗਿਆ ਹੈ। ਜਿਹੜੇ ਕਿ ਸਮੱਸਿਆਵਾਂ ਦੀ ਮੂਲ ਜੜ੍ਹ ਬਣਦੇ ਹਨ। ਮੁਕਤੀ ਪ੍ਰਾਪਤੀ ਦੇ ਸਾਧਨ ਨੂੰ ਅਪਣਾ ਕੇ ਇਨਸਾਨ ਲੋਕ ਅਤੇ ਪਰਲੋਕ ਸੁਹੇਲਾ ਬਣਾ ਸਕਦਾ ਹੈ।

**5.11 ਹਵਾਲਾ ਪੁਸਤਕਾਂ**


- ਪ੍ਰਿੰ. ਤੇਜਾ ਸਿੰਘ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
- ਡਾ. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ.
- ਪ੍ਰੋ. ਹਰਦੇਵ ਸਿੰਘ ਵਿਰਕ, *ਸਿੱਖ ਧਰਮ ਅਤੇ ਵਿਗਿਆਨ,* ਪੰਜ ਪਾਣੀ ਪ੍ਰਕਾਸ਼ਨ, ਮੋਹਾਲੀ.
- ਪ੍ਰੋ. ਕਿਸਨ ਸਿੰਘ, *ਸਿਖ ਲਹਿਰ,* ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ.
- ਭਾਈ ਵੀਰ ਸਿੰਘ, *ਵਾਰਾਂ ਭਾਈ ਗੁਰਦਾਸ(ਸਟੀਕ),* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ.

# ONE YEAR DIPLOMA IN SIKH THEOLOGY

## SEMESTER-II

### COURSE: THEOLOGY AND SIKH THEOLOGY: NATURE AND SCOPE

### UNIT-6 FRATERNITY

**STRUCTURE**

6.0 ਉਦੇਸ਼

6.1 ਪ੍ਰਸਤਾਵਨਾ

6.2 ਭਰਾਤਰੀਭਾਵ: ਅਰਥ ਅਤੇ ਪਰਿਭਾਸ਼ਾਵਾਂ

6.3 ਭਾਰਤੀ ਸੰਵਿਧਾਨ ਵਿਚ ਭਰਾਤਰੀਭਾਵ

6.4 ਭਰਾਤਰੀਭਾਵ ਦੀ ਪਰੰਪਰਾ

6.5 ਸਿਖ ਧਰਮ ਅਨੁਸਾਰ ਭਰਾਤਰੀਭਾਵ

6.6 ਭਰਾਤਰੀਭਾਵ ਲਈ ਸਹਾਇਕ ਸਿਖ ਸੰਸਥਾਵਾਂ

6.7 ਭਾਈਚਾਰਕ ਸਾਂਝ ਦੇ ਸਿਖ ਸਿਧਾਂਤਕ ਆਧਾਰ

6.8 ਸਾਰ

6.9 ਹਵਾਲਾ ਪੁਸਤਕਾਂ

**6.0 ਉਦੇਸ਼**

ਭਰਾਤਰੀਭਾਵ ਜਾਂ ਭਰੱਪਣ ਮਾਨਵੀ ਸੂਝ ਦਾ ਵਿਸ਼ੇਸ਼ ਗੁਣ ਹੈ। ਮਨੁੱਖ ਨੂੰ ਇਕ ਸਮਾਜਿਕ ਪ੍ਰਾਣੀ ਮੰਨਿਆ ਗਿਆ ਹੈ। ਸਮਾਜ ਵਿਚ ਰਹਿਣ ਲਈ ਭਾਈਚਾਰਾ ਪ੍ਰਮੁੱਖ ਰੋਲ ਅਦਾ ਕਰਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਭਰਾਤਰੀਭਾਵ ਦੇ ਸਿਧਾਂਤ ਪ੍ਰਤੀ ਸਹੀ ਸਮਝ ਦੇਣਾ ਹੈ। ਭਰਾਤਰੀਭਾਵ ਨੂੰ ਭਾਈਚਾਰਾ ਵੀ ਆਖਿਆ ਜਾਂਦਾ ਹੈ। ਭਾਈਚਾਰਕ ਸਾਂਝ ਬਣਾਈ ਰੱਖਣੀ ਸਮਾਜਕ ਵਿਗਾਸ ਅਤੇ ਵਿਕਾਸ ਲਈ ਜਰੂਰੀ ਹੋ ਜਾਂਦੀ ਹੈ। ਇਸ ਪਾਠ ਰਾਹੀਂ ਅਕਾਦਮਿਕ ਪੱਧਰ ਉੱਪਰ ਭਰਾਤਰੀਭਾਵ ਦੇ ਸੰਕਲਪ ਨੂੰ ਵਿਚਾਰਿਆ ਜਾਵੇਗਾ। ਆਮ ਤੌਰ ਉੱਤੇ ਭਾਈਚਾਰੇ ਵਿਚ ਕਿਸੇ ਖਾਸ ਕਿੱਤੇ, ਵਰਗ, ਨਸਲ, ਜਾਂ ਇਕਸਮਾਨ ਵਿਅਕਤੀਆਂ ਦੇ ਸਮੂਹ ਨੂੰ ਰੱਖ ਲਿਆ ਜਾਂਦਾ ਹੈ, ਜਿਵੇਂ ਪੱਤਰਕਾਰ ਭਾਈਚਾਰਾ, ਹਿੰਦੂ ਭਾਈਚਾਰਾ, ਅਧਿਆਪਕ ਭਾਈਚਾਰਾ, ਪੰਜਾਬੀ ਭਾਈਚਾਰਾ ਆਦਿ। ਪਰ ਇਸ ਪਾਠ ਵਿਚ ਸਾਡਾ ਉਦੇਸ਼ ਸੰਸਾਰ ਪੱਧਰ ਉੱਪਰ ਮਨੁੱਖਤਾ ਨੂੰ ਇਕ ਇਕਾਈ ਮੰਨ ਕੇ ਵਿਸ਼ਵ ਭਾਈਚਾਰੇ ਦੀ ਗੱਲ

ਕਰਨਾ ਹੈ। ਪਾਠ ਰਾਹੀਂ ਵਿਦਿਆਰਥੀਆਂ ਨੂੰ ਸਮਾਜ ਵਿਚ ਮਿਲਦੀਆਂ ਭਰਾਤਰੀਭਾਵ ਲਈ ਸਮੱਸਿਆਵਾਂ ਤੋਂ ਜਾਣੂ ਕਰਵਾ ਕੇ, ਇਸਦੀ ਵਿਹਾਰਕਤਾ ਨੂੰ ਅਮਲੀ ਜਾਮਾ ਪਹਿਣਾਉਂਣ ਲਈ ਯਤਨ ਕਰਨ ਪ੍ਰਤੀ ਪ੍ਰੇਰਿਤ ਕੀਤਾ ਜਾਵੇਗਾ।

## 6.1 ਪ੍ਰਸਤਾਵਨਾ

ਭਰਾਤਰੀਭਾਵ 'ਵਿਸ਼ਵ ਸਦੀਵੀ ਸ਼ਾਂਤੀ' ਨੂੰ ਬਣਾਈ ਰੱਖਣ ਲਈ ਕਾਰਜਸ਼ੀਲ ਹੁੰਦਾ ਹੈ। ਵਿਸ਼ਵ ਦੇ ਵਿਭਿੰਨ ਧਰਮਾਂ, ਜਾਤਾਂ, ਨਸਲਾਂ ਅਤੇ ਵੱਖ-ਵੱਖ ਵਰਗਾਂ ਵਿਚਕਾਰ ਭਾਈਚਾਰਕ ਸਾਂਝ, ਆਪਸੀ ਸਦਭਾਵਨਾ ਨੂੰ ਕਾਇਮ ਰੱਖਣ ਵਿਚ ਮੱਦਦ ਕਰਦੀ ਹੈ। ਜਿਸ ਨਾਲ ਆਪਸੀ ਵਿਰੋਧ ਅਤੇ ਨਫਰਤ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ। ਕਿਸੇ ਇਕ ਸੰਸਥਾ ਵਿਚ ਕਾਰਜਸ਼ੀਲ ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਜੀਆਂ ਵਿਚਕਾਰ ਭਰਾਤਰੀਭਾਵ, ਸੰਸਥਾ ਦੇ ਵਿਕਾਸ ਲਈ ਜਰੂਰੀ ਹੋ ਜਾਂਦਾ ਹੈ। ਜੇਕਰ ਆਪਸੀ ਭਾਈਚਾਰਕ ਸਾਂਝ ਨਹੀਂ ਹੋਵੇਗੀ, ਤਦ ਆਪਸੀ ਨਫਰਤ ਜਾਂ ਕੱਟੜਤਾ ਨਾਲ ਭਿਆਨਕ ਨਤੀਜੇ ਨਿਕਲਣ ਦੇ ਆਸਾਰ ਬਣੇ ਰਹਿੰਦੇ ਹਨ। ਇਸ ਪਾਠ ਵਿਚ ਭਰਾਤਰੀਭਾਵ ਅਰਥ, ਪਰਿਭਾਸ਼ਾ ਅਤੇ ਇਸਨੂੰ ਭਾਰਤੀ ਸੰਵਿਧਾਨ ਅਨੁਸਾਰ ਵੇਖਿਆ ਜਾਵੇਗਾ। ਸਿਖ ਧਰਮ ਵਿਚ ਮਿਲਦੇ ਭਰਾਤਰੀਭਾਵ ਦੇ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ। ਇਸ ਲਈ ਅਸੀਂ ਗੁਰਬਾਣੀ ਅਤੇ ਪੰਰਪਰਾ ਵਿਚੋਂ ਹਵਾਲਿਆਂ ਨੂੰ ਵਰਤਾਂਗੇ।

## 6.2 ਭਰਾਤਰੀਭਾਵ: ਅਰਥ ਅਤੇ ਪਰਿਭਾਸ਼ਾਵਾਂ

ਭਰਾਤਰੀਭਾਵ ਲਈ ਅੰਗਰੇਜੀ ਭਾਸ਼ਾ ਵਿਚ Fraternity ਸ਼ਬਦ ਵਰਤਿਆ ਜਾਂਦਾ ਹੈ। ਭਰਾਤਰੀਭਾਵ ਤੋਂ ਇਲਾਵਾ ਭਰੱਪਣ ਅਤੇ ਭਾਈਚਾਰਾ ਸ਼ਬਦਾਂ ਦੀ ਵਰਤੋਂ ਇਸੇ ਸੰਦਰਭ ਵਿਚ ਕੀਤੀ ਜਾਂਦੀ ਹੈ। ਅੰਗਰੇਜੀ ਵਿਚ ਇਸ ਲਈ Brotherhood ਅਤੇ Friendship ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਭਰਾਤਰੀਭਾਵ ਕਿਸੇ ਖਾਸ ਵਰਗ ਜਾਂ ਸੰਸਥਾ ਨਾਲ ਸੰਬੰਧਿਤ ਵਿਅਕਤੀਆਂ ਵਿਚਕਾਰ ਦੋਸਤਾਨਾ ਜਾਂ ਭਾਈਚਾਰਕ ਵਿਹਾਰ ਨੂੰ ਕਿਹਾ ਜਾਂਦਾ ਹੈ। ਇਸ ਪਾਠ ਵਿਚ ਸਾਡਾ ਸੰਬੰਧ ਕਿਸੇ ਖਾਸ ਵਰਗ ਦੀ ਥਾਂ ਸਮੁੱਚੇ ਵਿਸ਼ਵ ਨੂੰ ਭਰਾਤਰੀਭਾਵ ਦੇ ਸੰਦਰਭ ਵਿਚ ਵਿਚਾਰਨਾ ਹੈ।

ਕੈਂਬਰਿਜ ਇੰਗਲਿਸ਼ ਡਿਕਸ਼ਨਰੀ ਅਨੁਸਾਰ ਵਿਚ ਭਰਾਤਰੀਭਾਵ ਨੂੰ ਵਰਗ, ਇਕੱਲਤਾ ਜਾਂ ਦੋਸਤੀ ਦੇ ਸੰਦਰਭ ਵਿਚ ਰੱਖ ਕੇ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਵਰਗ ਦੀ ਧਾਰਨਾ ਅਨੁਸਾਰ ਕਿਸੇ ਖਾਸ ਕਿੱਤੇ ਜਾਂ ਦਿਲਚਸਪੀ ਵਾਲੇ ਲੋਕਾਂ ਦੇ ਸਮੂਹ ਨੂੰ ਇਕ ਸਮਾਨ ਭਾਈਚਾਰੇ ਵਿਚ ਰੱਖ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਇੱਕ ਅਮਰੀਕੀ ਜਾਂ ਕੈਨੇਡੀਅਨ ਕਾਲਜ ਵਿੱਚ ਮਰਦ ਵਿਦਿਆਰਥੀਆਂ ਲਈ ਇੱਕ ਸਮਾਜਕ ਸੰਸਥਾ ਨੂੰ ਵੀ ਫਰੈਟਰਨਿਟੀ ਕਿਹਾ ਜਾਂਦਾ ਹੈ, ਜਾਂ ਫਿਰ ਦੋਸਤੀ ਅਤੇ ਸਹਾਇਤਾ ਦੀ ਭਾਵਨਾ ਨੂੰ ਭਰਾਤਰੀਭਾਵ ਆਖਿਆ ਜਾਂਦਾ ਹੈ।

1. Fraternity: noun (Group): A group of people who have the same job or interest:

- the legal fraternity (=lawyers)
- the criminal fraternity (=criminals)
- The racing world is a pretty close-knit fraternity.

2. Fraternity: (sing/pl verb): A social organization for male students at an American or Canadian college.
3. Fraternity noun (Friendship): A feeling of friendship and support.

ਕਾੱਲਿੰਨਜ਼ ਡਿਕਸ਼ਨਰੀ ਅਨੁਸਾਰ **F**raternity:

1. UNCOUNTABLE NOUN: Fraternity refers to friendship and support between people who feel they are closely linked to each other.

ਭਾਵ ''ਭਰੱਪਣ ਉਹਨਾਂ ਲੋਕਾਂ ਦਰਮਿਆਨ ਦੋਸਤੀ ਅਤੇ ਸਹਾਇਤਾ ਦਾ ਸੰਕੇਤ ਦਿੰਦਾ ਹੈ, ਜੋ ਮਹਿਸੂਸ ਕਰਦੇ ਹਨ ਕਿ ਉਹ ਇਕ ਦੂਜੇ ਨਾਲ ਨੇੜਲੇ ਸੰਬੰਧਾਂ ਵਿਚ ਜੁੜੇ ਹੋਏ ਹਨ।''

2. COUNTABLE NOUN: You can refer to people who have the same profession or the same interests as a particular fraternity.

ਭਾਵ ''ਭਰਾਤਰੀਭਾਵ ਵਿਚ ਬੱਝੇ ਉਨ੍ਹਾਂ ਲੋਕਾਂ ਨੂੰ ਕਿਹਾ ਜਾ ਸਕਦਾ ਹੈ, ਜਿਹੜੇ ਇਕੋ ਕਿੱਤੇ ਦੇ ਹੋਣ ਜਾਂ ਜਿਨ੍ਹਾਂ ਦੇ ਕਿਸੇ ਖਾਸ ਭਾਈਚਾਰੇ ਦੇ ਤੌਰ ਉੱਤੇ ਸਮਾਨ ਹਿੱਤ ਹੁੰਦੇ ਹਨ।''

ਸਮਾਜ ਵਿਗਿਆਨ ਦਾ ਵਿਸ਼ਾ-ਕੋਸ਼ ਅਨੁਸਾਰ, ''ਭਾਈਚਾਰਾ (Fraternity), ਭਰਾਵਾਂ ਵਾਂਗ ਇਕ ਦੂਜੇ ਦੀ ਸਹਾਇਤਾ ਕਰਨ ਵਾਲੇ, ਨਜ਼ਦੀਕੀ ਸੰਬੰਧਾਂ ਵਾਲੇ, ਇਕ ਦੂਜੇ ਨੂੰ ਸਮਝਣ ਵਾਲੇ, ਸਹਿਯੋਗੀ, ਦੋਸਤਾਨਾ ਸੰਬੰਧਾਂ ਵਾਲੇ ਲੋਕਾਂ ਦੀ ਜਥੇਬੰਦੀ। ਭਾਈਚਾਰਕ ਜਥੇਬੰਦੀਆਂ ਅਸਰਦਾਇਕ ਸਮਾਜਿਕ ਤਾਕਤਾਂ ਹੁੰਦੀਆਂ ਹਨ, ਜੋ ਸਮੁਦਾ ਦੇ ਕਮਜੋਰ ਮੈਂਬਰਾਂ ਲਈ ਕਈ ਹੱਕ ਅਤੇ ਸਹੂਲਤਾਂ ਅਤੇ ਆਪਣੇ ਲਈ ਰਾਜਨੀਤਕ ਤਾਕਤ ਵੀ ਪ੍ਰਾਪਤ ਕਰ ਲੈਂਦੀਆਂ ਹਨ। ਕਈ ਵਾਰ ਅਜਿਹੀਆਂ ਜਥੇਬੰਦੀਆਂ ਦੀਆਂ ਆਪਣੀਆਂ ਰਸਮਾਂ, ਪੁਸ਼ਾਕਾਂ, ਚਿੰਨ੍ਹ ਅਤੇ ਲੋਕਤੰਤਰੀ ਰਾਜਸੀ ਸੰਸਥਾਵਾਂ ਵੀ ਹੁੰਦੀਆਂ ਹਨ'।

## 6.3 ਭਾਰਤੀ ਸੰਵਿਧਾਨ ਵਿਚ ਭਰਾਤਰੀਭਾਵ

ਭਰਾਤਰੀਭਾਵ, ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ਼ ਚਾਰ ਮੁੱਖ ਸ਼ਬਦਾਂ (ਨਿਆਂ, ਅਜਾਦੀ, ਸਮਾਨਤਾ ਅਤੇ ਭਰਾਤਰੀਭਾਵ) ਵਿਚੋਂ ਇਕ ਹੈ। ਸੰਵਿਧਾਨ ਵਿਚ ਵਿਅਕਤੀ ਦੀ ਇੱਜ਼ਤ ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਨੂੰ ਯਕੀਨੀ ਬਣਾਉਣਾ ਭਰਾਤਰੀਭਾਵ ਸਿਰਲੇਖ ਹੇਠ ਦਰਜ਼ ਕੀਤਾ ਗਿਆ ਹੈ। ਇਹ ਭਾਈਚਾਰੇ ਦੀ ਭਾਵਨਾ ਅਤੇ ਆਪਣੇ ਦੇਸ਼ ਦੇ ਲੋਕਾਂ ਨਾਲ ਸਬੰਧ ਰੱਖਣ ਦੀ ਭਾਵਨਾ ਦਾ ਸੰਕੇਤ ਕਰਦਾ ਹੈ। ਪ੍ਰਸਤਾਵਨਾ ਇਹ ਘੋਸ਼ਿਤ ਕਰਦੀ ਹੈ ਕਿ ਭਰਾਤਰੀਭਾਵ ਨੂੰ ਦੋ ਚੀਜ਼ਾਂ ਦਾ ਭਰੋਸਾ ਦੇਣਾ ਪੈਂਦਾ ਹੈ- ਵਿਅਕਤੀ ਦੀ ਇੱਜ਼ਤ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ।

## 6.4 ਭਰਾਤਰੀਭਾਵ ਦੀ ਪਰੰਪਰਾ

ਭਰਾਤਰੀਭਾਵ ਦੀ ਧਾਰਨਾ ਸੰਸਾਰ ਦੀਆਂ ਲਗਪਗ ਸਾਰੀਆਂ ਪਰੰਪਰਾਵਾਂ ਵਿਚ ਮਿਲ ਜਾਂਦੀ ਹੈ। ਹਰ ਧਰਮ ਜਾਂ ਵਿਚਾਰਧਾਰਾ ਦੁਆਰਾ ਭਾਈਚਾਰੇ ਦੀ ਧਾਰਨਾ ਨੂੰ ਆਪਣੇ ਸਰੋਕਾਰਾਂ ਵਿਚ ਰੱਖਿਆ ਹੈ। ਸਨਾਤਨ ਪਰੰਪਰਾ ਵਿਚ

ਇਸ ਧਾਰਨਾ ਨੂੰ 'ਵਸੁਧੈਵ ਕੁਟੰਬਕਮ'/वसुधैव कुटुम्बकम् ਰਾਹੀਂ ਪ੍ਰਗਟਾਇਆ ਗਿਆ ਹੈ। ਇਸ ਦਾ ਅਰਥ ਹੈ ਕਿ ਸਮੁੱਚੀ ਧਰਤੀ ਹੀ ਇਕ ਪਰਿਵਾਰ ਹੈ। (ਵਸੁਧਾ ਕੁਟੰਬਕਮ)। ਇਹ ਵਾਕ ਭਾਰਤੀ ਸੰਸਦ ਦੇ ਪ੍ਰਵੇਸ਼ ਹਾਲ ਵਿੱਚ ਵੀ ਲਿਖਿਆ ਹੋਇਆ ਹੈ।

अयं निजः परो वेति गणना लघुचेतसाम्।

उदारचरितानां तु वसुधैव कुटुम्बकम्॥

**6.5 ਸਿਖ ਧਰਮ ਅਨੁਸਾਰ ਭਰਾਤਰੀਭਾਵ/ਭਾਈਚਾਰਕ ਸਾਂਝ**

ਸਿਖ ਧਰਮ ਵਿਚ ਭਾਈਚਾਰਕ ਸਾਂਝ ਨੂੰ ਵਿਸ਼ੇਸ਼ ਥਾਂ ਹਾਸਿਲ ਹੈ। ਇਸਦਾ ਆਧਾਰ ਗੁਰਬਾਣੀ ਬਣਦੀ ਹੈ। ਸਿਖ ਇਤਿਹਾਸ ਇਸਦੀ ਸਾਖੀ ਭਰਦਾ ਹੈ। ਸਿਖ ਧਰਮ ਦੀਆਂ ਸੰਸਥਾਵਾਂ ਜਿਵੇਂ: ਗੁਰਦੁਆਰਾ, ਸੰਗਤ, ਲੰਗਰ ਆਦਿ ਭਰਾਤਰੀਭਾਵ ਦੇ ਸੰਕਲਪ ਨੂੰ ਵਿਹਾਰਕ ਰੂਪ ਦਿੰਦੀਆਂ ਹਨ। ਇਸ ਪਾਠ ਵਿਚ ਅਸੀਂ ਉਕਤ ਧਾਰਨਾਵਾਂ ਦੇ ਆਧਾਰ ਉੱਪਰ ਇਸ ਸੰਕਲਪ ਨੂੰ ਸਮਝਣ ਦਾ ਯਤਨ ਕਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਖਾ, ਭਰਾ ਆਦਿ ਸ਼ਬਦਾਂ ਨੂੰ ਇਸ ਸੰਬੰਧੀ ਵਿਚਾਰਿਆ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਪ੍ਰਮਾਤਮਾ ਸਭ ਜੀਵਾਂ ਦਾ ਪਿਤਾ ਹੈ। ਇਸ ਆਧਾਰ ਉੱਪਰ ਸਾਰੇ ਜੀਵ ਇਕ ਦੂਜੇ ਦੇ ਭੈਣ ਭਾਈ ਹਨ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (ਗੁ.ਗ੍ਰੰ.ਸਾ. ੯੭)

ਗੁਰੂ ਅਰਜਨ ਦੇਵ ਜੀ ਮਾਝ ਰਾਗ ਵਿਚ ਸਾਝੀਵਾਲਤਾ ਦਾ ਉਪਦੇਸ਼ ਇਸ ਤਰਾਂ ਦੇ ਰਹੇ ਹਨ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਗੁ.ਗ੍ਰੰ.ਸਾ. ੯੭)

ਸਿਖ ਧਰਮ ਦਾ ਸਾਝੀਵਾਲਤਾ ਅਤੇ ਭਾਈਚਾਰੇ ਦਾ ਸੰਕਲਪ ਇਸ ਵਿਚਾਰ ਨਾਲ ਵੀ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਦਾ ਉਪਦੇਸ਼ ਕਿਸੇ ਖਾਸ ਦੇਸ, ਕਾਲ ਜਾਂ ਵਰਗ ਨਾਲ ਸੰਬੰਧਿਤ ਨਹੀਂ ਹੈ। ਬਲਕਿ ਸਾਰੀ ਮਾਨਵਤਾ ਨੂੰ ਆਪਣੀ ਬਖਸ਼ਿਸ਼ ਦਾ ਪਾਤਰ ਬਣਾਉਂਦਾ ਹੈ। ਇਸ ਵਿਚਾਰ ਦਾ ਇਲਮ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਹੁੰਦਾ ਹੈ।

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ (ਗੁ.ਗ੍ਰੰ.ਸਾ. 647)

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ (ਗੁ.ਗ੍ਰੰ.ਸਾ. 747)

ਅਸੀਂ ਇਥੇ ਮੁੱਖ ਰੂਪ ਵਿਚ ਭਾਈਚਾਰੇ ਜਾਂ ਭਰਾਤਰੀਭਾਵ ਦੀ ਵਿਚਾਰ ਨੂੰ ਸਪਸ਼ਟ ਕਰ ਰਹੇ ਹਾਂ। ਇਸਦੇ ਲਈ ਅਸੀਂ ਗੁਰਬਾਣੀ ਵਿਚੋਂ ਉਕਤ ਵਿਚਾਰ ਨਾਲ ਸੰਬੰਧਿਤ ਹਵਾਲੇ ਦੇਖਾਂਗੇ। ਗੁਰਬਾਣੀ ਵਿਚ ਭਰਾਤੀਭਾਵ ਸ਼ਬਦ ਦੀ ਵਰਤੋਂ ਨਹੀਂ ਹੋਈ ਬਲਕਿ 'ਭਰਾਤੀ' ਸ਼ਬਦ ਆਇਆ ਹੈ। ਪਰ ਇਹ ਜਿਆਦਾਤਰ ਭਟਕਣਾ ਦੇ ਅਰਥਾਂ ਵਿਚ ਆਇਆ ਹੈ। ਇਸ ਤੋਂ ਇਲਾਵਾ ਯਾਰ, ਭਰਾ, ਦੋਸਤ, ਮੀਤ, ਸਾਜਣ, ਸਖਾ, ਸੰਗੀ, ਬੰਧਪ, ਬੇਲੀ ਆਦਿ ਸ਼ਬਦ ਆਏ ਹਨ ਜਿਹੜੇ ਭਾਈਚਾਰੇ ਦੇ ਸੰਕਲਪ ਨੂੰ ਦਰਸਾਉਂਣ ਲਈ ਸਹਾਇਕ ਹੁੰਦੇ ਹਨ।

**ਯਾਰ**: ਦੋਸਤ, ਮਿਤਰ ਦਾ ਹੀ ਪ੍ਰਯਾਇ ਹੈ। ਗੁਰਬਾਣੀ ਵਿਚ ਅਕਾਲ-ਪੁਰਖ ਨੂੰ ਵੀ ਯਾਰ ਸ਼ਬਦ ਨਾਲ ਸੰਬੋਧਨ ਹੋਇਆ ਗਿਆ ਹੈ।

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ (ਗੁ.ਗ੍ਰੰ.ਸਾ. 703)

ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ (ਗੁ.ਗ੍ਰੰ.ਸਾ. 259)

**ਦੋਸਤੀ**: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋਸਤੀ ਸ਼ਬਦ 18 ਵਾਰ ਵਰਤਿਆ ਗਿਆ ਹੈ। ਭਾਈਚਾਰਕ ਸਾਂਝ ਲਈ ਦੋਸਤੀ ਇਕ ਟੂਲ ਦਾ ਕੰਮ ਕਰਦੀ ਹੈ। ਗੁਰਬਾਣੀ ਵਿਚ ਦੋਸਤੀ ਲਈ ਕਿਸੇ ਧਰਮ, ਜਾਤ ਜਾਂ ਨਸਲ ਦੇ ਆਧਾਰਿਤ ਦੋਸਤ ਚੁਣਨ ਲਈ ਹਦਾਇਤ ਨਹੀਂ ਕੀਤੀ ਗਈ ਬਲਕਿ ਮਾਨਵੀ ਗੁਣਾ ਨੂੰ ਪਹਿਲ ਦਿੱਤੀ ਗਈ ਹੈ। ਪ੍ਰਮਾਤਮਾ ਦੀ ਦੋਸਤੀ ਨੂੰ ਆਦਰਸ਼ ਸਥਾਪਿਤ ਕਰਨ ਹਿਤ ਵਰਤਿਆ ਹੈ।

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ॥ (ਗੁ.ਗ੍ਰੰ.ਸਾ. 959)

ਗੁਰਬਾਣੀ ਅਜਿਹੇ ਲੋਭੀ ਇਨਸਾਨ ਤੋਂ ਬਚਾਅ ਕਰਨ ਲਈ ਸੇਧ ਦਿੰਦੀ ਹੈ, ਜਿਹੜਾ ਆਪਣੇ ਨਿੱਜੀ ਮੁਫਾਦ ਲਈ ਦੋਸਤ ਬਣਾਉਂਦਾ ਹੈ। ਧਨ ਦੌਲਤ ਦੇ ਆਧਾਰ ਉੱਪਰ ਬਣੀ ਇਸ ਦੋਸਤੀ ਨੂੰ ਮਨਮੁੱਖਾਂ ਦੀ ਦੋਸਤੀ ਆਖਿਆ ਗਿਆ ਹੈ।

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥ (ਗੁ.ਗ੍ਰੰ.ਸਾ. 959)

ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ (ਗੁ.ਗ੍ਰੰ.ਸਾ. 755)

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ (ਗੁ.ਗ੍ਰੰ.ਸਾ. 587)

ਅਜਿਹੇ ਇਨਸਾਨ ਨਾਲ ਦੋਸਤੀ ਕਰਨ ਤੋਂ ਪਰਹੇਜ ਕਰਨਾ ਚਾਹੀਦਾ ਹੈ। ਜਿਹੜਾ ਵਿਅਕਤੀ ਪ੍ਰਮਾਤਮਾ ਦੇ ਦਰੋਂ ਘੁਥਿਆ ਗਿਆ ਹੈ।

ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥ (ਗੁ.ਗ੍ਰੰ.ਸਾ. 587)

ਗੁਰਬਾਣੀ ਵਿਚ ਔਰਤ ਨਾਲ ਵੀ ਦੋਸਤੀ ਦੇ ਸੰਕੇਤ ਦੇ ਕੇ ਕਿਸੇ ਲਿੰਗ ਆਧਾਰਿਤ ਵਿਤਕਰੇਬਾਜੀ ਨੂੰ ਰੱਦਿਆ ਗਿਆ ਹੈ।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ (ਗੁ.ਗ੍ਰੰ.ਸਾ. 473)

ਗੁਰਬਾਣੀ ਦੋਸਤੀ ਲਈ ਕਿਸੇ ਸਿਆਣੇ ਇਨਸਾਨ ਨੂੰ ਦੋਸਤ ਬਣਾਉਂਣ ਦਾ ਸੰਕੇਤ ਦਿੰਦੀ ਹੈ। ਮਨਮੁਖਾਂ ਨਾਲ ਦੋਸਤੀ ਕਰਕੇ ਇਨਸਾਨ ਨੂੰ ਅਨੇਕਾਂ ਦੁੱਖ ਸਹੇੜਣੇ ਪੈਂਦੇ ਹਨ। ਅਜਿਹੀ ਦੋਸਤੀ ਕਦੇ ਵੀ ਰਾਸ ਨਹੀਂ ਆਉਂਦੀ। ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਤੁਸੀਂ ਮਨਮੁਖ ਨਾਲ ਦੋਸਤੀ ਕਰ ਲੈਂਦੇ ਹੋਂ ਤਾਂ ਫਿਰ ਸ਼ਾਂਤੀ ਦੀ ਆਸ ਨਾ ਰੱਖੋ।

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ (ਗੁ.ਗ੍ਰੰ.ਸਾ. 474)

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ (ਗੁ.ਗ੍ਰੰ.ਸਾ. 1420)

ਭਾਈਚਾਰੇ ਵਿਚ ਮੁੱਖ ਰੂਪ ਵਿਚ ਦੋਸਤੀ ਜਾਂ ਮਿੱਤਰਤਾ ਆਧਾਰ ਬਣਦੀ ਹੈ। ਇਸ ਲਈ ਅਸੀਂ ਗੁਰਬਾਣੀ ਦੀ ਇਸ ਸੰਬੰਧੀ ਸੰਕਲਪਨਾ ਨੂੰ ਜਾਣਨ ਲਈ ਇਥੇ ਅਸੀਂ ਯਾਰ ਅਤੇ ਦੋਸਤ ਸਿਰਲੇਖ ਹੇਠ ਗੁਰਬਾਣੀ ਦੇ ਪ੍ਰਮਾਣਾ ਨੂੰ ਵਿਚਾਰਿਆ ਗਿਆ ਹੈ।

## 6.6 ਭਰਾਤਰੀਭਾਵ ਲਈ ਸਹਾਇਕ ਸਿਖ ਸੰਸਥਾਵਾਂ

ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਵਿਚ ਸਿਖ ਸੰਸਥਾਵਾਂ ਦਾ ਅਹਿਮ ਰੋਲ ਹੈ। ਇਨ੍ਹਾਂ ਸਿਖ ਸੰਸਥਾਵਾਂ ਵਿਚੋਂ ਸੰਗਤ, ਪੰਗਤ(ਲੰਗਰ), ਸਰੋਵਰ, ਗੁਰਦੁਆਰਾ, ਸੇਵਾ, ਗੁਰਮਤਾ, ਖਾਲਸਾ ਆਦਿ ਹਨ। ਉਕਤ ਸੰਸਥਾਵਾਂ ਦੇ ਸਮਾਜਕ ਸਰੋਕਾਰ ਵਧੇਰੇ ਹਨ। ਇਥੇ ਅਸੀਂ ਇਨ੍ਹਾਂ ਸੰਸਥਾਵਾਂ ਨੂੰ ਆਧਾਰ ਬਣਾ ਕੇ ਭਰਾਤਰੀਭਾਵ ਦੇ ਸਿਧਾਂਤ ਨੂੰ ਸਮਝਣ ਦਾ ਯਤਨ ਕਰਾਂਗੇ।

**6.6.1 ਸੰਗਤ:** ਸੰਗਤ ਭਰਾਤਰੀਭਾਵ ਦੀ ਸਭ ਤੋਂ ਪੁਖਤਾ ਮਿਸਾਲ ਹੈ। ਸਿਖ ਧਰਮ ਵਿਚ ਇਸਨੂੰ ਸਤਿਸੰਗਤ ਵੀ ਆਖਿਆ ਜਾਂਦਾ ਹੈ। ਵਿਆਕਰਨਕ ਆਧਾਰ ’ਤੇ ਸੰਗਤ ‘ਨਾਮ’ ਸ਼ਬਦ ਹੈ, ਜਿਸਦਾ ਅਰਥ ਹੈ: ਸਾਥ, ਇਕੱਠ, ਟੋਲੀ ਆਦਿ। ਸ਼ਸ਼ੀ ਬਾਲਾ ਅਨੁਸਾਰ ਸੰਗਤ ਸੰਸਕ੍ਰਿਤ ਭਾਸ਼ਾ ਦੇ ਸ਼ਬਦ ‘ਸੰਗਤੀ’ ਦਾ ਪੰਜਾਬੀ ਰੂਪ ਹੈ ਜਿਸ ਤੋਂ ਭਾਵ ਹੈ- ਜੱਥਾ, ਭਾਈਚਾਰਾ ਅਤੇ ਸਭਾ। ਸਿਖ ਪ੍ਰਸੰਗ ਵਿਚ ਧਾਰਮਿਕ ਇਕੱਠ ਜਿਹੜਾ ਪ੍ਰਭੂ ਉਸਤਤ ਲਈ ਇਕੱਠਾ ਹੋਇਆ ਹੋਵੇ, ਨੂੰ ਸਤਿਸੰਗਤ ਆਖਿਆ ਜਾਂਦਾ ਹੈ। ਗੁਰਬਾਣੀ ਅਨੁਸਾਰ:

ਸਤਸੰਗਤਿ ਕੈਸੀ ਜਾਣੀਐ ॥

ਜਿਥੈ ਏਕੋ ਨਾਮੁ ਵਖਾਣੀਐ ॥ (ਗੁ.ਗ੍ਰੰ.ਸਾ. 72)

ਸਿਖ ਧਰਮ ਵਿਚ ਸੰਗਤ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਉਦਭਵ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਜਿਥੇ ਵੀ ਜਾਂਦੇ ਭਾਈ ਮਰਦਾਨਾ ਜੀ ਉਨ੍ਹਾਂ ਦੇ ਨਾਲ ਹੁੰਦੇ ਸਨ। ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਅਤੇ ਕੀਰਤਨ ਸ਼ੁਰੂ ਹੋ ਜਾਂਦਾ, ਇਸ ਤਰਾਂ ਦੂਰ-ਦੂਰ ਤੋਂ ਲੋਕ ਗੁਰੂ ਨਾਨਕ ਦੇਵ ਜੀ ਦੇ ਦੁਆਲੇ ਹੋ ਜੁੜਦੇ। ਉਸ ਇਕੱਤਰ ਹੋਏ ਇਕੱਠ ਨੂੰ ਹੀ ਸੰਗਤ ਆਖਿਆ ਗਿਆ। ਸੰਗਤ ਦੀ ਪਰੰਪਰਾ ਧਰਮਸ਼ਾਲ, ਗੁਰਦੁਆਰਿਆਂ, ਡੇਰਿਆਂ ਆਦਿ ਸਿਖ ਧਾਰਮਿਕ ਅਸਥਾਨਾਂ ਉਪਰ ਨਿਭਾਏ ਜਾਣ ਦੀ ਰੀਤ ਚੱਲ ਪਈ। ਸਿਖ ਧਰਮ ਦੇ ਵਿਕਾਸ ਹੋਣ ਨਾਲ ਮਰਯਾਦਾ ਵਿਚ ਇਹ ਜਰੂਰੀ ਹੋ ਗਿਆ ਕਿ ਸੰਗਤ ਲਈ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਜਰੂਰੀ ਹੋਵੇਗੀ। ਇਸ ਤਰਾਂ ਸਮੁੱਚੀ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿਚ ਜੁੜਦੀ ਹੈ।

ਸੰਗਤ ਦਾ ਬਿਨਾ ਕਿਸੇ ਭੇਦ ਭਾਵ ਅਤੇ ਵੈਰ-ਵਿਰੋਧ ਤੋਂ ਜੁੜ ਕੇ ਬੈਠਣਾ ਆਪਸੀ ਭਾਈਚਾਰਕ ਸਾਂਝ ਪੈਦਾ ਕਰਦਾ ਹੈ। ਸੰਗਤ ਵਿਚ ਕੇਵਲ ਸਰੀਰ ਹੀ ਨਹੀਂ ਜੁੜੇ ਹੁੰਦੇ ਸਗੋਂ ਰੱਬੀ ਬਾਣੀ ਰਾਹੀਂ ਮਾਨਸਿਕ ਸਾਂਝ ਵੀ ਪੈਂਦੀ ਹੈ। ਸੰਗਤ ਵਿਚ ਵਰਤਾਇਆ ਜਾ ਰਿਹਾ ਸ਼ਬਦ ਲੰਗਰ ਰੂਹਾਂ ਵਿਚ ਆਪਸੀ ਮੁਹੱਬਤ ਦੀਆਂ ਤਰੰਗਾਂ ਛੇੜਦਾ ਹੈ। ਜਿਸ ਨਾਲ ਦੂਜਾ ਵੀ ਆਪਣਾ ਹੀ ਜਾਪਦਾ ਹੈ। ਮਨ ਵਿਚੋਂ ਵਿਸ਼ੇ ਵਿਕਾਰਾਂ ਦੀ ਖੇਪ ਲਹਿੰਦੀ ਹੈ, ਜਿਸ ਨਾਲ ਮਨ ਨਿਰਮਲ

ਹੋ ਜਾਂਦਾ ਹੈ। ਨਿਰਮਲ ਹੋਇਆ ਮਨ ਸਾਰਿਆਂ ਨੂੰ ਮੁਹੱਬਤ ਦੀਆਂ ਨਜ਼ਰਾਂ ਨਾਲ ਦੇਖਦਾ ਹੈ। ਇਸ ਲਈ ਉਸਨੂੰ ਕੋਈ ਪਰਾਇਆ ਨਹੀਂ ਜਾਪਦਾ। ਗੁਰੂ ਸਾਹਿਬ ਆਖਦੇ ਹਨ।

ਬਿਸਰਿ ਗਈ ਸਭ ਤਾਤਿ ਪਰਾਈ ॥

ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ (ਗੁ.ਗ੍ਰੰ.ਸਾ. 1299)

ਇਸ ਲਈ ਸਤਸੰਗਤਿ ਦੇ ਮਿਲਾਪ ਨੂੰ ਵੱਡੇ ਭਾਗਾਂ ਦੀ ਨਿਸ਼ਾਨੀ ਆਖਿਆ ਜਾਂਦਾ ਹੈ।

ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥ (ਗੁ.ਗ੍ਰੰ.ਸਾ. 46)

ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥ (ਗੁ.ਗ੍ਰੰ.ਸਾ. 174)

ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ (ਗੁ.ਗ੍ਰੰ.ਸਾ. 95)

**6.6.2 ਪੰਗਤ(ਲੰਗਰ):** ਲੰਗਰ ਸਿਖ ਧਰਮ ਦੀ ਮਹਾਨ ਅਤੇ ਵਿਲੱਖਣ ਸੰਸਥਾ ਹੈ। ਇਹ ਸੰਸਥਾ ਮੁੱਢ ਤੋਂ ਵਰਤਮਾਨ ਸਮੇਂ ਤੱਕ ਸਾਰਥਕ ਰੂਪ ਵਿਚ ਸਾਹਮਣੇ ਆਈ ਹੈ। ਅਸੀਂ ਇਥੇ ਜਾਣਾਗੇ ਕਿ ਲੰਗਰ ਸੰਸਥਾ ਭਰਾਤਰੀਭਾਵ ਨੂੰ ਹੰਗਾਰਾ ਦੇਣ ਵਿਚ ਕਿਵੇਂ ਸਹਾਈ ਹੁੰਦੀ ਹੈ। ਲੰਗਰ ਸੰਸਥਾ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਹੈ। ਲੰਗਰ ਵਿਚ ਸਤਿਕਾਰ ਸਹਿਤ ਸਭ ਨੂੰ ਬਿਨਾ ਜਾਤ, ਪਾਤ ਜਾਂ ਕਿਸੇ ਹੋਰ ਵਿਤਕਰੇ ਦੇ, ਭੋਜਨ ਛਕਾਇਆ ਜਾਂਦਾ ਹੈ। ਲੰਗਰ ਵਿਚ ਸਭ ਤੋਂ ਜਰੂਰੀ ਪੰਗਤ ਭਾਵ ਲਾਇਨ ਹੈ। ਇਕ ਪੰਗਤ ਵਿਚ ਨਾਲ ਜੁੜ ਬੈਠ ਕੇ ਪ੍ਰਸ਼ਾਦਾ ਛਕਿਆ ਜਾਂਦਾ ਹੈ। ਇਸ ਨਾਲ ਆਪਸੀ ਭਾਈਚਾਰੇ ਦੀ ਭਾਵਨਾ ਪੈਦਾ ਹੁੰਦੀ ਹੈ। ਲੰਗਰ ਦੀ ਸੰਸਥਾ ਗੁਰੂ ਕਾਲ ਦਾ ਆਰੰਭ ਅਤੇ ਵਿਕਾਸ ਹੋਇਆ। ਅਠਾਰਵੀਂ ਸਦੀ ਵਿਚ ਜਦੋਂ ਖਾਲਸਾ ਜੰਗਲਾਂ ਵਿਚ ਵਿਚਰ ਰਿਹਾ ਸੀ। ਕਈ ਕਈ ਦਿਨ ਵੀ ਭੁੱਖੇ ਰਹਿ ਕੇ ਗੁਜਾਰਾ ਕਰਨਾ ਪੈਂਦਾ ਸੀ। ਉਸ ਸਮੇਂ ਵੀ ਖਾਲਸਾ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਜੰਗਲ ਵਿਚ ਆਵਾਜ ਮਾਰਦਾ ਸੀ, ਤਾਂ ਕਿ ਜੇਕਰ ਕੋਈ ਹੋਰ ਭੁੱਖਾ ਹੋਵੇ ਤਾਂ ਉਹ ਵੀ ਪ੍ਰਸ਼ਾਦਾ ਛਕ ਸਕੇ। ਇਸ ਸੰਬੰਧੀ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਵਿਚੋਂ ਇਕ ਮਿਸਾਲ ਦੇਖੀ ਜਾ ਸਕਦੀ ਹੈ:

ਸਦਾਬ੍ਰਿਤ ਜੋ ਕੋਈ ਸਾਧ ਸੰਤ ਫਕੀਰ ਪਰਦੇਸੀ ਆਵੇ॥

ਸੋ ਸੀਧਾ ਭੋਜਨ ਦਿਨ ਪਹਲੇ ਗੁਰੂ ਕੇ ਘਰੋਂ ਖਾਵੇ॥

ਸੂਰਦਾਸ, ਲੰਙਾ, ਲੂਲਾ, ਬੁਢਾ ਹੀਣਾ ਅਰਥੀ ਸਿਖ ਹੋਵੇ ਕੋਈ॥

ਰੋਜ ਠਹਿਰਾਇ ਦਿਤੇ ਲਏ ਦਰਬਾਰੋਂ ਸੋਈ॥

ਹਰੁ ਮਾਈ ਬੁੱਢੀ ਠੇਰੀ ਸਿਖਣੀ ਗੁਰੂ ਕੇ ਘਰ ਦੀ ਜੋ ਹੋਵੇ॥

ਸੋਈ ਭੋਜਨ ਮਾਤਰ ਦਰਬਾਰੋਂ ਲੇਵੈ॥ (ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪੰਨਾ 184)

ਡਾ. ਬਲਵੰਤ ਸਿੰਘ ਢਿਲੋਂ ਅਨੁਸਾਰ ''ਸਿਖ ਧਰਮ ਸਿਧਾਤਾਂ ਦੇ ਸਮਾਜੀ ਪ੍ਰਗਟਾਅ ਤੇ ਸਿਖ ਪੰਥ ਦੇ ਸੰਗਠਨਾਤਮਿਕ ਢਾਂਚੇ ਨੂੰ ਕੁਸਲ ਬਣਾਉਣ ਲਈ, ਲੰਗਰ ਦੀ ਮਰਯਾਦਾ ਕਾਇਮ ਕਰਨਾ, ਵਿਹਾਰਕ ਜਰੂਰਤ ਵੀ ਸੀ। ਸਿਖ ਧਰਮ ਵਿਚ ਸੰਗਤ ਨੂੰ ਕੇਂਦਰੀ ਮਹੱਤਤਾ ਮਿਲਣ ਨਾਲ ਸਮਾਜ ਵਿਚ ਭਾਈਚਾਰਕ ਤੇ ਸਮੂਹਕ ਜੀਵਨ ਜਾਂਚ ਦੇ ਨਵੇਂ

ਰਿਸ਼ਤਿਆਂ ਲਈ ਰਾਹ ਖੁੱਲ ਗਿਆ ਸੀ। ਸਿਖ ਸੰਗਤ ਦੀ ਸ਼ਕਤੀ ਤੇ ਸਮਰੱਥਾ ਨੂੰ ਸਾਕਾਰ ਕਰਨ ਲਈ ਜਰੂਰੀ ਸੀ ਕਿ ਇਬਾਦਤ ਹੀ ਨਹੀਂ ਬਲਕਿ ਭੋਜਨ ਵੀ ਸਾਂਝੇ ਤੌਰ 'ਤੇ ਇਕੋ ਰਸੋਈ ਵਿਚ ਤਿਆਰ ਕੀਤਾ ਜਾਵੇ ਅਤੇ ਇਕੱਠਿਆਂ ਬੈਠ ਕੇ ਖਾਧਾ ਜਾਵੇ।''

21ਵੀਂ ਸਦੀ ਵਿਚ ਲੰਗਰ ਸੰਸਥਾ ਵਿਸ਼ਵ ਭਾਈਚਾਰੇ ਦੇ ਨਿਰਮਾਣ ਲਈ ਆਪਣਾ ਵਿਲੱਖਣ ਯੋਗਦਾਨ ਪਾ ਰਹੀ ਹੈ। ਖਾਲਸਾ ਏਡ ਵਰਗੀਆਂ ਸਿਖ ਸੰਸਥਾਵਾਂ ਵਿਸ਼ਵ ਦੇ ਕੋਨੇ ਕੋਨੇ ਤੱਕ ਇਸ ਸੰਸਥਾ ਰਾਹੀਂ ਮਾਨਵਤਾ ਦਾ ਭਲਾ ਕਰ ਰਹੀਆਂ ਹਨ। ਕਰੋਨਾ ਕਾਲ ਦੌਰਾਨ ਲੰਗਰ ਸੰਸਥਾ ਦੇ ਯੋਗਦਾਨ ਦੀਆਂ ਬੇਅੰਤਾਂ ਉਦਾਹਨਾ ਮਿਲਦੀਆਂ ਹਨ। ਹੁਣ ਲੰਗਰ ਦੇ ਅਰਥ ਨਾ ਕੇਵਲ ਦਾਲ, ਪ੍ਰਸ਼ਾਦਾ ਤੱਕ ਸੀਮਿਤ ਰਹੇ ਹਨ, ਬਲਕਿ ਹੋਰ ਮੁਢਲੀਆਂ ਲੋੜਾਂ ਜਿਵੇਂ ਕੱਪੜਾ, ਦਵਾਈਆਂ, ਰਾਸ਼ਣ ਆਦਿ ਨੇ ਵੀ ਲੰਗਰ ਵਿਚ ਆਪਣੀ ਥਾਂ ਲੈ ਲਈ ਹੈ।

**6.6.3 ਗੁਰਦੁਆਰਾ**: ਗੁਰਦੁਆਰਾ ਸਿਖ ਸੰਸਥਾਵਾਂ ਦਾ ਕੇਂਦਰ ਬਣਦਾ ਹੈ। ਗੁਰਦੁਆਰਾ ਦੋ ਸ਼ਬਦਾਂ ਦਾ ਸੁਮੇਲ ਹੈ। ਗੁਰ ਅਤੇ ਦੁਆਰਾ ਭਾਵ ਗੁਰੂ ਦਾ ਦਰ ਜਾਂ ਘਰ। ਗੁਰਦੁਆਰਾ ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਭਾਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਨੂੰ ਧਰਮਸਾਲ ਆਖਿਆ ਜਾਂਦਾ ਸੀ। ਪਹਿਲੀ ਧਰਮਸ਼ਾਲ ਕਰਤਾਰਪੁਰ ਵਿਖੇ ਸਥਾਪਿਤ ਕੀਤੀ ਗਈ। ਗੁਰਦੁਆਰਾ ਭਾਈਚਾਰੇ ਦਾ ਕੇਂਦਰੀ ਸਥਾਨ ਕਿਵੇਂ ਗ੍ਰਹਿਣ ਕਰਦਾ ਹੈ, ਇਸ ਤੱਥ ਦੀ ਪੁਸ਼ਟੀ ਸਾਨੂੰ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਦਰਜ਼ ਗੁਰਦੁਆਰਾ ਅੰਦਰਾਜ਼ ਤੋਂ ਹੁੰਦੀ ਹੈ। ਭਾਈ ਸਾਹਿਬ ਅਨੁਸਾਰ ਗੁਰਦੁਆਰਾ, *''ਸਿਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮਜਗਿਯਾਸਾ ਵਾਲਿਆਂ ਲਈ ਗਯਾਨਉਪਦੇਸ਼ਕ ਆਚਾਰਯ, ਰੋਗੀਆਂ ਲਈ ਸਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤ੍ਰੀ ਜਾਤੀ ਦੀ ਪਤਿ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਸਥਾਨ ਹੈ।''* ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਚਾਰ ਦਰਵਾਜੇ ਚਾਰੇ ਦਿਸ਼ਾਵਾਂ ਵਿਚੋਂ ਆਉਂਣ ਵਾਲੇ ਵੱਖ-ਵੱਖ ਜਾਤਾਂ, ਪਾਤਾਂ ਦੇ ਜਗਿਆਸੂਆਂ ਨੂੰ ਸਾਂਝੇ ਉਪਦੇਸ਼ ਦੇਣ ਦਾ ਪ੍ਰਤੀਕ ਹੈ। ਗੁਰਦੁਆਰੇ ਵਿਚ ਹੋ ਰਹੀਆਂ ਗਤੀਵਿਧੀਆਂ ਆਪਸੀ ਮਿਲਵਰਤਨ ਨੂੰ ਵਧਾਉਂਦੀਆਂ ਹਨ। ਜਿਸ ਨਾਲ ਭਾਈਚਾਰਾ ਮਜਬੂਤ ਹੁੰਦਾ ਹੈ। ਡਾ. ਵਜ਼ੀਰ ਸਿੰਘ ਅਨੁਸਾਰ, ''ਗੁਰੂ ਸਾਹਿਬ ਦੇ ਨਿਵਾਸ ਸਥਾਨ ਨੂੰ ਗੁਰਦੁਆਰੇ ਦਾ ਦਰਜ਼ਾ ਦੇ ਕੇ, ਸ਼ਰਧਾਲੂਆਂ ਨੇ ਇਕ ਨਵਾਂ ਕੇਂਦਰ ਸਥਾਪਿਤ ਕਰ ਲਿਆ, ਜਿਥੇ ਉਹ ਰਲ ਮਿਲ ਕੇ ਗੁਰੂ ਜੀ ਦੇ ਬਚਨ ਬਿਲਾਸ ਸੁਣਦੇ ਤੇ ਨੈਤਿਕ ਅਧਿਆਤਮਿਕ ਅਗਵਾਈ ਪ੍ਰਾਪਤ ਕਰਦੇ।''

**6.6.4 ਸਰੋਵਰ**: ਸਰੋਵਰ ਪਵਿੱਤਰ ਤਲਾਅ ਨੂੰ ਆਖਿਆ ਜਾਂਦਾ ਹੈ। ਸਰੋਵਰਾਂ ਦਾ ਜਿਥੇ ਅਧਿਆਤਮਿਕ ਮਹੱਤਵ ਬਣਦਾ ਹੈ ਉਥੇ ਸਮਾਜਕ ਪੱਖ ਤੋਂ ਸਰੋਵਰਾਂ ਨੇ ਸਮਾਜਕ ਭਾਈਚਾਰੇ ਨੂੰ ਮਜਬੂਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਪ੍ਰਾਚੀਨ ਜਾਂ ਮੱਧਕਾਲ ਵਿਚ ਵਰਨ ਵੰਡ ਦੇ ਆਧਾਰ ਉੱਤੇ ਕੁਝ ਨਿਮਨ ਜਾਤੀ ਦੇ ਲੋਕਾਂ ਨੂੰ ਅਧਿਕਾਰ ਨਹੀਂ ਸੀ ਕਿ ਉਹ ਕਿਸੇ ਵੀ ਜਲ-ਸ੍ਰੋਤ ਤੋਂ ਪਾਣੀ ਲੈ ਸਕਣ, ਉਨ੍ਹਾਂ ਲਈ ਖੂਹ ਆਦਿਕ ਵੱਖਰੇ ਲਗਾਏ ਜਾਂਦੇ ਸਨ। ਉਚ ਜਾਤੀ ਵਰਗ ਹਮੇਸ਼ਾਂ ਨਿਮਨ ਜਾਤੀ ਵਾਲਿਆਂ ਨਾਲ ਅਜਿਹੇ ਕਾਰਨਾਂ ਕਰਕੇ ਵਿਤਕਰਾ ਕਰਦਾ ਸੀ। ਗੁਰੂ ਸਾਹਿਬ

ਦੁਆਰਾ ਬਣਾਏ ਸਰੋਵਰਾਂ ਵਿਚ ਬਿਨਾ ਜਾਤੀ ਭੇਦਭਾਵ ਤੋਂ ਇਸਨਾਨ ਕਰਨ ਦੀ ਖੁੱਲ ਨੇ ਸਭ ਵਰਨਾ ਦੇ ਲੋਕਾਂ ਨੂੰ ਬਰਾਬਰ ਦਰਜ਼ਾ ਦਿੱਤਾ। ਇਸ ਨਾਲ ਭਾਈਚਾਰਕ ਸਾਂਝ ਅਤੇ ਭਰਾਤਰੀਭਾਵ ਮਜਬੂਤ ਹੋਇਆ।

**6.6.5 ਸੇਵਾ:** ਸੇਵਾ ਅਤੇ ਸਿਮਰਨ ਸਿਖ ਧਰਮ ਦੇ ਦੋ ਅਨਿਖੜ ਅੰਗ ਹਨ। ਹਰ ਸਿਖ ਇਹ ਸੁਭਾਗ ਸਮਝਦਾ ਹੈ ਕਿ ਉਸਨੂੰ ਕਿਸੇ ਵੀ ਤਰੀਕੇ ਕੋਈ ਵੀ ਸੇਵਾ ਕਰਨ ਦਾ ਮੌਕਾ ਮਿਲੇ। ਸੇਵਾ ਮਨ ਵਿਚੋਂ ਹਉਮੈ ਨੂੰ ਦੂਰ ਕਰਦੀ ਹੈ। ਲੰਗਰ ਵਿਚ ਸੇਵਾ ਕਰ ਰਿਹਾ ਇਨਸਾਨ ਚਾਹੇ ਉਹ ਕਰੋੜਪਤੀ ਕਿਉਂ ਨਾ ਹੋਵੇ, ਸੇਵਾਦਾਰ ਹੈ। ਉਸ ਲਈ ਜਰੂਰੀ ਹੋ ਜਾਂਦਾ ਹੈ ਕਿ ਉਹ ਲੰਗਰ ਛਕ ਰਹੇ ਹਰ ਪ੍ਰਾਣੀ ਮਾਤਰ ਨੂੰ ਬਿਨਾ ਭੇਦ ਭਾਵ ਤੋਂ ਲੰਗਰ ਛਕਾਵੇ, ਚਾਹੇ ਛਕ ਰਿਹਾ ਇਨਸਾਨ ਕਿੰਨਾ ਹੀ ਗਰੀਬ ਕਿਉਂ ਨਾ ਹੋਵੇ। ਇਸ ਨਾਲ ਸਮਾਜਕ ਸਮਾਨਤਾ ਆਉਂਦੀ ਹੈ। ਸੇਵਾ ਦੇ ਸੰਦਰਭ ਵਿਚ ਭਾਈ ਘਨਈਆ ਜੀ ਦੀ ਮਿਸਾਲ ਅਦੁੱਤੀ ਹੈ। ਜਿਨ੍ਹਾਂ ਜੰਗ ਵਿਚ ਬਿਨਾ ਵੈਰ ਦੇ ਭਾਵਨਾ ਦੇ ਹਰ ਕਿਸੇ ਸਿਪਾਹੀ ਜਾਂ ਸਿੰਘ ਨੂੰ ਪਾਣੀ ਛਕਾਇਆ, ਚਾਹੇ ਉਹ ਦੁਸ਼ਮਣ ਹੀ ਕਿਉਂ ਨਾ ਹੋਵੇ।

**6.6.6 ਦਸਵੰਧ:** ਭਾਈ ਕਾਨ੍ਹ ਸਿੰਘ ਨਾਭਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਭਾਈ ਸੰਤੋਖ ਸਿੰਘ ਜੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਦਸਵੰਧ ਦਾ ਭਾਵ ਹੈ: ਦਸ਼ਮਾਂਸ਼, ਦਸਵਾਂ ਹਿੱਸਾ

''ਜੋ ਅਪਨੀ ਕਛੁ ਕਰਹੁ ਕਮਾਈ॥
ਗੁਰੁ ਹਿਤ ਦਿਹੁ ਦਸਵੰਧ ਬਨਾਈ॥''

ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਅਤੇ ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਵਿਚ ਦਸਵੰਧ ਬਾਰੇ ਲਿਖਿਆ ਹੈ ਕਿ ਜਿਹੜਾ ਸਿਖ ਆਪਣੀ ਦਸਾਂ ਨੌਹਾਂ ਦੀ ਕਮਾਈ ਵਿਚੋਂ ਦਸਵਾਂ ਹਿੱਸਾ ਕਢਦਾ ਹੈ, ਉਹ ਹਮੇਸ਼ਾਂ ਜੱਗ ਵਿਚ ਜਸ ਖੱਟਦਾ ਹੈ।

ਦਸ ਨਖ ਕਰ ਜੋ ਕਾਰ ਕਮਾਵੈ,
ਤਾਂ ਕਰ ਜੋ ਧਨ ਘਰ ਮੇਂ ਲਿਆਵੈ॥
ਤਿਸ ਤੇ ਗੁਰ ਦਸੌਂਧ ਜੋ ਦੇਈ,
ਸਿੰਘ ਸੁਯਸ ਬਹੁ ਜਗ ਮਹਿ ਲੇਈ॥ (ਭਾਈ ਦੇਸਾ ਸਿੰਘ)

ਭਾਈ ਨੰਦ ਲਾਲ ਜੀ ਅਨੁਸਾਰ ਜਿਹੜਾ ਸਿਖ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਲਈ ਦਸਵੰਧ ਨਹੀਂ ਕਢਦਾ, ਉਸ ਸਿਖ ਦਾ ਕਦੇ ਵਿਸਾਹ ਨਹੀਂ ਕੀਤਾ ਜਾ ਸਕਦਾ।

ਦਸਵੰਧ ਗੁਰੂ ਨ ਦੇਵਹੀ,
ਝੂਠ ਬੋਲ ਜੋ ਖਾਇ॥
ਕਹੈ ਗੋਬਿੰਦ ਸਿੰਘ ਲਾਲ ਜੀ,
ਤਿਸ ਕਾ ਕਿਛ ਨ ਬਸਾਹਿ॥

ਦਸਵੰਧ ਦੀ ਸੰਸਥਾ ਨੇ ਵਿਸ਼ਵ ਦੇ ਅਨੇਕਾਂ ਪ੍ਰਾਣੀਆਂ ਨੂੰ ਰਿਜ਼ਕ ਵੰਡਿਆ ਹੈ। ਦਸਵੰਧ ਦੇ ਜ਼ਰੀਏ ਲੋੜਵੰਦਾਂ ਦੀ ਮਦਦ ਰਾਹੀਂ ਸਮਾਜ ਨੂੰ ਇਕ ਪ੍ਰੇਰਨਾ ਮਿਲਦੀ ਹੈ। ਜਿਸ ਰਾਹੀਂ ਲੋਕ ਸਮੂਹ ਇਕ ਦੂਜੇ ਦੇ ਨਜ਼ਦੀਕ ਆਉਂਦੇ ਹਨ। ਇਕ ਦੂਜੇ ਦੇ ਦੁੱਖ ਸੁੱਖ ਵਿਚ ਸਾਂਝੀਵਾਲ ਹੋਣ ਦੀ ਕਿਰਿਆ ਭਰਾਤਰੀਭਾਵ ਨੂੰ ਜਨਮ ਦਿੰਦੀ ਹੈ। ਗੁਰੂ ਸਾਹਿਬਾਨ ਦੁਆਰਾ ਦਿੱਤਾ ਦਸਵੰਧ ਦਾ ਸੰਕਲਪ ਭਾਈਚਾਰੇ ਨੂੰ ਏਕਤਾ ਦੇ ਧਾਗੇ ਵਿਚ ਪਰੋ ਦਿੰਦਾ ਹੈ।

**6.7 ਭਾਈਚਾਰਕ ਸਾਂਝ ਦੇ ਸਿਧਾਂਤਕ ਆਧਾਰ**

ਸਿਖ ਧਰਮ ਵਿਚ ਭਾਈਚਾਰਕ ਸਾਂਝ ਨੂੰ ਸਮਝਣ ਲਈ ਸਾਨੂੰ ਕੁਝ ਸਿਧਾਂਤਕ ਪੱਖਾਂ ਉੱਤੇ ਗੌਰ ਕਰਨੀ ਪੈਣੀ ਹੈ। ਸਿਖ ਧਰਮ ਵਿਚ ਮਿਲਦੇ ਇਨ੍ਹਾਂ ਵਿਚਾਰਾਂ ਨੇ ਸਿਖ ਅਮਲ ਉੱਤੇ ਡੂੰਘਾ ਪ੍ਰਭਾਵ ਛੱਡਿਆ ਹੈ। ਕਿਵੇਂ ਕੋਈ ਦੂਜੇ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਕਿਸ ਤਰਾਂ ਆਪਣੇ ਆਮਦਨ ਦਾ ਦਸਵਾਂ ਹਿੱਸਾ ਕੱਢ ਕੇ ਲੰਗਰ ਜਾਂ ਭਲਾਈ ਦੇ ਕੰਮ ਵਿਚ ਪਾਉਣ ਲਈ ਤਿਆਰ ਹੋ ਜਾਂਦਾ ਹੈ। ਇਸਨੂੰ ਸਮਝਣ ਲਈ ਸਾਨੂੰ ਸਿਖ ਧਰਮ ਦੇ ਨਿਮਨ ਲਿਖਤ ਪੱਖਾਂ ਨੂੰ ਜਾਣ ਲੈਣਾ ਜਰੂਰੀ ਹੈ। ਜਿਹੜੇ ਪੱਖ ਵਿਸ਼ਵ ਭਾਈਚਾਰੇ ਨੂੰ ਮਜਬੂਤ ਬਣਾਉਣ ਵਿਚ ਸਹਾਇਕ ਹਨ।

**6.7.1 ਧਾਰਮਿਕ ਸਹਿਹੋਂਦ:** ਸਿਖ ਧਰਮ ਗ੍ਰੰਥ ਦੀ ਇਹ ਖੂਬੀ ਪੂਰੇ ਵਿਸ਼ਵ ਨੇ ਸਵੀਕਾਰੀ ਹੈ ਕਿ ਇਹ ਸੰਪ੍ਰਦਾਇਕ ਨਹੀਂ। ਕਿਸੇ ਖਾਸ ਧਰਮ ਦੇ ਲੋਕਾਂ ਨੂੰ ਵਡਿਆਉਂਦਾ ਜਾਂ ਨਕਾਰਦਾ ਨਹੀਂ। ਬਲਕਿ ਉਨ੍ਹਾਂ ਵਿਚਲੇ ਗੁਣ ਅਤੇ ਕਮੀਆਂ ਨੂੰ ਸਾਹਮਣੇ ਰੱਖ ਕੇ ਸੰਵਾਦ ਦੀ ਪਿਰਤ ਪਾਉਂਦਾ ਹੈ। ਇਸ ਲਈ ਸਿਖੀ ਵਿਚ ਕਿਸੇ ਖਾਸ ਧਰਮ ਨੂੰ ਨਫਰਤ ਨਾਲ ਦੇਖਣ ਦੀ ਮਨਾਹੀ ਹੈ। ਇਸ ਵਿਚਾਰ ਨੂੰ ਪ੍ਰਚਲਤ ਧਾਰਨਾ ਰਾਹੀਂ ਸਮਝਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਜਨੇਊ ਨੂੰ ਪਹਿਣਨ ਤੋਂ ਮਨ੍ਹਾਂ ਕਰ ਦਿੱਤਾ ਸੀ ਉਸ ਜਨੇਊ ਦੀ ਰੱਖਿਆ ਵਾਸਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ। ਅਸਲ ਸਿਖੀ, ਧਰਮਾਂ ਵਿਚਲੇ ਮਾਨਵਤਾ ਵਿਰੋਧੀ ਅਤੇ ਵਿਅਰਥ ਫੋਕਟ ਕਰਮਾਂ ਕਾਡਾਂ ਦੀ ਆਲੋਚਨਾ ਕਰਦੀ ਹੈ ਪਰ ਹਰ ਵਿਅਕਤੀ ਨੂੰ ਅਧਿਕਾਰ ਹੈ ਕਿ ਉਹ ਆਪਣੀ ਸ਼ਰਧਾ ਜਾਂ ਪ੍ਰਤਿਸ਼ਠਾ ਨੂੰ ਕਾਇਮ ਰੱਖ ਸਕੇ। ਗੁਰੂ ਨਾਨਕ ਦੇਵ ਜੀ ਦੇ ਇਸ ਸਾਂਝੀਵਾਲਤਾ ਦੇ ਵਿਚਾਰ ਨੂੰ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ।

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।
ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸੈਤਾਨੀ ਦੁਨੀਆਂ ਗੋਈ ॥੩੩॥ (ਭਾਈ ਗੁਰਦਾਸ, ਵਾਰ ਪਹਿਲੀ)

ਉਕਤ ਪਉੜੀ ਵਿਚ ਅਸੀਂ ਦੇਖਿਆ ਕਿ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਦਸਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਵਿਖੇ ਗਏ। ਤਦ ਉਨ੍ਹਾਂ ਨੂੰ ਸਵਾਲ ਪੁੱਛਿਆ ਗਿਆ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਸਦੇ ਉੱਤਰ ਵਜੋਂ ਗੁਰੂ ਨਾਨਕ ਦੇਵ ਜੀ ਨੇ ਆਖਿਆ ਕਿ ਚੰਗੇ ਕੰਮਾਂ ਤੋਂ ਬਿਨਾ ਦੋਹੇ ਹੀ ਵਿਅਰਥ ਹਨ।

ਇਸ ਸੰਦਰਭ ਵਿਚ ਭਗਤ ਕਬੀਰ ਜੀ ਦੀ ਬਾਣੀ ਨੂੰ ਦੇਖਿਆ ਜਾ ਸਕਦਾ ਹੈ। ਭਗਤ ਜੀ ਅਨੁਸਾਰ ਸਾਰਾ ਸੰਸਾਰ ਇਕ ਅਕਾਲ ਪੁਰਖ ਦੇ ਨੂਰ ਤੋਂ ਉਤਪੰਨ ਹੋਇਆ ਹੈ। ਇਸ ਲਈ ਕੋਈ ਜਾਤੀ ਜਾਂ ਧਰਮ ਆਧਾਰਿਤ ਚੰਗਾ ਜਾਂ ਬੁਰਾ ਨਹੀਂ। ਇਹ ਤੁਕਾਂ ਭਰਾਤਰੀਭਾਵ ਨੂੰ ਹੁੰਗਾਰਾ ਦਿੰਦੀਆਂ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ (ਗੁ.ਗ੍ਰੰ.ਸਾ. 1349)

ਗੁਰੂ ਸਾਹਿਬ ਨੇ ਜੇਕਰ ਪ੍ਰਚਲਿਤ ਧਰਮਾਂ ਦੀ ਵਿਚਾਰ ਆਪਣੀ ਬਾਣੀ ਵਿਚ ਕੀਤੀ ਹੈ ਤਾਂ ਉਹ ਪ੍ਰਚਲਿਤ ਸੰਕਲਪਾਂ, ਸੰਸਥਾਵਾਂ, ਰੀਤਾਂ, ਰਸਮਾਂ ਦੇ ਅਸਲ ਅਰਥਾਂ ਨੂੰ ਉਜਾਗਰ ਕਰਨ ਹਿਤ ਕੀਤੀ ਗਈ ਹੈ। ਜਿਵੇਂ ਇਥੇ ਅਸੀਂ ਇਸਲਾਮ ਮਤ ਸੰਬੰਧੀ ਹਵਾਲੇ ਨੂੰ ਦੇਖਦੇ ਹਾਂ:

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥

ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥

ਹੋਇ ਮੁਸਲਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥ (ਗੁ.ਗੰ.ਸਾ. 141)

ਉਕਤ ਪੰਕਤੀਆਂ ਵਿਚ ਮੁਸਲਮਾਨ ਦਾ ਬਿੰਬ ਉਘਾੜਿਆ ਗਿਆ ਹੈ। ਇਥੇ ਮੁਸਲਮਾਣ ਨੂੰ ਰੱਦਿਆ ਨਹੀਂ ਗਿਆ ਬਲਕਿ ਮੁਸਲਮਾਨ ਦੇ ਅਸਲ ਅਰਥ ਦਰਸਾ ਕੇ ਤਰਜ਼-ਏ-ਜ਼ਿੰਦਗੀ ਨੂੰ ਅਸਲ ਨੇਮਾਂ ਉੱਤੇ ਚੱਲਣ ਲਈ ਪ੍ਰੇਰਿਆ ਗਿਆ ਹੈ।

**6.7.2 ਤਿੰਨ ਥੰਮ:** ਸਿਖ ਧਰਮ ਦੇ ਮੁਢਲੇ ਤਿੰਨ ਅਸੂਲ ਹਨ। ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ। ਕਿਰਤ ਨੂੰ ਸਿਖ ਧਰਮ ਵਿਚ ਵਿਸ਼ੇਸ਼ ਸਥਾਨ ਹਾਸਲ ਹੈ। ਗੁਰੂ ਸਾਹਿਬਾਨ ਦੁਆਰਾ ਦਸਾਂ ਨੌਹਾਂ ਦੀ ਕਿਰਤ ਕਰਨ ਨੂੰ ਪਹਿਲ ਦਿੱਤੀ ਹੈ। ਇਸ ਤਰਾਂ ਸਿਖ ਇਕ ਕਿਰਤੀਆਂ ਦਾ ਧਰਮ ਬਣ ਜਾਂਦਾ ਹੈ। ਗੁਰੂ ਸਾਹਿਬ ਨੇ ਘਰ ਬਾਰ ਤਿਆਰ ਕੇ ਮੰਗ ਕੇ ਖਾਣ ਦਾ ਨਿਖੇਧ ਕੀਤਾ ਹੈ।

ਸਲੋਕ ਮਃ ੧ ॥

ਗਿਆਨ ਵਿਹੂਣਾ ਗਾਵੈ ਗੀਤ ॥

ਭੁਖੇ ਮੁਲਾਂ ਘਰੇ ਮਸੀਤਿ ॥

ਮਖਟੂ ਹੋਇ ਕੈ ਕੰਨ ਪੜਾਏ ॥

ਫਕਰੁ ਕਰੇ ਹੋਰੁ ਜਾਤਿ ਗਵਾਏ ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥

ਤਾ ਕੈ ਮੂਲਿ ਨ ਲਗੀਐ ਪਾਇ ॥

ਘਾਲਿ ਖਾਇ ਕਿਛੁ ਹਥਹੁ ਦੇਇ ॥

ਨਾਨਕ ਰਾਹੁ ਪਛਾਣਹਿ ਸੇਇ ॥੧॥ (ਗੁ.ਗ੍ਰੰ.ਸਾ. 1245)

ਨਾਮ ਜਪਣਾ ਸਿਖੀ ਦਾ ਮੂਲ ਸਿਧਾਂਤ ਹੈ। 'ਨਾਮ'ਗੁਰਬਾਣੀ ਦਾ ਪ੍ਰਮੁੱਖ ਸਰੋਕਾਰ ਹੈ। ਨਾਮ ਜਪਣ ਨਾਲ ਮਨ ਨਿਰਮਲ ਹੁੰਦਾ ਹੈ। ਜਨਮਾਂ-ਜਨਮਾਂਤਰਾਂ ਦੀ ਮੈਲ ਲਹਿ ਜਾਂਦੀ ਹੈ। ਵਿਸ਼ੇ-ਵਿਕਾਰ, ਈਰਖਾ, ਦਵੈਸ਼, ਦੂਜੇ ਭਾਵ ਤੋਂ ਮੁਕਤੀ ਮਿਲਦੀ ਹੈ। ਇਸ ਲਈ ਭਾਈਚਾਰਕ ਸਹਿਹੋਂਦ ਪੈਦਾ ਕਰਦਾ ਹੈ।

ਵੰਡ ਕੇ ਛਕਣਾ ਸਮਾਨਤਾ ਅਤੇ ਭਈਚਾਰੇ ਦਾ ਪ੍ਰਤੀਕ ਹੈ। ਗੁਰੂ ਸਾਹਿਬ ''ਪਾਪਾ ਬਾਝਹੁ ਹੋਵੈ ਨਾਹੀ'' ਅਤੇ ''ਸੂਮਹਿ ਧਨ ਰਾਖਨ ਕਉ ਦੀਆ'' ਮਾਇਆ ਦੀ ਪ੍ਰੀਤ ਤੋੜਦੇ ਹਨ। ਸਿਖੀ ਸਿਧਾਂਤ ਪਦਾਰਥਾਂ ਨੂੰ ਇਕੱਤਰੀਕਰਨ ਕਰਨ ਦੀ ਥਾਂ ਵੰਡਣ ਵੱਲ ਰੁਚਿਤ ਹੈ। ਦਸਵੰਧ ਵੰਡ ਕੇ ਛਕਣ ਨੂੰ ਆਧਾਰ ਸਰੋਤ ਮੁਹੱਈਆ ਕਰਵਾਉਂਦਾ ਹੈ।

ਨਮਸਕਾਰ ਡੰਡੌਤ ਕਰ ਗੁਰ ਭਾਈ ਗਲ ਮਿਲ ਗਲ ਲਾਵੈ॥

ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇਕੇ ਭਲਾ ਮਨਾਵੈ॥ (ਭਾਈ ਗੁਰਦਾਸ)

**6.7.3 ਸਮਾਨਤਾ:** ਸਮਾਜ ਵਿਚ ਹਰ ਵਿਅਕਤੀ ਇਕ ਸਮਾਨ ਰੁਤਬੇ ਦਾ ਇਛੁਕ ਹੁੰਦਾ ਹੈ। ਮਾਨਵੀ ਅਸੂਲਾਂ ਦੇ ਮੱਦੇਨਜ਼ਰ ਹਰ ਇਕ ਨਾਲ ਇਕ ਮਨੁੱਖ ਵਾਂਗ ਵਿਵਹਾਰ ਕਰਨਾ ਬਣਦਾ ਹੈ। ਪਰ ਸਮਾਜਕ ਅਸਮਾਨਤਾਂ ਸਮਾਜਕ ਭਾਈਚਾਰੇ ਦੀ ਬਣਤਰ ਵਿਚ ਰੋਕ ਲਗਾਉਂਦੀਆਂ ਹਨ। ਸਿਖ ਧਰਮ ਵਿਚ ਸਮਾਨਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਵਿਚ ਹਰ ਕਿਸਮ ਦੇ ਭੇਦਭਾਵ ਨੂੰ ਰੱਦ ਕੀਤਾ ਗਿਆ ਹੈ। ਗੁਰਬਾਣੀ ਸਿਖ ਸਮਾਨਤਾਵਾਦੀ ਨਜ਼ਰੀਏ ਲਈ ਸਿਧਾਂਤਕ ਸਮੱਗਰੀ ਮੁਹੱਈਆ ਕਰਵਾਉਂਦੀ ਹੈ। ਸਿਖ ਸੰਸਥਾਵਾਂ ਲੋਕਤੰਤਰਿਕ ਵਿਹਾਰ ਵਾਲੀਆਂ ਸੰਸਥਾਵਾਂ ਹਨ। ਜਿਥੇ ਬਿਨਾ ਕਿਸੇ ਸਮਾਜਿਕ ਵਿਤਕਰੇ ਦੇ ਸਭ ਲਈ ਸਾਂਝੀ ਥਾਂ ਰੱਖੀ ਗਈ। ਗੁਰੂ ਗੋਬਿੰਦ ਸਿੰਘ ਦੁਆਰਾ ਸਿਰਜੇ ਖਾਲਸਾ ਪੰਥ ਵਿਚ ਬਿਨਾ ਕਿਸੇ ਜਾਤ ਪਾਤ ਦੇ ਵਿਤਕਰੇ ਦੇ ਸਾਰੇ ਸਮਾਜ ਨੂੰ ਖਾਲਸਾ ਬਣਨ ਦਾ ਸੱਦਾ ਦਿੱਤਾ ਗਿਆ। ਇਸ ਤਰਾਂ ਸਿਖ ਧਰਮ ਵਿਚ ਭਾਈਚਾਰੇ ਦੀ ਸੰਕਲਪਨਾ ਦਾ ਆਧਾਰ ਸਮਾਨਤਾ ਵੀ ਬਣਦਾ ਹੈ, ਕਿਉਂਕਿ ਜਦੋਂ ਵੀ ਕਿਸੇ ਨੂੰ ਸਮਾਨਤਾ ਦਿੱਤੀ ਜਾਂਦੀ ਹੈ। ਤਾਂ ਵਿਅਕਤੀ ਵਿਸ਼ੇਸ਼ ਦੇ ਸਵੈਮਾਨ ਵਿਚ ਵਾਧਾ ਹੁੰਦਾ ਹੈ। ਸਿਖ ਧਰਮ ਵਿਚਲਾ ਸਮਾਨਤਾ ਦਾ ਸੰਕਲਪ ਲਿੰਗਕ, ਜਾਤੀਗਤ, ਆਰਥਕ, ਨਿਆਂ ਆਦਿ ਮੂਲ ਸਰੋਕਾਰਾਂ ਨੂੰ ਆਪਣੇ ਸੰਬੋਧਿਤ ਹੁੰਦਾ ਹੈ। ਔਰਤ ਨੂੰ ਸਮਾਨਤਾ ਦਿੱਤੇ ਤੋਂ ਬਿਨਾ ਭਾਈਚਾਰੇ ਨੂੰ ਮਜਬੂਤ ਨਹੀਂ ਬਣਾਇਆ ਜਾ ਸਕਦਾ। ਗੁਰੂ ਨਾਨਕ ਦੇਵ ਜੀ ਔਰਤ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰ ਕੇ ਭਾਈਚਾਰੇ ਲਈ ਅਦਰਸ਼ ਸਥਾਪਿਤ ਕਰਦੇ ਹਨ:

ਮਃ ੧॥

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਗੁ.ਗ੍ਰੰ.ਸਾ. 473)

ਸਮਾਜ ਵਿਚਲੀ ਜਾਤੀਗਤ ਅਸਮਾਨਤਾ ਸਮਾਜ ਦੇ ਮੱਥੇ ਉੱਤੇ ਉਕਰਿਆ ਹੋਇਆ ਕਲੰਕ ਹੈ। ਜਿਹੜਾ ਸਦੀਆਂ ਤੋਂ ਵਰਤਮਾਨ ਤੱਕ ਭਾਰਤ ਵਿਚ ਬਰਕਰਾਰ ਹੈ। ਇਸਦੀ ਸ਼ੁਰੂਆਤ ਚਾਰ ਵਰਨ ਵਿਵਸਥਾ ਨਾਲ ਹੋਈ: ਬ੍ਰਹਮਣ, ਖੱਤਰੀ, ਵੈਸ਼, ਸ਼ੂਦਰ। ਗੁਰੂ ਸਾਹਿਬ ਨੇ ਜਾਤ-ਪਾਤ ਵਿਰੁੱਧ ਆਵਾਜ ਉਠਾ ਕੇ, ਸਮਾਜਿਕ ਸਮਾਨਤਾ ਦਾ ਸੰਦੇਸ਼ ਦਿੱਤਾ।

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ॥

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥ (ਅਕਾਲ ਉਸਤਿ)

ਜਾਤ-ਪਾਤ ਸੰਬੰਧੀ ਭਗਤ ਕਬੀਰ ਜੀ ਦੀ ਬਾਣੀ ਨੂੰ ਦੇਖਿਆ ਜਾ ਸਕਦਾ ਹੈ। ਭਗਤ ਕਬੀਰ ਜੀ ਜਾਤ ਅਭਿਮਾਨੀ ਇਨਸਾਨ ਨੂੰ ਸੰਬੋਧਨ ਹੋ ਕੇ ਆਖਦੇ ਹਨ। ਕਿ ਹੇ ਬ੍ਰਾਹਮਣ ਜੇ ਤੂੰ ਸਮਝਦਾ ਹੈ ਕਿ ਮੇਰੀ ਜਾਤ ਉੱਚੀ ਹੈ ਤਾਂ ਇਹ ਦੱਸ ਕੀ ਮਾਤਾ ਦੇ ਗਰਭ ਵਿਚਲੇ ਬੱਚੇ ਦੀ ਜਾਤ ਦੱਸੀ ਜਾ ਸਕਦੀ ਹੈ? ਮਾਤਾ ਦੇ ਪੇਟ ਵਿਚੋਂ ਜਿਸ ਰਸਤੇ ਤੂੰ ਆਇਆ ਹੈਂ। ਉਸੇ ਰਸਤੇ ਰਾਹੀਂ ਅਸੀਂ ਆਏ ਹਾਂ, ਜਿਨ੍ਹਾਂ ਨੂੰ ਤੂੰ ਸ਼ੂਦਰ ਆਖਦਾ ਹੈ। ਅਤੇ ਤੇਰੇ ਤੇ ਸਾਡੇ ਸਰੀਰ ਵਿਚ ਲਹੂ ਦੌੜ ਰਿਹਾ ਹੈ। ਕੀ ਤੇਰੇ ਸਰੀਰ ਵਿਚ ਦੁੱਧ ਹੈ ਜੋ ਤੂੰ ਵੱਡਾ ਜਾਂ ਉੱਚਾ ਹੋ ਗਿਆ? ਭਗਤ ਕਬੀਰ ਜੀ ਗਉੜੀ ਰਾਗ ਵਿਚ ਲਿਖਦੇ ਹਨ:

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥

ਤਉ ਆਨ ਬਾਟ ਕਾਹੇ ਨਹੀ ਆਇਆ ॥੨॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥

ਹਮ ਕਤ ਲੋਹੂ ਤੁਮ ਕਤ ਦੂਧ ॥੩॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੭॥ (ਗੁ.ਗ੍ਰੰ.ਸਾ. 324)

ਇਸ ਲਈ ਗੁਰੂ ਅਮਰਦਾਸ ਜੀ ਜਾਤ ਦੇ ਅਹੰਕਾਰੀ ਇਨਸਾਨ ਲਈ ਮੂਰਖ ਸ਼ਬਦ ਵਰਤਦੇ ਹਨ। ਅਤੇ ਜਾਤ ਅਤੇ ਵਿਕਾਰਾਂ ਦਾ ਸੰਬੰਧ ਜੋੜਦੇ ਹਨ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥
ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥ (ਗੁ.ਗ੍ਰੰ.ਸਾ. ੧੧੨੭)

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚਲੀ ਜਾਤਪਾਤ ਦੀ ਅਸਮਾਨਤਾ ਨੂੰ ਤੋੜਣ ਲਈ ਆਪਣੇ ਆਪ ਨੂੰ ਨੀਵਿਆਂ ਨਾਲ ਜੋੜਿਆ ਹੈ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥ (ਗੁ.ਗ੍ਰੰ.ਸਾ.੧੫)

ਉਕਤ ਸਮਾਨਤਾ ਦੀ ਧਾਰਨਾ ਤੋਂ ਸਪਸ਼ਟ ਹੋਇਆ ਕਿ ਸਿਖ ਧਰਮ ਵਿਚ ਵਿਸ਼ਵ ਭਾਈਚਾਰੇ ਦੀਆਂ ਅਨੇਕਾਂ ਸੰਭਾਵਨਾਵਾਂ ਪਈਆਂ ਹਨ।

**6.8 ਸਾਰ**

ਉਕਤ ਪਾਠ ਵਿਚ ਅਸੀਂ ਭਰਾਤਰੀਭਾਵ ਦੇ ਸੰਕਲਪ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਜਿਸ ਵਿਚ ਸਿਧਾਂਤਕ ਆਧਾਰ ਗੁਰਬਾਣੀ ਬਣਿਆ ਹੈ। ਭਰਾਤਰੀਭਾਵ ਸੰਸਾਰ ਦੇ ਬੇਹਤਰੀਨ ਸੰਕਲਪਾਂ ਵਿਚੋਂ ਇਕ ਹੈ। ਇਹ ਮਾਨਵੀ ਸਾਂਝ, ਭਾਈਚਾਰਾ, ਭਰੱਪਰ ਜਿਹੇ ਵਿਸ਼ਿਆਂ ਨੂੰ ਆਪਣਾ ਕੇਂਦਰ ਬਣਾਉਂਦਾ ਹੈ। ਇਹ ਸੰਕਲਪ ਇਸ ਧਾਰਨਾ ਵੱਲ ਸੰਕੇਤ ਕਰਦਾ ਹੈ, ਕਿ ਸਾਰੇ ਮਨੁੱਖ ਆਪਸ ਵਿਚ ਭਰਾਵਾਂ ਵਾਂਗ ਹਨ। ਇਸ ਸੰਕਲਪ ਨਾਲ ਏਕਤਾ, ਸ਼ਾਂਤੀ, ਜਰੂਰਤਾਂ ਆਦਿ ਦੀ ਭਰਪਾਈ ਹੁੰਦੀ ਹੈ। ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸਿਖ ਸੰਸਥਾਵਾਂ ਭਾਈਚਾਰੇ ਦਾ ਪ੍ਰਤੀਕ ਹਨ।

**6.9 ਹਵਾਲਾ ਪੁਸਤਕਾਂ**


- ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.
- ਨਰਿੰਦਰ ਕੌਰ ਭਾਟੀਆ, ਜਸਵਿੰਦਰ ਕੌਰ ਢਿੱਲੋਂ, ਪ੍ਰਮੁੱਖ ਸਿੱਖ ਸੰਸਥਾਵਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ.
- ਤੇਜਾ ਸਿੰਘ (ਪ੍ਰਿੰ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.
- ਪੰਜਾਬੀ ਪੀਡੀਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ.
- P.M. Bakshi, *The Constitution of India,* lexis Nexis, Gurgaon, Haryana, 2018.

- Sudarshan Singh (Dr.), *Sikh Religion: Democratic Ideas and Institutions,* Singh Brothers, Amritsar.
- https://dictionary.cambridge.org/dictionary/english/fraternity
- https://www.collinsdictionary.com/dictionary/english/fraternity